M.A. SEMESTER II Punjabi Sahit Da Ithaas (1800 ONWARD) COURSE NO. : Pbi204

# ਡਾਇਰੈਕਟੋਰੇਟ ਆਫ਼ ਡਿਸਟੈਂਸ ਐਂਡ ਔਨਲਾਈਨ ਐਜੂਕੇਸ਼ਨ

## Directorate of Distance & Online Education

## ਯੂਨੀਵਰਸਿਟੀ ਆਫ਼ ਜੰਮੂ, ਜੰਮੂ

University of Jammu, Jammu

## ਪਾਠ ਸਮੱਗਰੀ

## STUDY MATERIAL

## M.A. SEMESTER II

## ਐਮ. ਏ. ਸੈਮੈਸਟਰ II

## SESSION : 2023 ONWARDS

| | | |
|---|---|---|
| **Subject : Punjabi** | | **Unit : I-IV** |
| ਵਿਸ਼ਾ : ਪੰਜਾਬੀ | **ਪੰਜਾਬੀ ਸਾਹਿਤ ਦਾ ਇਤਿਹਾਸ (1800 ਤੋਂ ਅੱਗੇ)** | ਯੂਨਿਟ : I-IV |
| **Course No. : Pbi204** | | **Lesson No. : 1-16** |
| ਕੋਰਸ ਨੰਬਰ : ਪੀ ਬੀ ਆਈ204 | | ਲੈਸਨ ਨੰ. : 1-16 |


ਡਾ. ਰਾਜਬੀਰ ਸਿੰਘ ਸੋਢੀ

**Dr. RAJBER SINGH SODHI**

ਕੋਰਸ ਕੋਆਰਡੀਨੇਟਰ

*Course Coordinator*



ਇਸ ਅਧਿਐਨ ਸਮੱਗਰੀ ਦਾ ਲੇਖਕ/ਕਾਪੀਰਾਈਟ ਡਿਸਟੈਂਸ ਐਜੂਕੇਸ਼ਨ ਡਾਇਰੈਕਟੋਰੇਟ ਹੈ,
ਜੰਮੂ ਯੂਨੀਵਰਸਿਟੀ, ਜੰਮੂ-180006 ਦੇ ਕੋਲ ਸੁਰੱਖਿਅਤ ਹੈ।



*http ://www.distanceeducationju.in*

*Printed and published on behalf of the Directorate of Distance & Online Education, University of Jammu, Jammu by the Director, DD&OE, University of Jammu, Jammu*

M.A. Semester II **PUNJABI SAHIT DA ITIHAAS (1800 onward)** Course No. Pbi204


- ***COURSE CONTRIBUTOR :***
  **Dr. Mamta Rani**
  **P.G. Deptt. Punjabi**
  **Universityof Jammu**

- ***CONTENT EDITING/FORMATE READING :***
  **Prof. Baljeet Kour**
  Convenor/H.O.D Punjabi
  P.G. Deptt. Punjabi
  **Dr. Rajber Singh Sodhi**
  Assistant Professor
  DD&OE
  University of Jammu



© Directorate of Distance & Online Education, University of Jammu, 2024.

- All rights reserved. No part of this work may be reproduced in any form, by mimeograph or any other means, without permission in writing from the DD&OE, University of Jammu.
- The script writer shall be responsible for the lesson/script submitted to the DD&OE and any plagiarism shall be his/her entire responsibility.



- ***Print by : Ajanta Art Press / 2024 / 100***

# ਤਤਕਰਾ


**ਯੂਨਿਟ-I**

1. ਰਣਜੀਤ ਸਿੰਘ ਕਾਲ (1801 ਈ. ਤੋਂ 1860 ਈ. ਤੱਕ) ਸਮੁੱਚੇ ਸਾਹਿਤ ਦਾ ਸਰਵੇਖਣ ਤੇ ਵਿਸ਼ੇਸ਼ਤਾਵਾਂ 2
2. ਰਣਜੀਤ ਸਿੰਘ ਕਾਲ ਕਿੱਸਾ ਸਾਹਿਤ ਦਾ ਸਰਵੇਖਣ ਅਤੇ ਵਿਸ਼ੇਸ਼ਤਾਵਾਂ 7
3. ਸੂਫ਼ੀ ਸਾਹਿਤ ਦਾ ਸਰਵੇਖੇਖਣ ਤੇ ਵਿਸ਼ੇਸ਼ਤਾਵਾਂ 14

**ਯੂਨਿਟ-II**

4. ਆਧੁਨਿਕਤਾ ਅਤੇ ਆਧੁਨਿਕ ਬੋਧ 20
5. ਮੱਧਕਾਲੀ ਅਤੇ ਆਧੁਨਿਕ ਬੋਧ ਵਿਚ ਅੰਤਰ 28
6. ਸਿੰਘ ਸਭਾ ਲਹਿਰ 33
7. ਕੂਕਾ ਲਹਿਰ 38
8. ਈਸਾਈ ਮਿਸ਼ਨਰੀ ਲਹਿਰ 42

**ਯੂਨਿਟ-III**

9. ਆਧੁਨਿਕ ਪੰਜਾਬੀ ਕਵਿਤਾ 47
10. ਸਫ਼ਰਨਾਮਾ 56
11. ਸਵੈ ਜੀਵਨੀ 60
12. ਰੇਖਾ ਚਿੱਤਰ 64
13. ਜੀਵਨੀ 67

**ਯੂਨਿਟ-IV**

14. ਆਧੁਨਿਕ ਪੰਜਾਬੀ ਨਾਵਲ 70
15. ਕਹਾਣੀ 77
16. ਨਾਟਕ 83
17. ਰੰਗ ਮੰਚ 89

# ੧. ਰਣਜੀਤ ਸਿੰਘ ਕਾਲ (੧੮੦੧ ਈ. ਤੋਂ ੧੮੬੦ ਈ. ਤੱਕ)
# ਸਮੁੱਚੇ ਸਾਹਿਤ ਦਾ ਸਰਵੇਖਣ ਤੇ ਵਿਸ਼ੇਸ਼ਤਾਵਾਂ

**Structure :**

1.1 Objective (ਉਦੇਸ਼)
1.2 Introduction (ਜਾਣ-ਪਛਾਣ)
1.3 Content Section (ਵਿਸ਼ਾ ਪੱਖ)
1.4 Summary (ਨਿਸ਼ਕਰਸ਼)
1.5 Glossary (ਔਖੇ ਸ਼ਬਦਾਂ ਦੇ ਅਰਥ)
1.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)
1.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)
1.8 Suggested Reading ( ਸਹਾਇਕ ਪੁਸਤਕ ਸੂਚੀ)

## 1.1 Objective (ਉਦੇਸ਼)

-ਇਸ ਅਧਿਆਇ ਵਿਚ ਵਿਦਿਆਰਥੀਆਂ ਨੂੰ ਰਣਜੀਤ ਸਿੰਘ ਕਾਲ ਦੇ ਸਮੁੱਚੇ ਸਾਹਿਤ ਨਾਲ ਰੂ-ਬ-ਰੂ ਕਰਵਾਇਆ ਜਾਵੇਗਾ।

-ਰਣਜੀਤ ਸਿੰਘ ਕਾਲ ਦੀਆਂ ਵੱਖ-ਵੱਖ ਸਾਹਿਤ ਕਾਵਿ ਧਾਰਾਵਾਂ ਜਿਵੇਂ ਸੂਫ਼ੀ ਕਾਵਿ ਧਾਰਾ, ਕਿੱਸਾ ਕਾਵਿ ਧਾਰਾ, ਪ੍ਰੇਮ ਭਗਤੀ ਕਾਵਿ ਧਾਰਾ. ਵੀਰ ਕਾਵਿ ਧਾਰਾ ਅਤੇ ਵਾਰਤਕ ਕਾਵਿ ਧਾਰਾ ਦਾ ਅਧਿਐਨ ਕੀਤਾ ਜਾਵੇਗਾ।

## 1.2 Introduction (ਜਾਣ-ਪਛਾਣ)

ਰਣਜੀਤ ਸਿੰਘ ਕਾਲ ਦਾ ਸਮਾਂ 1800-1850 ਤੱਕ ਦਾ ਹੈ। ਇਸ ਕਾਲ ਨੂੰ ‘ਸਿੱਖ ਰਾਜ ਕਾਲ’ ਵੀ ਕਿਹਾ ਜਾਂਦਾ ਹੈ। ਇਹ ਕਾਲ ਸਮੁੱਚੇ ਪੰਜਾਬ ਲਈ ਅਮਨ ਅਤੇ ਚੈਨ ਦਾ ਕਾਲ ਸੀ। ਮੁਗ਼ਲ ਕਾਲ ਦੇ ਖਾਤਮੇ ਨਾਲ ਸਮੁੱਚੇ ਪੰਜਾਬ ਦਾ ਰਾਜ ਪ੍ਰਬੰਧ ਮਹਾਰਾਜਾ ਰਣਜੀਤ ਸਿੰਘ ਦੇ ਕਬਜ਼ੇ ਵਿਚ ਆ ਗਿਆ। ਸਿੱਖ ਜਰਨੈਲਾਂ ਅਤੇ ਸਰਦਾਰਾਂ ਨੂੰ ਵੱਡੀਆਂ-ਵੱਡੀਆਂ ਜਾਗੀਰਾਂ ਮਿਲ ਗਈਆਂ। ਵਿਹਲੇ ਸਮੇਂ ਆਪਣੇ ਮੰਨ ਪ੍ਰਚਾਵੇ ਲਈ ਉਹ ਕਵੀ ਦਰਬਾਰ ਲਗਾਉਂਦੇ ਅਤੇ ਇਨਾਮ ਵੀ ਦਿੰਦੇ। ਉਨ੍ਹਾਂ ਦੀ ਇਸ ਖੁੱਲ੍ਹਦਿਲੀ ਕਾਰਨ ਇਸ ਕਾਲ ਵਿਚ ਵੱਖ-ਵੱਖ ਸਾਹਿਤ ਰੂਪ ਵਿਗਸੇ ਅਤੇ ਪ੍ਰਫੁੱਲਿਤ ਹੋਏ। ਇਸ ਕਾਲ ਵਿਚ ਕਿੱਸਾ ਸਾਹਿਤ ਬਾਕੀ ਸਾਹਿਤ ਰੂਪਾਂ ਦੇ ਵਧੇਰੇ ਵਿਕਸਿਤ ਹੋਇਆ।

## 1.3 Content Section (ਵਿਸ਼ਾ ਪੱਖ)

**ਸਮੁੱਚੇ ਸਾਹਿਤ ਦਾ ਸਰਵੇਖਣ ਤੇ ਵਿਸ਼ੇਸ਼ਤਾਵਾਂ :** ਰਣਜੀਤ ਸਿੰਘ ਕਾਲ ਵਿਚ ਰਾਜਨੀਤਿਕ 'ਤੌਰ ਤੇ ਬਹੁਤ ਸਾਰੀ ਉਥਲ-ਪੁਥਲ ਹੋਈ। ਇਸ ਕਾਲ ਵਿਚ ਭਾਵੇਂ ਅੰਤਿਮ ਰੂਪ ਵਿਚ ਸਿੱਖਾਂ ਦੀ ਚੜ੍ਹਤ ਹੋਈ ਹੈ ਪਰੰਤੂ ਇਸ ਦੌਰਾਨ ਜਿਸ ਸੰਘਰਸ਼ ਵਿਚੋਂ ਸਿੱਖ ਗੁਜਰੇ ਹਨ ਉਸ ਦੀ ਦਾਸਤਾਨ ਵੀ ਕਾਫ਼ੀ ਦੁਖਦਾਈ ਹੈ।

ਡਾ. ਰਤਨ ਸਿੰਘ ਜੱਗੀ ਅਨੁਸਾਰ ਇਤਿਹਾਸਕ ਦ੍ਰਿਸ਼ਟੀ ਤੋਂ ਇਸ ਕਾਲ ਵਿਚ ਨਵਾਂ ਜਨਤਕ ਅੰਦੋਲਨ ਸਿੱਖ ਮਿਸਲਾਂ ਦੇ ਰੂਪ ਵਿਚ ਬਲਵਾਨ ਹੋ ਰਿਹਾ ਸੀ ਅਤੇ ਹੌਲੀ-ਹੌਲੀ ਉਸ ਨੇ ਸਾਰੀ ਤਾਕਤ ਹੱਥਿਆ ਲਈ ਸੀ। ਇਸਦਾ ਪ੍ਰਭਾਵ ਉਸ ਸਮੇਂ ਦੇ ਮੁਸਲਮਾਨ ਸਾਹਿਤਕਾਰਾਂ ਉੱਤੇ ਪਇਆ। ਇਸ ਕਾਲ ਦੇ ਲਗਾਤਾਰ ਸੰਘਰਸ਼ਾਂ ਅਤੇ ਯੁੱਧਾਂ ਤੋਂ ਪ੍ਰਭਾਵਿਤ ਹੋ ਕੇ ਵੀਰ ਰਸੀ ਸਾਹਿਤ ਜ਼ਿਆਦਾ ਲਿਖਿਆ ਗਿਆ ਕਿਉਂਕਿ ਉਸ ਸਮੇਂ ਦੇ ਲੋਕਾਂ ਦੇ ਸੁਭਾਅ ਦੀ ਨੁਹਾਰ ਹੀ ਅਜਿਹੀ ਸੀ।

ਇਸ ਕਾਲ ਦੌਰਾਨ ਜਿਹੜਾ ਸਾਹਿਤ ਪ੍ਰਾਪਤ ਹੋਇਆ ਉਸ ਦੀਆ ਧਾਰਾਵਾਂ ਨੂੰ ਵਿਦਵਾਨਾਂ ਨੇ ਵੱਖ-ਵੱਖ ਨਾਂ ਦਿੱਤੇ ਹਨ। ਇਸ ਕਾਲ ਵਿਚ ਰਚੇ ਸਾਹਿਤ ਨੂੰ ਹੇਠ ਲਿਖੀਆਂ ਧਾਰਾਵਾਂ ਅਧੀਨ ਵਿਚਾਰਿਆ ਜਾ ਸਕਦਾ ਹੈ:

1. ਸੂਫ਼ੀ ਕਾਵਿ ਧਾਰਾ
2. ਕਿੱਸਾ ਕਾਵਿ ਧਾਰਾ
3. ਪ੍ਰੇਮ ਭਗਤੀ ਕਾਵਿ ਧਾਰਾ
4. ਵੀਰ ਕਾਵਿ ਧਾਰਾ
5. ਵਾਰਤਕ ਕਾਵਿ ਧਾਰਾ

ਹੇਠਾਂ ਅਸੀਂ ਇਨ੍ਹਾਂ ਧਾਰਾਵਾਂ ਅਧੀਨ ਰਚੇ ਗਏ ਸਾਹਿਤ ਦਾ ਸਰਵੇਖਣ ਕਰ ਰਹੇ ਹਾਂ :

ਦੇਖੋ ਪੰਨਾ ਨੰ 8 ਤੋਂ 20

**3. ਪ੍ਰੇਮ ਭਗਤੀ ਕਾਵਿ ਧਾਰਾ :** ਇਸ ਕਾਲ ਦੌਰਾਨ ਪ੍ਰੇਮ ਭਗਤੀ ਸਾਹਿਤ ਵੀ ਰਚਿਆ ਗਿਆ ਅਤੇ ਇਸ ਵਿਚ ਹਿੰਦੂ, ਸਿੱਖ ਅਤੇ ਮੁਸਲਮਾਨ ਕਵੀਆਂ ਨੇ ਆਪਣੇ-ਆਪਣੇ ਢੰਗ ਨਾਲ ਹਿੱਸਾ ਪਾਇਆ। ਹਿੰਦੂ-ਸਿੱਖ ਕਵੀਆਂ ਅੰਦਰ ਸੰਤ ਰੇਣ, ਸੁੰਦਰ ਦਾਸ, ਭਾਈ ਦਿਆਲ ਸਿੰਘ, ਗੁਰਦਾਸ ਸਿੰਘ, ਮਸਤ ਰਾਮ, ਕੇਸਰ ਸਿੰਘ ਆਦਿ ਸ਼ਾਮਿਲ ਹਨ।

ਮੁਸਲਮਾਨ ਕਵੀਆਂ ਦੁਵਾਰਾ ਰਚੇ ਇਸਲਾਮੀ ਕਾਵਿ ਵਿਚ ਖ਼ੁਆਜਾ ਫ਼ਰਦ ਫ਼ਕੀਰ, ਕਾਦਰ ਬਖ਼ਸ਼ ਬੇਦਿਲ, ਗ਼ੁਲਾਮ ਨਾਦਰ ਸ਼ਾਹ ਆਦਿ ਨੇ ਆਪਣਾ-ਆਪਣਾ ਹਿੱਸਾ ਪਾਇਆ ਅਤੇ ਪੰਜਾਬੀ ਸਾਹਿਤ ਨੂੰ ਮਾਲਾ-ਮਾਲ ਕੀਤਾ।

ਇਸ ਕਾਲ ਦੀਆਂ ਹੋਰ ਪ੍ਰਾਪਤੀਆਂ ਵਿਚ ਖੁਸ਼ਹਾਲ ਰਾਏ ਦੇ ਪਦੇ ਅਤੇ ਦਰਸ਼ਨ ਭਗਤ ਦੀ ਵਾਰ ਸ਼ਾਮਿਲ ਹਨ। ਬਿਰਹਾ ਕਾਵਿ ਵੀ ਵਧੀਆਂ ਦਰਜੇ ਦਾ ਮਿਲਦਾ ਹੈ।

ਡਾ. ਸੀਤਲ ਨੇ ਪ੍ਰੇਮ ਭਗਤੀ ਕਾਵਿ ਨੂੰ ਹੇਠ ਲਿਖੇ ਸਿਰਲੇਖ ਅਧੀਨ ਵਿਚਾਰਿਆ ਹੈ, ਉਹ ਹਨ :

ਇਸਲਾਮੀ ਕਾਵਿ

ਰਾਮ ਕਾਵਿ

ਕ੍ਰਿਸ਼ਨ ਕਾਵਿ

ਗੁਰੂ ਮਹਿਮਾ ਕਾਵਿ

**4. ਵੀਰ ਕਾਵਿ ਧਾਰਾ :** 18ਵੀਂ ਸਦੀ ਦੌਰਾਨ ਪਹਿਲਾਂ ਚਲ ਰਹੀ ਬੀਰ ਰਸੀ ਵਾਰਾਂ ਦੀ ਪ੍ਰਥਾ ਨੂੰ ਕਾਇਮ ਰੱਖਿਆ ਗਿਆ ਅਤੇ ਇਸ ਕਾਲ ਦੌਰਾਨ ਕਈ ਵਾਰਾਂ ਅਤੇ ਜੰਗਨਾਮੇ ਲਿਖੇ ਗਏ।

ਵਾਰਾਂ ਅੰਦਰ ਨਜਾਬਤ ਦੀ ਵਾਰ, ਗੁਰੂ ਗੋਬਿੰਦ ਸਿੰਘ ਜੀ ਦੀ ਵਾਰ, ਗੁਰਦਾਸ ਸਿੰਘ ਕਵੀ ਦੀ ਵਾਰ, ਪਾਤਿਸ਼ਾਹੀ ਦਸਵੀਂ ਕੀ, ਚੱਠਿਆਂ ਦੀ ਵਾਰ ਆਦਿ ਸ਼ਾਮਿਲ ਹਨ।

ਜਸ਼ੋਧਾ ਨੰਦਨ ਤੇ ਦੇਵੀ ਦਾਸ ਦੋਨਾਂ ਨੇ ਹੀ ਲਵ-ਕੁਸ਼ ਦੀ ਵਾਰ ਲਿਖੀ ਹੈ, ਜਸ਼ੋਧਾ ਨੰਦਨ ਦੀ ਲਿਖੀ ਲਵ-ਕੁਸ਼ ਦੀ ਵਾਰ ਵਧੇਰੇ ਲੋਕ-ਪ੍ਰਿਯ ਹੈ ਅਤੇ ਇਸ ਨੂੰ ਪਹਿਲੀ ਨਾਲੋਂ ਵਧੀਆਂ ਮੰਨਿਆ ਜਾਂਦਾ ਹੈ। ਇਸ ਵਿਚ ਪਉੜੀ ਛੰਦ ਦੀ ਵਰਤੋਂ ਕਵੀ ਨੇ ਪ੍ਰਵੀਨਤਾ ਨਾਲ ਕੀਤੀ ਹੈ। ਚੱਠਿਆ ਦੀ ਵਾਰ ਵੀ ਇਕ ਵਧੀਆ ਰਚਨਾ ਮੰਨੀ ਗਈ ਹੈ। ਇਹ ਵਾਰ ਮੁਸਲਮਾਨ ਕਵੀ ਪੀਰ ਮੁਹੰਮਦ ਦੀ ਰਚਨਾ ਹੈ। ਇਹ ਵਾਰ ਆਪਣੇ ਆਪਣੇ ਸਮੇਂ ਵਿਚ ਬਹੁਤ ਪ੍ਰਸਿੱਧ ਹੋਈ। ਕਵੀ ਮੁਹੰਮਦ ਨੇ ਵੀ ਇਸ ਦੀ ਪ੍ਰਸੰਸਾ ਕੀਤੀ ਹੈ।

ਨਜਾਬਤ ਦੀ ਵਾਰ ਬਾਰੇ ਪ੍ਰੋ. ਜੀ. ਐਲ. ਸ਼ਰਮਾ ਦੀ ਧਾਰਨਾ ਹੈ ਕਿ ਇਹ ਪੰਜਾਬੀ ਵਾਰ ਸਾਹਿਤ ਦੀ ਇਕ ਸਰਵੋਤਮ ਵਾਰ ਹੈ। ਇਸ ਵਿਚ ਕਵੀ ਨੇ ਮੁਹੰਮਦ ਸ਼ਾਹ ਦੇ ਦਰਬਾਰੀਆਂ ਦੀ ਫੁੱਟ ਦੇ ਕਾਰਨਾਂ, ਤੁਰਾਨੀਆਂ ਦੀ ਗੱਦਾਰੀ ਤੇ ਉਹਨਾਂ ਦੀ ਨਾਦਰ ਸ਼ਾਹ ਨਾਲ ਮਿਲੀ-ਭੁਗਤ ਦਰਸਾ ਕੇ ਸੁਆਮੀ ਭਗਤ ਅਮੀਰਾਂ ਦੀ ਆਪਣੇ ਮਾਲਕ ਲਈ ਕੁਰਬਾਨੀ ਦਿਖਾਈ। ਵਾਰ ਕਾਵਿਕ ਖੂਬੀਆਂ ਨਾਲ ਭਰਪੂਰ ਹੈ।

**ਜੰਗਨਾਮੇ :** ਇਸ ਕਾਲ ਦੌਰਾਨ ਬਹੁਤ ਸਾਰੇ ਜੰਗਨਾਮੇ ਵੀ ਲਿਖੇ ਗਏ। ਇਹ ਮੁਸਲਮਾਨ ਕਵੀ ਹਜ਼ਰਤ ਇਮਾਮ ਹੁਸੈਨ ਅਤੇ ਹਜ਼ਰਤ ਇਮਾਮ ਹੁਸਨ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਲਿਖਦੇ ਸਨ। ਮੁਕਬਲ, ਹਾਮਦ ਤੇ ਅਜ਼ੀਮ ਦੁਆਰਾ ਲਿਖੇ ਜੰਗਨਾਮੇ ਵਧੇਰੇ ਪ੍ਰਸਿੱਧ ਹਨ।

5. **ਵਾਰਤਕ ਕਾਵਿ ਧਾਰਾ :** ਪੰਜਾਹ ਸਾਲ ਦੇ ਇਸ ਕਾਲ-ਖੰਡ ਵਿਚ ਵਾਰਤਕ ਦੀ ਕੋਈ ਮਹੱਤਵਪੂਰਨ ਰਚਨਾ ਨਹੀਂ ਹੋਈ। 17ਵੀਂ ਅਤੇ ਅਠਾਰ੍ਹਵੀਂ ਸਦੀਆਂ ਵਿਚ ਪੰਜਾਬੀ ਵਾਰਤਕ ਜਿਸ ਗੌਰਵਮਈ ਸ਼ਿਖਰ ਨੂੰ ਛੋਹ ਚੁੱਕੀ ਸੀ, ਉਸ ਦੇ ਲੇਸ਼-ਮਾਤਰ ਦਰਸ਼ਨ ਵੀ ਇਸ ਕਾਲ ਵਿਚ ਨਹੀਂ ਹੁੰਦੇ। ਉਂਝ ਕੁਝ ਕੁ ਰਚਨਾਵਾਂ ਜ਼ਰੂਰ ਮਿਲਦੀਆਂ ਹਨ ਪਰ ਸਾਹਿਤਕ ਦੇ ਪੱਖ ਤੋਂ ਉਹ ਕਮਜ਼ੋਰ ਹਨ। ਫਿਰ ਵੀ ਵਾਰਤਕ ਦੀਆਂ ਕੁਝ ਕੁ ਵੰਨਗੀਆਂ ਉਤੇ ਇੱਥੇ ਪ੍ਰਕਾਸ਼ ਪਾਉਣਾ ਉਚਿਤ ਹੋਵੇਗਾ।

**ਸਾਖੀਆਂ :** ਇਸ ਕਾਲ ਵਿਚ 1823 ਈ. ਦੇ ਨੇੜੇ-ਤੇੜੇ ਲਿਖੇ ਗਏ 'ਮਾਲਵੇ ਦੇਸ਼ਾਟਨ ਦੀ ਸਾਖੀ ਪੱਖੀ' ਵਿਸ਼ੇਸ਼ ਉਲੇਖਯੋਗ ਹੈ। ਇਸ ਦੇ ਲੇਖਕ ਦਾ ਪਤਾ ਨਹੀਂ ਚਲਦਾ। ਡਾ. ਹਰਨਾਮ ਸਿੰਘ ਸ਼ਾਨ ਅਨੁਸਾਰ ਇਹ ਸਾਧੂ ਦਿਆਲ ਦਾਸ ਦੀ ਰਚਨਾ ਹੈ।

ਇਸ ਵਿਚ ਵਰਣਿਤ ਕੁਲ 118 ਸਾਖੀਆਂ ਵਿਚੋਂ 38 ਦਾ ਸੰਬੰਧ ਗੁਰੂ ਤੇਗ ਬਹਾਦਰ ਜੀ ਦੇ ਨਾਲ ਹੈ ਅਤੇ ਬਾਕੀ 80 ਗੁਰੂ ਗੋਬਿੰਦ ਸਿੰਘ ਜੀ ਦੇ ਬਾਰੇ ਹਨ। ਇਹ ਮਾਲਵੀ ਉਪਭਾਖਾ ਵਿਚ ਲਿਖਿਆ ਗਿਆ ਹੈ।

**ਟੀਕੇ :** ਇਸ ਕਾਲ ਵਿਚ ਵੀ ਬਾਣੀ ਦੇ ਕੁਝ ਟੀਕੇ ਲਿਖੇ ਗਏ। 1902 ਈ. ਵਿਚ ਸੁਆਮੀ ਆਨੰਦਘਨ ਨੇ ਅਨੰਦ ਸਾਹਿਬ ਦਾ ਟੀਕਾ ਕਾਸ਼ੀ ਵਿਚ ਲਿਖਿਆ ਸੀ।

ਇਸ ਕਾਲ ਦਾ ਦੂਜਾ ਮਹੱਤਵਪੂਰਨ ਟੀਕਾ ਭਾਈ ਸੰਤੋਖ ਸਿੰਘ ਜੀ ਨੇ 'ਗਰਬ ਗੰਜਨੀ' ਟੀਕਾ ਰਚਿਆ ਸੀ।

ਇਨ੍ਹਾਂ ਟੀਕਿਆਂ ਤੋਂ ਇਲਾਵਾ ਇਸ ਕਾਲ ਵਿਚ ਸਹਿਸਕ੍ਰਿਤੀ ਸਲੋਕਾ ਉਤੇ ਸੁਖਮਨੀ ਬਾਣੀ ਦੇ ਟੀਕੇ ਵੀ ਕੀਤੇ ਗਏ, ਪਰ ਅਜੇ ਇਹ ਪ੍ਰਕਾਸ਼ਿਤ ਨਹੀਂ ਹੋਏ। ਸਪੱਸ਼ਟ ਹੈ ਕਿ ਇਸ ਕਾਲ ਵਿਚ ਰਚੇ ਗਏ ਬਾਣੀ ਦੇ ਟੀਕਿਆਂ ਵਿਚ ਅਧਿਕਤਰ ਬ੍ਰਜ-ਪੰਜਾਬੀ ਮਿਲੀ-ਜੁਲੀ ਭਾਸ਼ਾ ਵਰਤੀ ਗਈ ਹੈ।

**ਅਨੁਵਾਦ :** ਇਸ ਕਾਲ ਵਿਚ ਕਵੀ ਰਾਮ ਨੇ ਅਬੁਲ ਫ਼ਜ਼ਲ ਦੁਆਰਾ ਲਿਖੇ 'ਅਕਬਰਨਾਮਾ' ਦਾ 1923 ਈ. ਵਿਚ ਸੁਮਤਿ ਪ੍ਰਕਾਸ਼ ਨਾਂ ਅਧੀਨ ਪੰਜਾਬੀ ਵਿਚ ਅਨੁਵਾਦ ਕੀਤਾ। ਇਸ ਵਿਚ ਫ਼ਾਰਸੀ ਅਤੇ ਬ੍ਰਜ ਭਾਸ਼ਾ ਦਾ ਪ੍ਰਭਾਵ ਸਪੱਸ਼ਟ ਹੈ।

'ਸੁਨੀਤਿ ਪ੍ਰਕਾਸ਼' 1820 ਦੇ ਕਰੀਬ-ਕਰੀਬ ਅਨੁਵਾਦਿਤ ਫ਼ਾਰਸੀ ਦੀ ਪ੍ਰਸਿੱਧ ਰਚਨਾ 'ਇਖਲਾਕਿ ਮੋਹਸਨੀਨ' ਦਾ ਉਲਥਾਇਆ ਹੋਇਆ ਰੂਪ ਹੈ। ਇਸ ਵਿਚ ਸਰਲ ਅਤੇ ਸਪੱਸ਼ਟ ਪੰਜਾਬੀ ਵਰਤੀ ਗਈ ਹੈ ਅਤੇ ਵਾਕ ਬੜੇ ਨਿੱਕੇ-ਨਿੱਕੇ ਅਤੇ ਇਕਹਿਰੇ ਹਨ।

'ਭਾਗਵਤ ਗੀਤਾ' ਨੂੰ ਸਿਆਲਕੋਟ ਦੇ ਰਹਿਣ ਵਾਲੇ ਫ਼ਕੀਰ ਨੂਰ ਸ਼ਾਹ ਨੇ ਸੰਸਕ੍ਰਿਤ ਤੋਂ ਫ਼ਾਰਸੀ ਵਿਚ ਹੋ ਚੁੱਕੇ ਅਨੁਵਾਦ ਦਾ ਅਨੁਵਾਦ ਕੀਤਾ ਹੈ। ਇਸ ਦੀ ਵਾਰਤਕ ਉਤੇ ਫ਼ਾਰਸੀ ਤੋਂ ਇਲਾਵਾ ਉਰਦੂ ਉਤੇ ਖੜੀ ਬੋਲੀ ਦਾ ਪ੍ਰਭਾਵ ਵਿਸ਼ੇਸ਼ ਉਲੇਖਯੋਗ ਹੈ।

**ਜ਼ਫਰਨਾਮਾ :** ਪੰਜਾਬ ਸਿੰਘ ਬਹਿਲੋ ਦੁਆਰਾ 'ਜ਼ਫ਼ਰਨਾਮਾ' ਦਾ ਫ਼ਾਰਸੀ ਤੋਂ ਪੰਜਾਬੀ ਵਿਚ ਉਲਥਾ ਕੀਤਾ ਹੈ। ਇਸ ਦੀ ਬੋਲੀ ਸਰਲ ਪੰਜਾਬੀ ਅਤੇ ਮਲਵਈ ਉਪ-ਭਾਖਾ ਤੋਂ ਵਿਸ਼ੇਸ਼ ਰੂਪ ਵਿਚ ਪ੍ਰਭਾਵਿਤ ਹੈ।

'ਆਇਨੇ ਅਕਬਰੀ' ਨੂੰ ਭਾਈ ਮਹਿਤਾਬ ਸਿੰਘ ਸ਼ੇਰੂਵਾਲਾ ਨੇ 1828 ਈ. ਵਿਚ ਅਨੁਵਾਦਿਤ ਕੀਤਾ।

ਫ਼ਾਰਸੀ ਪੁਸਤਕਾਂ ਤੋਂ ਇਲਾਵਾ ਸੰਸਕ੍ਰਿਤ ਪੁਸਤਕਾਂ ਦਾ ਵੀ ਪੰਜਾਬੀ ਵਿਚ ਅਨੁਵਾਦ ਕੀਤਾ ਗਿਆ. ਭਾਵੇਂ ਕੋਈ ਮਹੱਤਵਪੂਰਨ ਅਨੁਵਾਦਿਤ ਰਚਨਾ ਨਹੀਂ ਹੋਈ, ਫਿਰ ਵੀ ਕੁਝ ਯਤਨ ਅਵੱਸ਼ ਹੋਏ ਹਨ।

ਇਸ ਤੋਂ ਇਲਾਵਾ ਅੰਗ੍ਰੇਜ਼ੀ ਤੋਂ ਵੀ ਅਨੁਵਾਦ ਕਰਨ ਦੀ ਪਿਰਤ ਪਈ ਜਿਸਦਾ ਪ੍ਰਭਾਵ ਈਸਾਈ ਮਿਸ਼ਨਰੀ ਤੋਂ ਆਇਆ।

ਸਮੁੱਚੇ ਤੌਰ ਤੇ ਇਸ ਕਾਲ ਦੀ ਵਾਰਤਕ ਵਿਚ ਪ੍ਰੰਪਰਾਗਤ ਸਾਖੀ ਸਾਹਿਤ ਦੀ ਇਕ ਰਚਨਾ ਤੋਂ ਇਲਾਵਾ ਕਈ ਬਾਣੀਆਂ ਦੇ ਟੀਕੇ ਵੀ ਮਿਲਦੇ ਹਨ ਅਤੇ ਫ਼ਾਰਸੀ ਸੰਸਕ੍ਰਿਤ ਅਤੇ ਅੰਗ੍ਰੇਜ਼ੀ ਦੀਆਂ ਰਚਨਾਵਾਂ ਨੂੰ ਵੀ ਪੰਜਾਬੀ ਵਿਚ ਉਲਥਾਇਆ ਗਿਆ ਹੈ, ਪਰ ਇਨ੍ਹਾਂ ਰਚਨਾਵਾਂ ਵਿਚ ਸਾਹਿਤਕ ਗੁਣ ਘੱਟ ਹਨ।

## 1.4 Summary (ਨਿਸ਼ਕਰਸ਼) :

ਨਿਸ਼ਕਰਸ਼ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਰਣਜੀਤ ਸਿੰਘ ਕਾਲ ਵਿਚ ਬੋਲਦੀ ਪਾਬੰਦੀ ਨਾ ਹੋਣ ਕਾਰਨ ਵੱਖ-ਵੱਖ ਸਾਹਿਤਕਾਰਾਂ ਨੇ ਵੱਖ-ਵੱਖ ਸਾਹਿਤ ਰੂਪਾਂ ਵਿਚ ਆਪਣੀ ਰਚਨਾ ਰਚੀ। ਰਾਜਨੀਤਿਕ ਤੌਰ ਤੇ ਬਹੁਤ ਸਾਰੀ ਉਥਲ-ਪੁਥਲ ਹੋਣ ਕਾਰਨ ਇਸ ਕਾਲ ਵਿਚ ਵੀਰ ਰਸੀ ਸਾਹਿਤ ਦੀ ਪ੍ਰਧਾਨਤਾ ਰਹੀ।

## 1.5 Glossary (ਔਖੇ ਸ਼ਬਦਾਂ ਦੇ ਅਰਥ)

- **ਨਿਸ਼ਕਰਸ਼** – ਸਾਰ
- **ਉਲਖਾ** – ਅਨੁਵਾਦ
- **ਬਿਰਹਾ** – ਵਿਛੋੜਾ

## 1.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

-ਰਣਜੀਤ ਸਿੰਘ ਕਾਲ ਵਿਚ ਰਚੇ ਗਏ ਸਾਹਿਤ ਰੂਪ ਦਾ ਵੇਰਵਾ ਪੇਸ਼ ਕਰੋ ?

- ਰਣਜੀਤ ਸਿੰਘ ਕਾਲ ਵਿਚ ਰਚੇ ਸਾਹਿਤ ਦੀ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ ?

## 1.7 Lesson End Exercise, Examination Oriented Questions

(ਅਭਿਆਸ ਅਰਥ ਪ੍ਰਸ਼ਨ)

1. ਰਣਜੀਤ ਸਿੰਘ ਕਾਲ ਦਾ ਸਮਾਂ ਕਦੋਂ ਤੋਂ ਕਦੋਂ ਤੱਕ ਹੈ ?
2. ਰਣਜੀਤ ਸਿੰਘ ਕਾਲ ਦੀਆਂ ਕੋਈ ਪੰਜ ਕਾਵਿ ਧਾਰਾਵਾਂ ਦੇ ਨਾਂ ਦੱਸੋ।
3. ਰਣਜੀਤ ਸਿੰਘ ਕਾਲ ਦੇ ਪ੍ਰਮੁੱਖ ਕਿੱਸਾ ਕਵੀਆਂ ਦੇ ਨਾਂ ਦੱਸੋ।
4. ਰਣਜੀਤ ਸਿੰਘ ਕਾਲ ਦੇ ਸੂਫ਼ੀ ਕਵੀਆਂ ਦੇ ਨਾਂ ਦੱਸੋ।

## 1.8 Suggested Reading ( ਸਹਾਇਕ ਪੁਸਤਕ ਸੂਚੀ)


1. ਡਾ. ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2011
2. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ ਲਾਹੌਰ ਬੁੱਕ ਸ਼ਾਪ, ਲੁਧਿਆਣਾ, 2007
3. ਪ੍ਰੋ. ਬ੍ਰਹਮਜਗਦੀਸ਼ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2007

# ਰਣਜੀਤ ਸਿੰਘ ਕਾਲ (੧੯੦੧-੧੯੬੦)
# ਕਿੱਸਾ ਸਾਹਿਤ ਦਾ ਸਰਵੇਖਣ ਅਤੇ ਵਿਸ਼ੇਸ਼ਤਾਵਾਂ

**Structure :**

2.1 Objective (ਉਦੇਸ਼) :
2.2 Introduction (ਜਾਣ-ਪਛਾਣ)
2.3 Content Section (ਵਿਸ਼ਾ ਪੱਖ)
2.4 Summary (ਨਿਸ਼ਕਰਸ਼)
2.5 Glossary (ਔਖੇ ਸ਼ਬਦਾਂ ਦੇ ਅਰਥ)
2.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)
2.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)
2.8 Suggested Reading ( ਸਹਾਇਕ ਪੁਸਤਕ ਸੂਚੀ)

## 2.1 Objective (ਉਦੇਸ਼)

- ਇਸ ਅਧਿਆਇ ਵਿਚ ਵਿਦਿਆਰਥੀਆਂ ਨੂੰ ਰਣਜੀਤ ਸਿੰਘ ਕਾਲ ਦੇ ਕਿੱਸਾ ਸਾਹਿਤ ਬਾਰੇ ਜਾਣੂ ਕਰਵਾਇਆ ਜਾਏਗਾ।
- ਰਣਜੀਤ ਸਿੰਘ ਕਾਲ ਦੇ ਪ੍ਰਮੁੱਖ ਕਿੱਸਾਕਾਰ ਅਤੇ ਉਨ੍ਹਾਂ ਦੀਆਂ ਸ਼ਾਹਕਾਰ ਰਚਨਾਵਾਂ ਬਾਰੇ ਗਹਿਰਾਈ ਨਾਲ ਅਧਿਐਨ ਕੀਤਾ ਜਾਵੇਗਾ।
- ਇਸ ਕਾਲ ਖੰਡ ਦੇ ਪ੍ਰਮੁੱਖ ਕਿੱਸਾਕਾਰ ਜਿਵੇਂ ਹਾਸ਼ਮ ਸ਼ਾਹ, ਅਹਿਮਦਯਾਰ, ਕਾਦਰਯਾਰ, ਫ਼ਜ਼ਲ ਸਾਹ, ਇਮਾਮ ਬਖ਼ਸ਼, ਸ਼ਾਹ ਮੁਹੰਮਦ, ਮੀਆਂ ਮੁਹੰਮਦ ਬਖ਼ਸ਼ ਦੀ ਕਿੱਸਾ ਸਾਹਿਤ ਨੂੰ ਦੇਣ ਬਾਰੇ ਜਾਣੂ ਕਰਵਾਇਆ ਜਾਏਗਾ।

## 2.2 Introduction (ਜਾਣ-ਪਛਾਣ)

ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਨੂੰ ਰਣਜੀਤ ਸਿੰਘ ਕਾਲ' ਜਾਂ 'ਸਿੱਖ ਰਾਜ ਕਾਲ' ਕਿਹਾ ਜਾਂਦਾ ਹੈ। ਇਸ ਕਾਲ ਵਿਚ ਸਭ ਨਾਲੋਂ ਅਧਿਕ ਜਿਸ ਕਾਵਿ-ਧਾਰਾ ਦਾ ਵਿਕਾਸ ਹੋਇਆ, ਉਹ ਹੈ ਕਿੱਸਾ ਕਾਵਿ ਧਾਰਾ। ਪੰਜਾਬੀ ਵਿਚ ਕਿੱਸਾਕਾਰੀ ਭਾਵੇਂ ਸਤਾਰ੍ਹਵੀਂ ਸਦੀ ਤੋਂ ਆਰੰਭ ਹੋ ਗਈ ਸੀ, ਪਰ ਇਸ ਦਾ ਵਿਕਾਸ 18ਵੀਂ ਸਦੀ ਵਿਚ ਹੀ ਹੋਇਆ। ਇਸ ਕਾਲ ਵਿਚ ਇਹ ਕਾਵਿ-ਧਾਰਾ ਅੱਗੇ ਨਾਲੋਂ ਹੋਰ ਤੇਜ਼ ਹੋ ਕੇ ਚਲੀ, ਕਿਉਂਕਿ

ਸਮੁੱਚੇ ਤੌਰ ਤੇ ਪੰਜਾਬੀ ਵਿਚ ਅਮਨ ਚੈਨ ਦਾ ਰਾਜ ਹੋ ਗਿਆ। ਸਿੱਖ ਜਰਨੈਲਾਂ ਅਤੇ ਸਰਦਾਰਾਂ ਨੂੰ ਵੱਡੀਆਂ-ਵੱਡੀਆਂ ਜਾਗੀਰਾਂ ਮਿਲ ਗਈਆਂ। ਵਿਹਲੇ ਵੇਲੇ ਉਨ੍ਹਾਂ ਦੇ ਮੰਨ ਪ੍ਰਚਾਵੇ ਲਈ ਕਈ ਛੋਟੇ-ਮੋਟੇ ਕਿੱਸਾਕਾਰ ਉਨ੍ਹਾਂ ਦੀ ਸਰਪ੍ਰਸਤੀ ਵਿਚ ਰਹਿਣ ਲਗੇ। ਇਸ ਤਰ੍ਹਾਂ ਇਸ ਕਾਲ ਵਿਚ ਅਧਿਕਤਰ ਕਿੱਸਾ-ਕਾਵਿ ਲਿਖਣ ਵੱਲ ਹੀ ਕਵੀਆਂ ਦੀ ਰੁਚੀ ਰਹੀ। ਇਸ ਕਾਲ ਦੇ ਪ੍ਰਮੁੱਖ ਕਿੱਸਾਕਾਰ ਅਤੇ ਉਨ੍ਹਾਂ ਦੀਆਂ ਸ਼ਾਹਕਾਰ ਰਚਨਾਵਾਂ ਹਨ :

ਹਾਸ਼ਮ ਸ਼ਾਹ. ਦੀ ਸੱਸੀ ਪੁਨੂੰ, ਅਹਿਮਦਯਾਰ ਨੇ ਸਭ ਤੋਂ ਵੱਧ ਕਿੱਸਾ ਲਿਖੇ, ਕਾਦਰਯਾਰ ਦਾ ਪੂਰਨ ਭਗਤ, ਫ਼ਜ਼ਲ ਸ਼ਾਹ ਦਾ ਸੋਹਣੀ ਮਹੀਵਾਲ ਅਤੇ ਮੀਆਂ ਮੁਹੰਮਦ ਬਖ਼ਸ਼ ਨੇ ਸੈਫੁਲ ਮਲੂਕ।

## 2.3 Content Section (ਵਿਸ਼ਾ ਪੱਖ)

1800 ਤੋਂ 1850 ਈ. ਦਾ ਕਾਲ ਖੰਡ ਜਿਸਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ 'ਰਣਜੀਤ ਸਿੰਘ ਕਾਲ' ਕਰਕੇ ਯਾਦ ਕੀਤਾ ਜਾਂਦਾ ਹੈ। ਇਸ ਕਾਲ ਵਿਚ ਹਾਸ਼ਮ ਨੇ ਸ਼ੀਰੀ-ਫਰਿਹਾਦ ਦਾ ਨਵਾਂ ਵਿਦੇਸ਼ੀ ਕਿੱਸਾ ਲਿਆਂਦਾ। ਸੱਸੀ-ਪੁੰਨੂ ਦੇ ਕਿੱਸੇ ਨੂੰ ਇਹ ਮਿਸਰ ਤੱਕ ਲੈ ਲਿਆ, ਉਨ੍ਹਾਂ ਨੇ ਸੋਹਣੀ-ਮਹੀਵਾਲ ਦਾ ਕਿੱਸਾ ਵੀ ਪੰਜਾਬੀ ਵਿਚ ਪਹਿਲੀ ਵਾਰ ਲਿਖਿਆ। ਕੁ਼ਲ ਮਿਲਾ ਕੇ ਉਸਨੇ ਦੋ ਨਵੀਨ ਕਿੱਸੇ ਲਿਖਣ ਦੀ ਪਹਿਲ ਕੀਤੀ ਅਤੇ ਕਿੱਸਾ ਕਾਵਿ ਦੀ ਧਾਰਾ ਵਿਚ ਪਹਿਲਾਂ ਤੋਂ ਪ੍ਰਵਾਹ ਇਕ ਕਿੱਸੇ ਨੂੰ ਸਿਖਰ ਤੱਕ ਪਹੁੰਚਾਇਆ। ਹਾਸ਼ਮ ਤੋਂ ਬਾਅਦ ਅਹਿਮਦਯਾਰ ਅਜਿਹਾ ਕਿੱਸਾਕਾਰ ਹੋ ਨਿਬੜਿਆ, ਜਿਸਨੇ ਕਿੱਸਾ ਕਾਵਿ ਵਿਚ 'ਖਿਲਾਰੇ' ਨੂੰ ਉਤਸਾਹਿਤ ਕੀਤਾ। ਉਸਨੇ ਲਗਭਗ ਚਾਲੀ ਕਿੱਸੇ ਲਿਖੇ। ਵਾਰਿਸ਼ ਸਾਹ ਨੇ ਆਪਣੇ ਕਾਵਿ-ਕਮਾਲ ਰਾਹੀਂ ਕਿੱਸਾਕਾਰਾਂ ਵਿਚ 'ਪ੍ਰਸਿੱਧੀ' ਦੀ ਲਲਕ ਪੈਦਾ ਕਰ ਦਿੱਤੀ। ਇਹ ਲਲਕ ਸਾਰੇ ਹੀ ਕਿੱਸਾਕਾਰਾਂ ਵਿਚ ਸੀ। ਕਈ ਕਿੱਸਾ ਕਾਰ ਇਸਦੇ ਬਾਵਜੂਦ ਵੀ ਸੰਜਮ ਵਿਚ ਰਹੇ ਪਰ ਅਹਿਮਦਯਾਰ ਪੰਜਾਬੀ ਕਿੱਸਾ ਕਾਵਿ ਦਾ 'ਬੇਸੰਜਮੀ-ਕਿੱਸਾਕਾਰ' ਹੈ। ਉਸਦਾ ਯੋਗਦਾਨ ਇਨ੍ਹਾਂ ਕੁ ਜ਼ਰੂਰ ਹੈ ਕਿ ਉਨ੍ਹਾਂ ਨੇ ਪੰਜਾਬੀ ਕਿੱਸਾ ਕਾਵਿ ਨੂੰ ਹਾਤਮਤਾਈ, ਲੈਲਾ ਮਜਨੂੰ, ਕਾਮ ਰੂਪ ਅਤੇ ਰਾਜ ਬੀਬੀ ਜਿਹੇ ਨਵੇਂ ਕਿੱਸੇ ਦਿੱਤੇ। ਜੋ ਕਿੱਸਾ ਵੀ ਕਿੱਸਾਕਾਰ ਨੇ ਨਹੀਂ ਲਿਖਿਆ ਉਹ ਅਹਿਮਦਯਾਰ ਨੇ ਬਿਨਾ ਸੋਚੇ ਸਮਝੇ ਲਿਖ ਧਰਿਆ ਹੈ। ਉਨ੍ਹਾਂ ਨੇ ਕਿੱਸਾ ਕਾਵਿ ਵਿਚ ਗਿਣਾਤਮਕਤਾ ਦੇ ਨਿਵੇਕਲੇ ਪ੍ਰਵਾਹ ਨੂੰ ਜਨਮ ਦਿੱਤਾ ਹੈ। ਉਸ ਤੋਂ ਬਾਅਦ ਮੀਆਂ ਅਮਾਮ ਬਖ਼ਸ਼ ਸ਼ਾਹ ਬਹਿਰਾਮ ਅਤੇ ਚੰਦਰ ਬਦਨ ਨਾਮ ਦੇ ਦੋ ਰੋਮਾਂਸਕ ਕਿੱਸੇ ਲੈ ਕੇ ਕਿੱਸਾ ਕਾਵਿ ਦੇ ਵਿਚ ਨਿਵੇਕਲੇ ਰੰਗ ਭਰਦਾ ਹੈ। ਕਾਦਰਯਾਰ ਆਪਣੇ ਕਿੱਸੇ ਪੂਰਨ ਭਗਤ ਨਾਲ ਸਮੁੱਚੇ ਕਿੱਸਾ ਕਾਵਿ ਨੂੰ ਸਦਾਚਾਰਕ ਮੋੜ ਪ੍ਰਦਾਨ ਕਰਦਾ ਹੈ। ਪੂਰਨ ਭਗਤ ਅਤੇ ਰਾਜਾ ਰਸਾਲੂ ਉਨ੍ਹਾਂ ਨੇ ਪਹਿਲੀ ਵਾਰ ਲਿਖੇ। ਇਸ ਤੋਂ ਬਿਨਾਂ ਵੀਰ ਸਿੰਘ ਅਤੇ ਜੋਗ ਸਿੰਘ ਨੇ ਵੀ ਹੀਰ ਦੇ ਕਿੱਸੇ ਉਤੇ ਕਲਮ ਚਲਾਈ ਹੈ। ਇਸ ਕਾਲ ਦੇ ਪ੍ਰਮੁੱਖ ਕਿੱਸਾਕਾਰਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

1. ਹਾਸ਼ਮ ਸ਼ਾਹ
2. ਅਹਿਮਦਯਾਰ
3. ਕਾਦਰਯਾਰ
4. ਫ਼ਜ਼ਲ ਸ਼ਾਹ
5. ਈਮਾਮ ਬਖ਼ਸ਼
6. ਸ਼ਾਹ ਮੁਹੰਮਦ
7. ਮੀਆਂ ਮੁਹੰਮਦ ਬਖ਼ਸ਼

**ਹਾਸ਼ਮ ਸ਼ਾਹ :** ਹਾਸ਼ਮ ਸ਼ਾਹ 'ਰਣਜੀਤ ਸਿੰਘ ਕਾਲ' ਦਾ ਪ੍ਰਮੁੱਖ ਕਿੱਸਾਕਾਰ ਤੇ ਸੂਫ਼ੀਕਾਰ ਵਜੋਂ ਜਾਣਿਆਂ ਜਾਂਦਾ ਹੈ। ਉਨ੍ਹਾਂ ਦਾ ਕਿੱਸਾ 'ਸੱਸੀ-ਪੁੰਨੂੰ' ਸਭ ਤੋਂ ਵਧੀਆ ਲਿਖਤ ਕਰਕੇ ਮੰਨੀ ਜਾਂਦੀ ਹੈ। ਉਨ੍ਹਾਂ ਨੇ ਇਹ ਕਿੱਸਾ ਲਿਖ ਕੇ ਆਪਣਾ ਅਤੇ ਇਸ ਕਿੱਸੇ ਦਾ ਨਾਂ ਅਮਰ ਕਰ ਦਿੱਤਾ ਹੈ। ਉਹ ਪੰਜਾਬੀ ਦੇ ਸ਼ਾਹਕਾਰ-ਕਿੱਸੇ ਰਚਣ ਵਾਲੇ ਕਿੱਸਾਕਾਰਾਂ ਵਿਚੋਂ ਇਕ ਹੈ। ਹਾਸ਼ਮ ਦੇ ਜਨਮ, ਮੌਤ, ਪ੍ਰੇਮ ਦੀ ਘਟਨਾ ਉਸ ਦੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਰਬਾਰ ਨਾਲ ਸੰਬੰਧ ਬਹੁਤ ਜ਼ਿਆਦਾ ਮਤਭੇਦ ਵਾਲੇ ਵਿਸ਼ੇ ਹਨ। ਪਰ ਫਿਰ ਵੀ ਬਹੁਤੇ ਵਿਦਵਾਨ ਹਾਸ਼ਮ ਦਾ ਜੀਵਨ ਕਾਲ 1752–1823 ਈ. ਹੀ ਮੰਨਦੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਉਸਦੇ ਪਿਤਾ ਦਾ ਨਾਂ ਹਾਜੀ ਮੁਹੰਮਦ ਸ਼ਰੀਫ਼ ਸਨ। ਉਨ੍ਹਾਂ ਦਾ ਜਨਮ ਸਥਾਨ ਪਿੰਡ ਜਗਦੇਉ ਕਲਾਂ ਜਿਲ੍ਹਾ ਅੰਮ੍ਰਿਤਸਾਰ ਵਿਚ ਹੋਇਆ। ਉਨ੍ਹਾਂ ਦਾ ਪਿਤਾ ਸੂਫ਼ੀ ਰੁਚੀਆਂ ਦਾ ਧਾਰਨੀ ਸੀ। ਉਨ੍ਹਾਂ ਦੇ ਪ੍ਰਭਾਵ ਸਦਕਾ ਹਾਸ਼ਮ ਵੀ ਸੂਫ਼ੀ ਸੁਭਾਅ ਵਾਲਾ ਬਣ ਗਿਆ। ਇਹ ਸੂਫ਼ੀ ਬਿਰਤੀਆਂ ਉਸਦੀਆਂ ਰਚਨਾਵਾਂ ਵਿਚ ਵੀ ਵੇਖੀਆਂ ਜਾ ਸਕਦੀਆਂ ਹਨ। ਹਾਸ਼ਮ ਬਾਰੇ ਬਹੁਤ ਸਾਰੇ ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਹਾਸ਼ਮ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਕਵੀ ਸੀ। ਉਸ ਦੀ ਮੌਤ ਪਿੰਡ ਖਰਪਾਲ ਵਿਚ ਹੋਈ। ਇਹ ਪਿੰਡ ਉਨ੍ਹਾਂ ਨੂੰ ਮਹਾਰਾਜੇ ਵੱਲੋਂ ਇਨਾਮ ਵਜੋਂ ਮਿਲਿਆ ਹੋਇਆ ਸੀ।

ਹਾਸ਼ਮ ਨੇ ਆਪਣੀ ਕਵਿਤਾ ਵਿਚ ਉਸ ਕਹਾਣੀ ਨੂੰ ਚੁਣਿਆ ਜੋ ਸਿੰਧ ਪ੍ਰਾਂਤ ਵਿਚ (ਸੱਸੀ-ਪੁੰਨੂੰ) ਨਾਂ ਹੇਠ ਪ੍ਰਚਲਿਤ ਸੀ। ਇਹ ਇਕ ਵਿਦੇਸ਼ੀ ਕਹਾਣੀ ਹੈ ਜੋ ਸਿੰਧੀ ਰਾਹੀ ਪੰਜਾਬ ਅਤੇ ਪੰਜਾਬੀ ਵਿਚ ਪਹੁੰਚੀ ਹੈ। ਹਾਸ਼ਮ ਨੇ ਇਸੇ ਪ੍ਰੇਮ-ਕਹਾਣੀ ਨੂੰ ਆਪਣੀ ਕਿੱਸਾਕਾਰੀ ਲਈ ਚੁਣਿਆ ਅਤੇ ਇਕ ਸ਼ਾਹਕਾਰ ਕਿੱਸਾ ਰਚ ਧਰਿਆ। ਪਰ ਇਸ ਨਵੇਂ ਕਿੱਸੇ ਤੋਂ ਇਲਾਵਾ ਉਨ੍ਹਾਂ ਨੇ ਸੋਹਣੀ-ਮਹੀਵਾਲ, ਸ਼ੀਰੀ-ਫਰਹਾਦ ਅਤੇ ਹੀਰ-ਰਾਂਝਾ ਦੀ ਬਿਰਤੀ ਦੇ ਕਿੱਸੇ ਵੀ ਲਿਖੇ। ਇਸ ਤੋਂ ਇਲਾਵਾ ਨਿਰੋਲ ਸੂਫ਼ੀ ਭਾਵਾਂ ਦੀ ਪੇਸ਼ਕਾਰੀ ਲਈ 208 ਦੋਹੜੇ ਅਤੇ ਡਿਉਡਾਂ ਵੀ ਲਿਖੀਆਂ ਹਨ। ਇਨ੍ਹਾਂ ਵਿਚ ਉਸਨੇ ਦਰਦ, ਸੰਜ ਅਤੇ ਬਿਰਹਾ ਦੇ ਡੂੰਘੇ ਭਾਵਾਂ ਨੂੰ ਪੇਸ਼ ਕੀਤਾ ਹੈ। ਸ਼ਾਹ ਹੁਸੈਨ ਤੋਂ ਬਾਅਦ ਬਿਰਹਾ ਦੇ ਭਾਵਾਂ ਦੀ ਪੇਸ਼ਕਾਰੀ ਕਰਨ ਵਾਲਾ ਕੋਈ ਪ੍ਰਵੀਨ ਕਵੀ ਹੈ ਤਾਂ ਉਹ ਹਾਸ਼ਮ ਹੀ ਹੈ।

ਹਾਸ਼ਮ ਦਾ ਕਿੱਸਾ ਸੱਸੀ-ਪੁੰਨੂੰ ਇਕ ਸੰਖੇਪ ਜਿਹੀ ਰਚਨਾ ਹੈ। ਇਸਦੇ 126 ਬੰਦ ਹਨ। ਕਵੀ ਨੂੰ ਚੋਤੁਕੀਏ ਦਵੱਈਆਂ ਛੰਦ ਵਿਚ ਸੰਪੂਰਨ ਕਹਾਣੀ ਨੂੰ ਨਿਭਾ ਦਿੱਤਾ ਹੈ। ਹਾਸ਼ਮ ਨੂੰ ਕਹਾਣੀ ਕਹਿਣ ਵਿਚ ਕੋਈ ਰੁਚੀ ਨਹੀਂ। ਹਾਸ਼ਮ ਸੱਸੀ ਨੂੰ ਸਾਰੇ ਪਾਸਿਉਂ ਘੇਰ ਕੇ ਛੇਤੀ-ਛੇਤੀ ਥਲਾਂ ਵਿਚ ਲੈ ਆਉਂਦਾ ਹੈ ਅਤੇ ਉੱਥੇ ਵਿਸਤਾਰ ਸਹਿਤ ਉਸਦੀ ਮੌਤ ਦਾ ਵਰਣਨ ਕਰਦਾ ਹੈ। ਹਾਸ਼ਮ ਦਾ ਉਦੇਸ਼ ਕਥਾ ਵਿਸਥਾਰ ਨਹੀਂ ਸਗੋਂ ਪ੍ਰੀਤ ਭਾਵਾਂ ਪੇਸ਼ਕਾਰੀ ਕਰਨਾ ਹੈ ਅਤੇ ਆਪਣੇ ਇਸ ਉਦੇਸ਼ ਵਿਚ ਉਹ ਪੂਰੀ ਤਰ੍ਹਾਂ ਸਫ਼ਲ ਹੈ। ਹਾਸ਼ਮ ਦੀ ਇਸ ਕਿੱਸੇ ਵਿਚ ਇਕੋ ਹੀ ਪ੍ਰਾਪਤੀ ਹੈ- ਬਿਰਹਾ ਦਾ ਆਦਰਸ਼ ਜਾਂ ਉੱਚ ਪੱਧਰੀ ਵਰਣਨ ਉਸਦੇ ਇਸੇ ਗੁਣ ਦੀ ਨਿਸ਼ਾਨਦੇਹੀ ਬਾਬਾ ਬੁੱਧ ਸਿੰਘ ਨੇ ਕੀਤੀ ਹੈ। ਬਿਰਹਾ ਤੋਂ ਇਲਾਵਾ ਸੰਖੇਪਤਾ ਵੀ ਹਾਸ਼ਮ ਦਾ ਮੀਰੀ ਗੁਣ ਹੈ। ਜਿਸ ਤਰ੍ਹਾਂ ਵਾਰਿਸ ਵਿਸਥਾਰ ਦਾ ਬਾਦਸ਼ਾਹ ਹੈ। ਉਸੇ ਤਰ੍ਹਾਂ ਹਾਸ਼ਮ ਸੰਖੇਪਤਾ ਦਾ ਉਸਤਾਦ ਹੈ। ਵਾਹਿਰ ਵਿਸ਼ਵਕੋਸ਼ੀ ਹੈ ਪਰ ਹਾਸ਼ਮ ਛੋਟਾ ਜਿਹਾ ਕਿੱਸਾ ਲਿਖ ਕੇ ਹੀ ਵੱਡਾ ਕਿੱਸਾਕਾਰ ਹੋ ਨਿਬੜਿਆ ਹੈ। ਹਾਸ਼ਮ ਦਾ ਕਿੱਸਾ ਬੇਹੱਦ ਛੋਟਾ ਹੈ ਪਰ ਬਹੁਤ ਸਾਰੇ ਕਾਵਿ ਗੁਣ ਆਪਣੇ ਅੰਦਰ ਸਮੋਈ ਬੈਠਾ ਹੈ। ਇਹ ਕਾਵਿ ਗੁਣ ਹੀ ਉਸਦੀ ਸਫ਼ਲਤਾ ਦਾ ਕਾਰਨ ਹਨ। ਹਾਸ਼ਮ ਦੀ ਕਾਵਿ ਕਲਾ ਦਾ ਅਗਲਾ ਗੁਣ ਇਹ ਹੈ ਕਿ ਇਸ ਕਿੱਸੇ ਵਿਚ ਸੱਸੀ ਇਕ ਅਜਿਹੀ ਨਾਇਕਾ ਹੈ ਜੋ ਇਕ ਅਪਰਾਧ ਦੀ ਦੋ ਵਾਰੀ ਸਜ਼ਾ ਪ੍ਰਾਪਤ ਕਰਦੀ ਹੈ। ਕਿੱਸੇ ਦੀ ਨਿਆਂ ਵਿਵਸਥਾ ਦਾ ਇਹ ਕੇਂਦਰੀ ਨਿਯਮ ਹੈ ਕਿ ਅਪਰਾਧੀ ਨੂੰ ਸਜ਼ਾ ਅਪਰਾਧ ਕਰਨ ਤੋਂ ਮਗਰੋਂ ਦਿੱਤੀ ਜਾਂਦੀ ਹੈ, ਪਹਿਲਾਂ ਨਹੀਂ। ਪਰ ਸੱਸੀ ਨੂੰ ਦਰਿਆ ਵਿਚ ਰੋੜ੍ਹ ਕੇ ਆਦਮ ਜਾਮ, ਵਲੋਂ ਉਸ ਅਪਰਾਧ ਦੀ ਸਜ਼ਾ ਦਿੱਤੀ ਜਾਂਦੀ ਹੈ ਜੋ ਅਜੇ ਉਸਨੇ ਕੀਤਾ ਹੀ ਨਹੀਂ।

ਹਾਸ਼ਮ ਨੇ ਜੋ ਕਮਾਲ ਆਪਣੇ ਕਿੱਸੇ ਸੱਸੀ ਵਿਚ ਕੀਤਾ ਹੈ ਉਹ ਆਪਣੇ ਦੂਸਰੇ ਕਿੱਸਿਆਂ ਸੋਹਣੀ-ਮਹੀਵਾਲ, ਹੀਰ-ਰਾਂਝੇ ਦੀ ਬਿਰਤੀ ਅਤੇ ਸ਼ੀਰੀ ਫਰਹਾਦ ਵਿਚ ਨਹੀਂ ਕਰ ਸਕਿਆ। ਕੁਲ ਮਿਲਾ ਕੇ ਹਾਸ਼ਮ ਦੀ ਪੰਜਾਬੀ ਕਿੱਸਾ ਵਿਚ ਪਛਾਣ ਸੱਸੀ ਦੇ ਕਿੱਸਾਕਾਰ ਵਜੋਂ ਹੀ ਹੈ।

**ਅਹਿਮਦਯਾਰ :** ਅਹਿਮਦਯਾਰ ਪੰਜਾਬੀ ਕਿੱਸਾ-ਕਾਵਿ ਦਾ ਅਜਿਹਾ ਕਿੱਸਾਕਾਰ ਹੈ, ਜਿਨ੍ਹਾਂ ਨੇ ਮੱਧਕਾਲ ਦੇ ਸਾਰੇ ਕਿੱਸਾਕਾਰਾਂ ਨਾਲੋਂ ਸਭ ਤੋਂ ਵੱਧ ਕਿੱਸੇ ਲਿਖੇ ਹਨ। ਉਨ੍ਹਾਂ ਨੇ ਪੰਜਾਬੀ ਵਿਚ ਗਿਣਾਤਮਕ ਕਿੱਸਾਕਾਰੀ ਨੂੰ ਉਤਸ਼ਾਹਿਤ ਕੀਤਾ। ਇਸ ਪੱਖੋਂ ਉਹ ਸਾਰੇ ਹੀ ਕਿੱਸਾਕਾਰਾਂ ਨਾਲੋਂ ਵੱਖਰਾ ਅਤੇ ਨਿਵੇਕਲਾ ਹੈ। ਉਨ੍ਹਾਂ ਦਾ ਜਨਮ 1768 ਈ. ਵਿਚ ਅਤੇ ਮੌਤ 1848 ਈ. ਵਿਚ ਹੋਈ। ਉਨ੍ਹਾਂ ਦਾ ਜੀਵਨ ਇਸਲਾਮ ਰਾਜ ਵਿਚ ਬੀਤਿਆ ਸੀ। ਅਹਿਮਦਯਾਰ ਨੇ 35 ਕਿੱਸੇ ਲਿਖੇ ਪਰ ਮੌਲਾ ਬਖ਼ਸ਼ ਕੁਸ਼ਤਾ ਆਪਣੀ ਪੁਸਤਕ 'ਪੰਜਾਬੀ ਸ਼ਾਇਰਾ ਦਾ ਤਜਕਰਾ' ਵਿਚ ਇਨ੍ਹਾਂ ਕਿੱਸਿਆਂ ਦੀ ਗਿਣਤੀ 40 ਲਿਖਦੇ ਹਨ। ਇਸ ਪ੍ਰਕਾਰ ਲਗਦਾ ਹੈ ਕਿ ਉਸਨੇ ਕਿੱਸੇ ਤਾਂ 35 ਦੇ ਲਗਭਗ ਹੀ ਲਿਖੇ ਹੋਣਗੇ ਪਰ ਉਸਦੀਆਂ ਕੁਲ ਰਚਨਾਵਾਂ ਦੀ ਗਿਣਤੀ 40 ਹੋਵੇਗੀ। ਡਾ. ਰਤਨ ਸਿੰਘ ਜੱਗੀ ਅਨੁਸਾਰ ਕਵੀ ਨੇ ਆਪਣੀ ਕਿੱਸਾਕਾਰੀ ਦੀ ਯਾਤਰਾ 'ਤਿਤਰ ਤੇ ਭਵਿਤਰ' ਦੇ ਕਿੱਸੇ ਤੋਂ ਸ਼ੁਰੂ ਕੀਤੀ ਅਤੇ ਅਹਿਸਮੁਲ ਕਸਿਸ ਦੇ ਕਿੱਸੇ ਤੇ ਖ਼ਤਮ ਕੀਤੀ। ਉਸਦੀ ਸਾਹਿਤਕਾਰੀ ਸੰਬੰਧੀ ਇਹ ਗੱਲ ਵੀ ਸੱਚ ਹੈ ਕਿ ਇਨ੍ਹਾਂ ਗਿਣਾਤਮਕ ਤਾਂ ਬਹੁਤ ਹੈ ਪਰ ਇਨ੍ਹਾਂ ਦੀ ਗੁਣਾਤਮਕਤਾ ਬਹੁਤੀ ਨਹੀਂ ਹੈ। ਉਹ ਆਪ ਮੰਨਦਾ ਹੈ ਕਿ ਉਨ੍ਹਾਂ ਨੇ ਕਿੱਸੇ ਬਹੁਤ ਲਿਖੇ ਹਨ ਪਰ ਉਸ ਵੱਲੋਂ ਲਿਖਿਆ ਢੰਗ ਦਾ ਕਿੱਸਾ 'ਹੀਰ' ਹੀ ਹੈ।

ਅਹਿਮਦਯਾਰ ਇਕ ਚੰਗਾ ਇਤਿਹਾਸਕਾਰ, ਆਲੋਚਕ ਅਤੇ ਦੀਨ-ਮਜ਼ਹਬੀ ਲੇਖਕ ਹੈ ਪਰ ਨਾਲ ਹੀ ਉਹ ਕਿੱਸਾਕਾਰੀ ਵੀ ਕਰ ਲੈਂਦਾ ਹੈ। ਉਨ੍ਹਾਂ ਦੀ ਵਿਦਵਤਾ ਸਭ ਨੂੰ ਪ੍ਰਭਾਵਿਤ ਕਰਦੀ ਹੈ।ਉਨ੍ਹਾਂ ਦੇ ਕਿੱਸੇ ਬਹੁਤ ਮੰਦੇ ਤੇ ਥੋੜ੍ਹੇ ਜਿਹੇ ਚੰਗੇ ਵੀ ਹਨ। ਇਸਦਾ ਕਾਰਨ ਇਹ ਹੈ ਕਿ ਉਸਦੇ ਕਿੱਸਿਆਂ ਦੀਆਂ ਕਥਾਵਾਂ ਮੌਲਿਕ ਨਹੀਂ। ਉਨ੍ਹਾਂ ਨੇ ਕੁਝ ਕਿੱਸੇ ਫ਼ਾਰਸੀ ਵਿਚੋਂ ਲਏ, ਕੁਝ ਹਿੰਦੀ ਵਿਚੋਂ ਅਤੇ ਕੁਝ ਆਪ ਘੜੇ ਹਨ। ਪਰ ਆਪਣੀ ਸਫ਼ਲਤਾ/ਅਸਫ਼ਲਤਾ ਦੇ ਬਾਵਜੂਦ ਉਹ ਆਪਣਾ ਪ੍ਰਭਾਵ ਪਾਉਣ ਵਿਚ ਕਾਮਯਾਬ ਹੈ। ਇਹ ਪ੍ਰਭਾਵ ਸਿਰਫ਼ ਪਾਠਕਾਂ ਉਪਰ ਹੀ ਨਹੀਂ ਸਗੋਂ ਰਣਜੀਤ ਸਿੰਘ ਵਰਗੇ ਮਹਾਰਾਜੇ ਉਪਰ ਵੀ ਹੈ। ਇਹ ਪ੍ਰਭਾਵ ਉਸਦੀ ਕਿੱਸਾਕਾਰੀ ਦਾ ਨਹੀਂ ਸਗੋਂ ਉਸਦੀ ਵਿਦਵਤਾ ਦਾ ਹੈ। ਉਹ ਚੰਗਾ ਸਾਹਿਤਕਾਰ ਹੋਵੇ ਜਾਂ ਨਾ ਹੋਵੇ ਪਰ ਇਕ ਚੰਗਾ ਵਿਦਵਾਨ ਜ਼ਰੂਰ ਹੈ। ਆਪਣੀ ਸਾਹਿਤਕਾਰੀ ਦੇ ਸਾਹਿਤਿਕ ਮੁੱਲ ਨੂੰ ਅੱਖ ਪਰੋਖੇ ਕਰਵਾ ਉਹ ਆਪਣੀ ਵਿਦਵਤਾ ਦਾ ਲੋਹਾ ਮੰਨਵਾ ਲੈਂਦਾ ਹੈ। ਅਹਿਮਦਯਾਰ ਦੀ ਕਿੱਸਾਕਾਰੀ ਵਿਚ ਹੀ ਉਸਦੀ ਆਲੋਚਨਾ ਦੇ ਵੀ ਦਰਸ਼ਨ ਕੀਤੇ ਜਾ ਸਕਦੇ ਹਨ। ਸਾਹਿਤ ਆਲੋਚਨਾ ਦੇ ਨਾਲ-ਨਾਲ ਉਸਨੇ ਧਰਮ ਲਿਖਤਾਂ ਵੀ ਲਿਖੀਆਂ ਹਨ।

**ਕਾਦਰਯਾਰ** : ਕਾਦਰਯਾਰ ਆਪਣੇ ਸਮੇਂ (19 ਵੀਂ ਸਦੀ) ਦੇ ਕਿੱਸਾ ਕਾਵਿ ਦੇ ਪ੍ਰਤੀਨਿਧ ਕਿੱਸਾ ਕਵੀਆਂ ਵਿਚੋਂ ਇਕ ਹੈ। ਉਸਨੇ ਪੂਰਨ ਭਗਤ ਦੀ ਅਮਰ ਰਚਨਾ ਕਰਕੇ ਆਪਣੇ ਆਪ ਨੂੰ ਪੰਜਾਬੀ ਕਿੱਸਾ-ਕਾਵਿ ਦਾ ਮਹੱਤਵਪੂਰਨ ਕਵੀ ਬਣਾ ਲਿਆ। ਇਸ ਕਿੱਸੇ ਦਾ ਕਥਾਨਕ ਉਸ ਸਮੇਂ ਦੀ ਕਿੱਸਾਕਾਰੀ ਦੀ ਸ਼ਿੰਗਾਰਮਈ ਧਾਰਾ ਤੋਂ ਲਾਂਭੇ ਹਟ ਕੇ ਭਾਰਤੀ ਪਰੰਪਰਾ ਦੀ ਨੈਤਿਕ ਵਿਚਾਰ ਪ੍ਰਣਾਲੀ ਚੁਣਿਆ। ਭੁੱਕੇ-ਵਿਸਰੇ ਸਲਵਾਨ ਅਤੇ ਪੂਰਨ ਨੂੰ ਇਤਿਹਾਸ ਮਿਥਿਹਾਸ ਦੀ ਹਨੇਰੀ ਨੁੱਕਰ 'ਚੋਂ ਕੱਢ ਕੇ ਅਜਿਹਾ ਰੌਸ਼ਨ ਕੀਤਾ ਕਿ ਲੋਕਾਂ ਦਾ ਪ੍ਰਿਯਨਾਇਕ ਬਣ ਗਿਆ। ਕਾਦਰਯਾਰ ਨੇ ਹਿੰਦੂ ਮੱਤ ਦੀਆਂ ਸਥਾਪਿਤ ਕਦਰਾਂ-ਕੀਮਤਾਂ ਤੇ ਵਿਚਾਰ ਪ੍ਰਨਾਲੀ ਨੂੰ ਮੁੜ ਸੁਰਜੀਤ ਕੀਤਾ।

ਕਾਦਰਯਾਰ ਜਾਤ ਦਾ ਸੰਧੂ ਜੱਟ ਸੀ। ਉਸਦਾ ਜਨਮ ਮਾਛੀਕੇ ਜ਼ਿਲ੍ਹਾ ਸਿਆਲਕੋਟ ਪਾਕਿਸਤਾਨ ਵਿਚ ਹੋਇਆ। ਉਸਦਾ ਜਨਮ 1805 ਈ. ਮੰਨਿਆ ਜਾਂਦਾ ਹੈ।

ਕਾਦਰਯਾਰ ਨੇ ਪੂਰਨ ਭਗਤ ਦੇ ਕਿੱਸੇ ਤੋਂ ਇਲਾਵਾ ਸੋਹਣੀ-ਮਹੀਵਾਲ ਦਾ ਕਿੱਸਾ ਸੀਹਰਫੀ ਹਰੀ ਸਿੰਘ ਨਲੂਆ, ਰਾਣੀ ਕੋਕਲਾਂ ਦੀ ਵਾਰ, ਮਹਿਰਾਜ ਨਾਮਾ ਅਤੇ ਵਾਰ ਪੂਰਨ ਭਗਤ ਰਚਨਾਵਾਂ ਲਿਖੀਆਂ ਹਨ। ਪ੍ਰੋ. ਪਿਆਰਾ ਸਿੰਘ ਭੋਗਲ ਅਨੁਸਾਰ ਕਾਦਰਯਾਰ ਬਾਰੇ ਇਕ ਰਾਏ ਦਿਲਚਸਪ ਹੈ ਕਿ ਉਨ੍ਹਾਂ ਨੇ ਬਹੁਤ ਸਾਰੀਆਂ ਰਚਨਾਵਾਂ ਆਪਣੇ ਇਲਾਕੇ ਦੀਆਂ ਲੋਕ ਕਹਾਣੀਆਂ ਜਾਂ ਘਟਨਾਵਾਂ ਬਾਰੇ ਹੀ ਰਚੀਆਂ ਹਨ।ਕਾਦਰਯਾਰ ਦੀ ਸਭ ਤੋਂ ਸ਼ਾਨਦਾਰ **ਰਚਨਾ ਪੂਰਨ ਭਗਤ** ਦਾ ਕਿੱਸਾ ਹੈ ਪਰ ਉਸਨੇ ਪੂਰਨ ਭਗਤ ਬਾਰੇ ਦੋ ਰਚਨਾਵਾਂ ਲਿਖੀਆਂ ਹਨ। ਪਹਿਲਾ ਪੂਰਨ ਭਗਤ ਦਾ ਕਿੱਸਾ ਹੈ ਅਤੇ ਦੂਸਰਾ ਪੂਰਨ ਦੀ ਵਾਰ ਹੈ। ਇਨ੍ਹਾਂ ਦੋਵਾਂ ਵਿਚੋਂ ਕਵੀ ਕਿੱਸਾ ਵਿਚ ਵਧੇਰੇ ਸਫ਼ਲ ਹੋਇਆ ਹੈ। ਉਹ ਖੁਦ ਲਿਖਦਾ ਹੈ ਕਿ ਇਸ ਰਚਨਾ ਤੋਂ ਖੁਸ਼ ਹੋ ਕੇ ਇਕ ਸਿੱਖ ਸਰਦਾਰ ਨੇ ਉਸਨੂੰ ਇਕ ਖੂਹ ਇਨਾਮ ਦਿੱਤਾ ਸੀ। ਕਾਦਰਯਾਰ ਦੀ ਇਹ ਰਚਨਾ ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਉਹ ਬਹੁਤਾ ਪੜ੍ਹਿਆ-ਲਿਖਿਆ ਨਹੀਂ ਸੀ। ਇਸ ਕਰਕੇ ਉਸ ਦਾ ਕਿੱਸਾ ਸਾਧਾਰਨ ਅਤੇ ਸਿੱਧ ਪੱਧਰਾ ਹੈ। ਕਾਦਰਯਾਰ ਦੀ ਸਫ਼ਲਤਾ ਦਾ ਆਧਾਰ ਜਿੱਥੇ ਕਿੱਸੇ ਦੀ ਸਮੁੱਚੀ ਕਹਾਣੀ ਹੈ। ਉੱਥੇ ਇਸ ਵਿਚਲੇ ਪ੍ਰਸੰਗ ਵੀ ਹਨ।

**੪. ਇਮਾਮ ਬਖ਼ਸ਼** : ਪੰਜਾਬੀ ਦੇ ਸਾਹਿਤ ਇਤਿਹਸਕਾਰਾਂ ਵਿਚੋਂ ਇਮਾਮ ਬਖ਼ਸ਼ ਨੂੰ 'ਅਮਾਮ ਬਖ਼ਸ਼' ਵਜੋਂ ਵੀ ਪੇਸ਼ ਕੀਤਾ ਗਿਆ ਹੈ। ਉਹ 20ਵੀਂ ਸਦੀ ਦਾ ਪ੍ਰਸਿੱਧ ਕਿੱਸਾਕਾਰ ਹੈ। ਉਨ੍ਹਾਂ ਦਾ ਕਿੱਸਾ 'ਸ਼ਾਹ ਬਹਿਰਾਮ' ਲੱਖਾਂ ਦੀ ਗਿਣਤੀ ਵਿਚ ਛੱਪਿਆ ਅਤੇ ਪੜ੍ਹਿਆ ਗਿਆ। ਉਨ੍ਹਾਂ ਨੇ ਪੰਜਾਬੀ ਕਿੱਸਾ ਕਾਵਿ ਵਿਚ ਰੋਮਾਂਟਿਕ ਧਾਰਾ ਨੂੰ ਜਨਮ ਦਿੱਤਾ। ਇਮਾਮ ਬਖ਼ਸ਼ ਦਾ ਜਨਮ 1778 ਈ. ਵਿਚ ਪਿੰਡ ਪਸੀਆਂ ਜ਼ਿਲ੍ਹਾ ਸਿਆਲਕੋਟ ਵਿਚ ਹੋਇਆ। ਉਹ ਬੱਚਿਆਂ ਨੂੰ ਕੁਰਾਨ ਕੰਠ ਕਰਵਾਉਂਦਾ ਸੀ ਅਤੇ ਆਪਣੀ ਰੋਜ਼ੀ-ਰੋਟੀ ਲਈ ਤਰਖਾਣ ਦਾ ਕੰਮ ਕਰਦਾ ਸੀ। ਪੰਜਾਬੀ ਵਿਚ ਉਨ੍ਹਾਂ ਨੇ ਸ਼ਾਹ ਬਹਿਰਾਮ, ਚੰਦਰਬਦਨ ਗੁਲ ਸੋਨਬਰ, ਲੈਲਾ-ਮਜਨੂੰ, ਕਾਮ-ਰੂਪ ਆਦਿ ਕਿੱਸੇ ਲਿਖੇ। ਇਨ੍ਹਾਂ ਕਿੱਸਿਆਂ ਰਾਹੀਂ ਉਸਨੇ ਪੰਜਾਬੀ ਕਿੱਸਾ ਕਾਵਿ ਵਿਚ ਪਰਾ-ਸ਼ਰੀਰਕ ਅੰਸ਼ਾਂ ਅਤੇ ਕਰਾਮਾਤੀ ਘਟਨਾਵਾਂ ਨੂੰ ਉਤਸਾਹਿਤ ਕੀਤਾ। ਉਨ੍ਹਾਂ ਨੇ ਦੇਸੀ-ਵਿਦੇਸ਼ੀ ਕਥਾ ਕਹਾਣੀਆਂ ਨੂੰ ਖੁਲ੍ਹੇ ਦਿਲ ਨਾਲ ਅਪਣਾਇਆ ਅਤੇ ਇਹ ਕਥਾਵਾਂ ਦੀਆਂ ਕਹਾਣੀਆਂ ਘੜ੍ਹਨ ਵੱਲ ਹੀ ਧਿਆਨ ਦਿੱਤਾ। ਕਿੱਸੇ ਦੀ ਗੁਣਾਤਮਕਤਾ ਵੱਲ ਕੋਈ ਧਿਆਨ ਨਹੀਂ ਦਿੱਤਾ। ਪਰ ਇਸਦੇ ਬਾਵਜੂਦ ਵੀ ਉਹ ਆਪਣੇ ਕਿੱਸੇ ਸ਼ਾਹ ਬਹਿਰਾਮ ਵਿਚ ਹਰਮਨ ਪਿਆਰਤਾ ਹਾਸਲ ਕਰਨ ਵਿਚ ਕਾਮਯਾਬ ਹੋ ਗਿਆ।'**ਚੰਦਰ ਬਦਨ'** ਵੀ ਉਸਦਾ ਪ੍ਰਸਿੱਧ ਕਿੱਸਾ ਹੈ। ਇਸ ਦੀ ਪ੍ਰਸਿੱਧੀ ਦਾ ਕਾਰਨ ਉਸਦੀ ਕਾਵਿ ਕਲਾ ਨਹੀਂ ਸਗੋਂ ਕਥਾ ਦੀ ਨਵੀਨਤਾ ਹੈ। ਇਹ ਕਿੱਸਾ 'ਬੈਂਤ ਛੰਦ' ਵਿਚ ਲਿਖਿਆ ਗਿਆ ਅਤੇ ਕਿੱਸੇ ਦੀਆਂ ਘਟਨਾਵਾਂ ਅਸੁਭਾਵਿਕ ਤੇ ਗੈਰ ਯਥਾਰਥਕ ਹਨ। ਇਮਾਮ ਬਖ਼ਸ਼ ਪੰਜਾਬੀ ਦੇ ਪ੍ਰਸਿੱਧ ਰੋਮਾਂਚਕ ਕਿੱਸਾਕਾਰ ਹੈ। ਉਹ 18ਵੀਂ ਸਦੀ ਦਾ ਪ੍ਰਮੁੱਖ ਕਿੱਸਾਕਾਰ ਵੀ ਹੈ ਪਰ ਉਨ੍ਹਾਂ ਨੂੰ ਮਹਾਨ ਕਿੱਸਾਕਾਰ ਨਹੀਂ ਕਿਹਾ ਜਾ ਸਕਦਾ।

**ਫ਼ਜ਼ਲ ਸ਼ਾਹ** : ਫਜ਼ਲ ਸ਼ਾਹ ਪੰਜਾਬੀ ਸੋਹਣੀ ਕਾਵਿ ਦਾ ਸਭ ਤੋਂ ਪ੍ਰਮੁੱਖ ਕਿੱਸਾਕਾਰ ਹੈ। ਬੇਸ਼ੱਕ ਉਸ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਸੋਹਣੀ-ਮਹੀਵਾਲ ਦਾ ਕਿੱਸਾ ਲਿਖਿਆ ਗਿਆ ਪਰ ਉਸ ਵਰਗੀ ਸ਼ਾਹਕਾਰ ਰਚਨਾ ਕੋਈ ਨਹੀਂ ਲਿਖ ਸਕਿਆ।ਉਨ੍ਹਾਂ ਨੇ ਕਈ ਕਿੱਸੇ ਲਿਖੇ ਪਰ ਉਹ ਆਪਣੀ ਰਚਨਾ ਕਿੱਸਾ ਸੋਹਣੀ ਮਹੀਵਾਲ ਕਾਰਨ ਵਧੇਰੇ ਮਕਬੂਲ ਹੋਇਆ। ਉਹ 18ਵੀਂ ਸਦੀ ਦੇ ਪ੍ਰਮੁੱਖ ਕਿੱਸਾਕਾਰਾਂ ਵਿਚ ਆਪਣਾ ਸਥਾਨ ਰੱਖਦਾ ਹੈ।

ਫਜ਼ਲ ਸ਼ਾਹ ਦਾ ਜਨਮ 1828 ਈ. ਵਿਚ ਲਾਹੌਰ ਦੇ ਨੇੜਲੇ ਪਿੰਡ ਨਵਾਂ ਕੋਟ ਵਿਚ ਹੋਇਆ। ਉਨ੍ਹਾਂ ਨੇ ਸਾਰੀ ਜ਼ਿੰਦਗੀ ਲਾਹੌਰ ਸ਼ਹਿਰ ਵਿਚ ਹੀ ਸਰਕਾਰੀ ਨੌਕਰੀ ਕੀਤੀ। ਇੱਥੇ ਹੀ ਉਸਨੇ ਆਪਣਾ ਪਹਿਲਾਂ ਕਿੱਸਾ ਸੋਹਣੀ-ਮਹੀਵਾਲ ਲਿਖਿਆ। ਇਹ ਕਿੱਸਾ ਲਿਖਣ ਵੇਲੇ ਉਸਦੀ ਉਮਰ 20 ਸਾਲ ਦੀ ਸੀ। ਉਨ੍ਹਾਂ ਦਾ ਪਹਿਲਾ ਕਿੱਸਾ ਕਾਫ਼ੀ ਪਸੰਦ ਕੀਤਾ ਗਿਆ। ਇਸਦਾ ਕਾਰਨ ਸ਼ਾਇਦ ਇਹ ਸੀ ਕਿ ਉਨ੍ਹਾਂ ਨੇ ਆਪਣੇ

ਪਿਆਰ ਵਿਚੋਂ ਪ੍ਰਾਪਤ ਸਾਰੇ ਅਨੁਭਵ ਨੂੰ ਇਸ ਕਿੱਸਾ ਵਿਚ ਸਮੋ ਦਿੱਤਾ ਸੀ। ਫਜ਼ਲ ਸ਼ਾਹ ਦੀ ਪੰਜਾਬੀ ਤੋਂ ਇਲਾਵਾ ਅਰਬੀ, ਫ਼ਾਰਸੀ ਉਤੇ ਵੀ ਪਕੜ ਸੀ। ਉਸਨੂੰ ਮੁਸਲਮਾਨ ਧਰਮ-ਪਰੰਪਰਾਵਾਂ ਅਤੇ ਇਸਲਾਮੀ ਸਭਿਆਚਾਰ ਦੀ ਡੂੰਘੀ ਵਾਕਫੀ ਸੀ। ਇਸ ਕਰਕੇ ਉਸਨੇ ਆਪਣੇ ਕਿੱਸਿਆਂ ਵਿਚ ਅਰਬੀ, ਫ਼ਾਰਸੀ ਦੀ ਸ਼ਬਦਾਵਲੀ ਉਤੇ ਇਸਲਾਮ ਦਾ ਪ੍ਰਚਾਰ ਕੀਤਾ ਹੈ। ਫਜ਼ਲ ਸ਼ਾਹ ਕੋਲ ਸ਼ਬਦ-ਅਲੰਕਾਰਾਂ ਦੀ ਕੋਈ ਘਾਟ ਨਹੀਂ ਪਰ ਉਸਦੀ ਕਵਿਤਾ ਵਿਚ ਨਵੀਨਤਾ ਅਤੇ ਮੌਲਿਕਤਾ ਨਜ਼ਰ ਆਉਂਦੀ। ਉਹ ਸੋਹਣੀ ਕਾਵਿ ਦਾ ਪ੍ਰਮੁੱਖ ਕਿੱਸਾਕਾਰ ਤਾਂ ਹੈ ਪਰ ਪੰਜਾਬੀ ਦੇ ਸਮੁੱਚੇ ਕਿੱਸਾ ਕਾਵਿ ਵਿਚ ਆਪਣਾ ਵਿਸ਼ੇਸ਼ ਸਥਾਨ ਨਹੀਂ ਬਣਾ ਸਕਿਆ। ਕੁਲ ਮਿਲਾ ਕੇ ਉਹ ਪੰਜਾਬੀ ਦੇ ਮਧਕਾਲੀਨ ਕਿੱਸਾਕਾਰਾਂ ਦੀ ਪਿਛਲੀ ਕਤਾਰ ਦਾ ਕਵੀ ਹੈ।

**ਮੀਆਂ ਮੁਹੰਮਦ ਬਖ਼ਸ਼ :** ਮੀਆਂ ਮੁਹੰਮਦ ਬਖ਼ਸ਼ 17ਵੀਂ ਸਦੀ ਦੇ ਦੂਜੇ ਅੱਧ ਦਾ ਇਕ ਹੋਰ ਪ੍ਰਸਿੱਧ ਕਿੱਸਾਕਾਰ ਹੈ। ਉਨ੍ਹਾਂ ਦਾ ਜਨਮ 1829 ਈ. ਵਿਚ ਪਿੰਡ ਠਾਕਰ ਜ਼ਿਲ੍ਹਾ ਜੇਹਲਮ ਪਾਕਿਸਤਾਨ ਵਿਚ ਹੋਇਆ। ਮੁਹੰਮਦ ਬਖ਼ਸ਼ ਦੇ ਘਰ ਵਿਚ ਸੂਫ਼ੀ ਮਾਹੌਲ ਸੀ ਜੋ ਉਨ੍ਹਾਂ ਨੂੰ ਆਪਣੇ ਪਿਤਾ ਤੋਂ ਵਿਰਸੇ ਵਿਚ ਮਿਲਿਆ ਸੀ। ਇਸ ਕਰਕੇ ਉਹ ਵੀ ਸੂਫ਼ੀਆਂ ਰੁਚੀਆਂ ਵਾਲਾ ਬਣ ਗਿਆ। ਮੁਹੰਮਦ ਬਖ਼ਸ਼ ਅਰਬੀ, ਫ਼ਾਰਸੀ ਦਾ ਵੀ ਚੰਗਾ ਜਾਣੂ ਸੀ। ਇਸ ਦੇ ਬਾਵਜੂਦ ਵੀ ਉਸਨੇ ਆਪਣੀ ਸਾਹਿਤ ਰਚਨਾ ਲਈ ਪੰਜਾਬੀ ਨੂੰ ਮਾਧਿਅਮ ਬਣਾਇਆ। ਉਨ੍ਹਾਂ ਨੇ ਇਮਾਮ ਬਖ਼ਸ਼ ਦੀ ਰੋਮਾਂਚਕ ਕਿੱਸਾਕਾਰੀ ਨੂੰ ਅੱਗੇ ਤੋਰਿਆ। ਪੰਜਾਬੀ ਕਿੱਸਾ ਕਾਵਿ ਦੇ ਵਿਚ ਉਸਦੀ ਪ੍ਰਸਿਧੀ 'ਸੈਫਲ ਮਲੂਕ' ਦਾ ਕਿੱਸਾ ਲਿਖਣ ਕਰਕੇ ਹੈ। ਇਹ ਪੰਜਾਬੀ ਕਿੱਸਾ ਕਾਵਿ ਦਾ ਸਭ ਤੋਂ ਵੱਡਾ ਕਿੱਸਾ ਹੈ। ਇਸਦੇ 1928 ਬੈਂਤ ਹਨ। ਇਹ ਕਿੱਸਾ ਮਿਸਰ ਦੇ ਸ਼ਹਿਜ਼ਾਦੇ ਸੈਫੁਲ-ਮਲੂਕ ਅਤੇ ਸ਼ਾਹਪਾਲ ਦੀ ਪੁੱਤਰੀ ਸ਼ਾਹਪਰੀ ਦੀ ਪ੍ਰੇਮ-ਕਥਾ ਹੈ। ਇਸ ਕਿੱਸਾ ਦੀ ਭਾਸ਼ਾ ਉਤੇ ਅਰਬੀ-ਫ਼ਾਰਸੀ ਦਾ ਅਸਰ ਹੈ ਪਰ ਇਸਦੇ ਬਾਵਜੂਦ ਵੀ ਇਹ ਭਾਸ਼ਾ ਸਰਲ ਹੈ।

ਇਸ ਕਿੱਸੇ ਤੋਂ ਇਲਾਵਾ ਮੁਹੰਮਦ ਬਖ਼ਸ਼ ਨੇ ਸੋਹਣੀ-ਮਹੀਵਾਲ, ਸੀਰੀ-ਫਰਿਹਾਦ, ਮਿਰਜ਼ਾ-ਸਾਹਿਬਾ, ਸ਼ੇਖ-ਸਾਨਿਆ, ਸ਼ਾਹ-ਮਨਸੂਰ ਦੇ ਕਿੱਸੇ ਵੀ ਲਿਖੇ ਪਰ ਪੰਜਾਬੀ ਕਿੱਸਾ ਕਾਵਿ ਵਿਚ ਉਸਦੀ ਪ੍ਰਸਿੱਧੀ ਦਾ ਆਧਾਰ ਸੈਫੁਲ ਮਲੂਕ ਦਾ ਕਿੱਸਾ ਹੀ ਹੈ।

**ਸ਼ਾਹ-ਮੁਹੰਮਦ** : ਸ਼ਾਹ ਮੁਹੰਮਦ ਨੇ ਆਪਣੇ ਕਿੱਸੇ ਵਿਚ ਰਣਜੀਤ ਸਿੰਘ ਨੂੰ ਨਾਇਕ ਬਣਾ ਕੇ ਅਤੇ ਦੇਸ਼ ਭਗਤੀ ਦੇ ਪਿਆਰ ਨੂੰ ਸਮੇਟ ਕੇ ਆਪਣਾ ਨਾਂ ਬਤੌਰ ਪ੍ਰਮੁੱਖ ਕਿੱਸਾਕਾਰਾਂ ਵਜੋਂ ਸ਼ਾਮਿਲ ਕਰ ਲਿਆ ਹੈ।

ਵਾਰਿਸ ਦੀ ਤਰ੍ਹਾਂ ਹੀ ਬੈਂਤ ਛੰਦ ਦੀ ਵਰਤੋਂ ਕਰਕੇ ਸ਼ਾਹ ਮੁਹੰਮਦ ਦਾ ਕਿੱਸਾ ਲੋਕਾਂ ਦੇ ਮੂੰਹ ਉਤੇ ਚੜ੍ਹ ਗਿਆ। ਉਸਦੀ ਰਚਨਾ ਵਿਚ ਰੂਪ ਕਿੱਸੇ ਦਾ ਹੈ, ਬੀਰ ਰਸ ਆਤਮਾ ਵਾਰ ਵਾਲੀ ਹੈ ਤੇ ਵਿਸ਼ਾ ਵਸਤੂ ਜੰਗਨਾਮੇ ਦਾ ਹੈ। ਇਸ ਤਰ੍ਹਾਂ ਸਾਹ ਮੁਹੰਮਦ ਨੇ ਹਾਸ਼ਮ ਤੋਂ ਵੀ ਅੱਗੇ ਜਾ ਕੇ ਤਿੰਨ ਕਲਾਵਾਂ ਨੂੰ ਆਪਣੀਆਂ ਰਚਨਾਵਾਂ ਵਿਚ ਸ਼ਾਮਿਲ ਕੀਤਾ।

## 2.4 Summary (ਨਿਸ਼ਕਰਸ਼)

ਨਿਸ਼ਕਰਸ਼ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਰਣਜੀਤ ਸਿੰਘ ਕਾਲ ਵਿਚ ਕਿੱਸਾ ਸਾਹਿਤ ਰੂਪ ਬਾਕੀ ਸਾਹਿਤ ਰੂਪਾਂ ਨਾਲੋਂ ਵਧੇਰੇ ਵਿਕਾਸ ਹੋਇਆ। ਇਸ ਕਾਲ ਦੀਆਂ ਕੁੱਝ ਪ੍ਰਮੁੱਖ ਰਚਨਾਵਾਂ ਹਾਸ਼ਮ ਸ਼ਾਹ ਦੀ ਸਸੀ ਪੁਨੂੰ, ਕਾਦਰਯਾਰ ਦਾ ਪੂਰਨ ਭਗਤ, ਫ਼ਜ਼ਲ ਸ਼ਾਹ ਦਾ ਸੋਹਣੀ ਮਹੀਵਾਲ ਅਤੇ ਮੀਆਂ ਮੁਹੰਦਮ ਬਖ਼ਸ਼ ਦਾ ਸੈਫ਼ੁਲ ਮਲੂਕ ਦਾ ਕਿੱਸਾ ਹੈ।

## 2.5 Glossary (ਔਖੇ ਸ਼ਬਦਾਂ ਦੇ ਅਰਥ)

ਘੜਨਾ – ਬਣਾਉਣਾ

ਸ਼ਾਹਕਾਰ – ਵੱਡੀ ਕਦਾਕਾਰੀ/ਉੱਚ ਪੱਧਰ ਦੀ ਰਚਨਾ।

ਸਮੁੱਚੇ – (ਪੂਰਾ)

## 2.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

– ਰਣਜੀਤ ਸਿੰਘ ਕਾਲ ਦੇ ਕਿੱਸਾ ਸਾਹਿਤ ਬਾਰੇ ਜਾਣਕਾਰੀ ਦਿਉ ?

– ਕਿੱਸਾ ਸਾਹਿਤ ਵਿਚ ਹਾਸ਼ਮ ਅਤੇ ਕਾਦਰਯਾਰ ਦੀਆਂ ਸ਼ਾਹਕਾਰ ਰਚਨਾਵਾਂ ਬਾਰੇ ਚਰਚਾ ਕਰੋ ?

## 2.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

1. ਰਣਜੀਤ ਸਿੰਘ ਕਾਲ ਦੇ ਪ੍ਰਮੁੱਖ ਕਿੱਸਾ ਕਵੀਆਂ ਦੇ ਨਾਂ ਦੱਸੋ।
2. ਰਣਜੀਤ ਸਿੰਘ ਕਾਲ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ ?
3. ਸਭ ਤੋਂ ਵੱਧ ਕਿੱਸੇ ਲਿਖਣ ਵਾਲੇ ਕਿੱਸਾਕਾਰ ਦਾ ਨਾਂ ਦੱਸੋ।
4. ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਕਵੀ ਕੌਣ ਸੀ।

## 2.8 Suggested Reading ( ਸਹਾਇਕ ਪੁਸਤਕ ਸੂਚੀ)


1. ਡਾ. ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਉਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2011
2. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ ਲਾਹੌਰ ਬੁੱਕ ਸ਼ਾਪ, ਲੁਧਿਆਣਾ, 2007
3. ਪ੍ਰੋ. ਬ੍ਰਹਮਜਗਦੀਸ਼ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2007

M.A.Semester 2nd | Lesson No.3
Unit-II | Course No: Pbi204

# ਸੂਫ਼ੀ ਸਾਹਿਤ ਦਾ ਸਰਵੇਖਣ ਤੇ ਵਿਸ਼ੇਸ਼ਤਾਵਾਂ

**Structure :**

3.1 Objective (ਉਦੇਸ਼)
3.2 Introduction (ਜਾਣ-ਪਛਾਣ)
3.3 Content Section (ਵਿਸ਼ਾ ਪੱਖ)
3.4 Summary (ਨਿਸ਼ਕਰਸ਼)
3.5 Glossary (ਔਖੇ ਸ਼ਬਦਾਂ ਦੇ ਅਰਥ)
3.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)
3.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)
3.8 Suggested Reading (ਸਹਾਇਕ ਪੁਸਤਕ ਸੂਚੀ)

## 3.1 Objective (ਉਦੇਸ਼)

- ਇਸ ਅਧਿਆਇ ਵਿਚ ਵਿਦਿਆਰਥੀਆਂ ਨੂੰ ਰਣਜੀਤ ਸਿੰਘ ਕਾਲ ਦੇ ਸੂਫ਼ੀ ਸਾਹਿਤ ਦਾ ਸਰਵੇਖਣ ਕਰਵਾਇਆ ਜਾਏਗਾ।
- ਰਣਜੀਤ ਸਿੰਘ ਕਾਲ ਦੇ ਪ੍ਰਮੁੱਖ ਸੂਫ਼ੀਆਂ ਅਤੇ ਉਨ੍ਹਾਂ ਦੀਆਂ ਸਾਹਿਤ ਰੂਪਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।
- ਇਸ ਕਾਲ ਖੰਡ ਦੇ ਪ੍ਰਮੁੱਖ ਸੂਫ਼ੀ ਕਵੀ ਜਿਵੇਂ ਹਾਸ਼ਮ ਸ਼ਾਹ, ਅਬਦੁਲ ਵਹਾਬ ਸੱਚਲ, ਗੁਲਾਮ ਜੀਲਾਨੀ ਰੋਹਤਕੀ, ਮੌਲਵੀ ਅਬਦੁਲ ਰਹਿਮਾਨ ਖੁਲਟੀ, ਗੁਲਾਮ ਫ਼ਰੀਦ ਦੀ ਸੂਫ਼ੀ ਸਾਹਿਤ ਨੂੰ ਦੇਣ ਬਾਰੇ ਜ਼ਿਕਰ ਕੀਤਾ ਜਾਵੇਗਾ।

## 3.2 Introduction (ਜਾਣ-ਪਛਾਣ)

ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਜਿਸ ਨੂੰ ਰਣਜੀਤ ਸਿੰਘ ਕਾਲ ਦੇ ਨਾਂ ਨਾਲ ਵੀ ਜਾਣਿਆਂ ਜਾਂਦਾ ਹੈ। ਇਸ ਕਾਲ ਖੰਡ ਵਿਚ ਪੰਜਾਬੀ ਸੂਫ਼ੀ ਕਾਵਿ ਧਾਰਾ ਦੀ ਗਤੀ ਮੱਦਮ ਪੈ ਗਈ। ਰਾਜ ਦੀ ਬਦਲੀ ਨਾਲ ਜਨਤਾ ਦਾ ਜੀਵਨ ਸੰਬੰਧੀ ਦ੍ਰਿਸ਼ਟੀਕੋਣ ਬਦਲ ਗਿਆ। ਸੂਫ਼ੀ ਡੇਰਿਆਂ ਵਿਚ ਉਦਾਸੀ ਛਾ ਗਈ। ਬਸ ਕਿਤੇ-ਕਿਤੇ ਕੋਈ ਇਕਲੋਤਰਾ ਕਵੀ ਸੂਫ਼ੀ ਰੰਗ ਵਿਚ ਰੰਗਿਆ ਮਿਲਦਾ ਹੈ। ਇਨ੍ਹਾਂ ਕਵੀਆਂ ਵਿਚ ਹਾਸ਼ਮ ਦਾ ਨਾਂ ਵਿਸ਼ੇਸ਼ ਉਲੇਖ-ਯੋਗ ਹੈ।

### 3.3 Content Section (ਵਿਸ਼ਾ ਪੱਖ)

1800 ਤੋਂ 1850 ਈ. ਦਾ ਕਾਲ ਖੰਡ ਜਿਸਨੂੰ ਸਾਹਿਤ ਦੇ ਕਈ ਇਤਿਹਾਸਕਾਰਾਂ ਵਿਚੋਂ ਰਣਜੀਤ ਸਿੰਘ ਕਾਲ ਵੀ ਕਿਹਾ ਗਿਆ ਹੈ। ਰਣਜੀਤ ਸਿੰਘ ਕਾਲ ਦੀ ਸੂਫ਼ੀ ਕਵਿਤਾ ਸ਼ਰ੍ਹਾਂ ਤੋਂ ਪੂਰਨ ਤੌਰ ਤੇ ਬਗਾਵਤ ਕਰਦੀ ਹੈ। ਇਹ ਬਗਾਵਤ ਨਾ ਕੇਵਲ ਮੁਸਲਮਾਨੀ ਸ਼ਰ੍ਹਾਂ ਤੋਂ ਹੈ ਸਗੋਂ ਭਾਰਤੀ ਸ਼ਰ੍ਹਾਂ ਤੋਂ ਵੀ ਹੈ। ਰਣਜੀਤ ਸਿੰਘ ਕਾਲ ਦਾ ਸੂਫ਼ੀ ਨਾ ਕੇਵਲ ਸ਼ਰ੍ਹਾਂ ਤੋਂ ਹੀ ਬਗਾਵਤ ਕਰਦਾ ਹੈ ਸਗੋਂ ਰੱਬ ਨਾਲ ਵੀ ਖੁਲੀਆਂ ਗੱਲਾਂ ਕਰਦਾ ਹੈ। ਉਸਨੂੰ ਤਾਹਨੇ-ਮੇਹਣੇ ਦਿੰਦਾ ਹੈ ਅਤੇ ਉਸ ਨਾਲ ਗਿਲੇ-ਸ਼ਿਕਵੇ ਕਰਦਾ ਹੈ। ਇਸ ਕਾਲ ਵਿਚ ਸੂਫ਼ੀ ਕਵੀਆਂ ਨੇ ਕਵਿਤਾ ਨੂੰ ਸਮਾਜਿਕ ਆਲੋਚਨਾ ਦਾ ਵਾਹਨ ਬਣਾ ਦਿੱਤਾ ਜਿਵੇਂ ਹਾਸ਼ਮ ਨੇ ਆਪਣੇ ਕਾਵਿ ਵਿਚ ਰਾਜਿਆਂ ਦੇ ਚੰਗੇ ਪਾਜ ਉਘਾੜੇ ਹਨ।

ਇਸ ਕਾਲ ਦੇ ਪ੍ਰਮੁੱਖ ਸੂਫ਼ੀ ਕਵੀ ਇਸ ਪ੍ਰਕਾਰ ਹਨ :

**1. ਹਾਸ਼ਮ ਸ਼ਾਹ :** ਹਾਸ਼ਮ ਸ਼ਾਹ 'ਰਣਜੀਤ ਸਿੰਘ ਕਾਲ' ਦਾ ਪ੍ਰਮੁੱਖ ਕਵੀ ਹੈ। ਪੰਜਾਬੀ ਸਾਹਿਤ ਵਿਚ ਰਣਜੀਤ ਸਿੰਘ ਕਾਲ 'ਹਾਸ਼ਮ ਕਾਲ' ਕਰਕੇ ਹੀ ਜਾਣਿਆਂ ਜਾਂਦਾ ਹੈ। ਬਾਵਾ ਬੁੱਧ ਸਿੰਘ ਅਤੇ ਹੋਰ ਸਾਹਿਤਕ ਵਿਦਵਾਨ ਹਾਸ਼ਮ ਸ਼ਾਹ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਵੀ ਵੀ ਮੰਨਦੇ ਹਨ। ਪ੍ਰੋ. ਹਰਨਾਮ ਸਿੰਘ ਸ਼ਾਨ ਅਨੁਸਾਰ ਹਾਸ਼ਮ ਨੂੰ ਸਿਆਲਕੋਟ ਵਿਚ ਜਾਗੀਰ ਵੀ ਦਿੱਤੀ ਹੋਈ ਸੀ। ਹੁਣ ਤੱਕ ਹਾਸ਼ਮ ਦਾ ਮਰਬਰਾ ਉੱਥੇ ਮੌਜੂਦ ਹੈ।

ਹਾਸ਼ਮ ਸ਼ਾਹ ਦਾ ਜਨਮ 1754 ਅਤੇ ਮੌਤ 1822 ਈ. ਵਿਚ ਹੋਈ। ਸੂਫ਼ੀ ਅੰਸ਼ ਭਰਪੂਰ ਆਪ ਦੀ ਕਵਿਤਾ ਵਿਚ ਫੁਟਕਲ ਸੀਹਰਫੀਆਂ, ਡਿਉਢਾਂ, ਦੋਹੜੇ ਹਨ। ਹਾਸ਼ਮ ਆਂਤਰਕ ਪ੍ਰੇਰਣਾ ਵਾਲਾ ਕਵੀ ਹੈ। ਬਿਰਹਾ ਦਰਦ ਤੇ ਸੋਜ ਪੈਦਾ ਕਰਨ ਵਿਚ ਉਹ ਬੇ-ਮਿਸਾਲ ਹੈ। ਉਨ੍ਹਾਂ ਦਾ ਪ੍ਰਮੁੱਖ ਵਿਸ਼ਾ ਪ੍ਰਤੀਤ ਹੈ। ਉਹ ਇਸ਼ਕ ਮਜਾਜੀ ਤੇ ਇਸ਼ਕ ਹਕੀਕੀ ਨੂੰ ਇਕੋ ਬੂਟੇ ਦੇ ਦੋ ਟਹਿਣ ਕਹਿੰਦਾ ਹੈ।

ਹਾਸ਼ਮ ਕਿੱਸਾਕਾਰਾਂ ਵਿਚ ਮਹਾਨ ਕਿੱਸਾਕਾਰ ਤੇ ਸੂਫ਼ੀਆਂ ਵਿਚ ਮਹਾਨ ਸੂਫ਼ੀ ਹੈ। ਉਸਦੀ ਕਵਿਤਾ ਵਿਚ ਦੋਹਾਂ ਅੰਸ਼ਾਂ ਦਾ ਸੁਮੇਲ ਹੈ। ਇਸ ਕਰਕੇ ਹੀ ਉਹ ਆਪਣੇ ਕਿੱਸਿਆਂ ਵਿਚ ਵੀ ਉਹ ਰੰਗ ਬੰਨ ਗਿਆ ਹੈ ਜੋ ਹਾਸ਼ਮ ਵੀ ਨਹੀਂ ਕਰ ਸਕਿਆ। ਉਸਦੀ ਬਿਆਨ ਸ਼ੈਲੀ, ਸਮਾਸ ਸ਼ੈਲੀ ਕਮਾਲ ਦੀ ਹੈ ਹੀ ਤੇ ਸੋਹਣੀ ਨੂੰ ਅਸਲ ਵਿਚ ਉਹ ਸੂਫ਼ੀ ਚਿੰਨ੍ਹਾਂ ਪ੍ਰਤੀਕਾਂ ਵਜੋਂ ਹੀ ਪ੍ਰਯੋਗ ਕਰਦਾ ਹੈ। ਭਾਰਤੀ ਪੰਜਾਬ ਵਿਚ ਹਾਸ਼ਮ ਦੀ ਗਿਣਤੀ ਕਿੱਸਾਕਾਰਾਂ ਵਿਚ ਹੀ ਹੁੰਦੀ ਹੈ ਲੇਕਿਨ ਪੱਛਮੀ ਪੰਜਾਬ ਵਿਚ ਉਸ ਦੀ ਸ਼ੁਮਾਰ ਪੰਜਾਬੀ ਦੇ ਸੂਫ਼ੀ ਸ਼ਾਇਰਾਂ ਵਿਚ ਵੀ ਕੀਤਾ ਜਾਂਦੀ ਹੈ। ਹਾਸ਼ਮ ਆਪਣੇ ਦੋਹਰਿਆਂ ਵਿਚ ਆਸ਼ਕਾਂ ਨੂੰ ਮੂਰਖ ਆਖਦਾ ਹੈ। ਪਰ ਉਸਦੇ ਇਸ ਤਰ੍ਹਾਂ ਕਹਿਣ ਵਿਚ ਬੜੀ ਸਾਰਥਿਕਤਾ ਹੈ। ਅਸਲ ਵਿਚ ਇਹ ਇਸ਼ਕ ਦੇ ਮਾਰਗ ਤੇ ਚੱਲਣ ਵਾਲੇ ਆਸ਼ਕ ਦੀ ਜ਼ਿੰਦਗੀ ਉਸਤਤ ਹੈ। ਉਹ ਆਸ਼ਕਾਂ ਨੂੰ ਮਿੱਠਾ-ਮਿੱਠਾ ਅਤੇ ਇਸ਼ਕ ਨੂੰ ਨਿੰਮਾ-ਨਿੰਮਾ ਨਿੰਦਦਾ ਹੈ।

ਹਾਸ਼ਮ ਨੇ ਦੂਸਰੇ ਸੂਫ਼ੀਆਂ ਦੇ ਮੁਕਾਬਲੇ ਸ਼ਰੀਅਤ ਦੀ ਵਿਰੋਧਤਾ ਨਹੀਂ ਕੀਤੀ ਪਰ ਉਹ ਵੀ ਇਕ ਸੂਫ਼ੀ ਹੈ, ਇਸ ਕਰਕੇ ਸ਼ਰੀਅਤ ਨੂੰ ਅਧਿਆਤਮਕ ਵਿਕਾਸ ਦਾ ਪਹਿਲਾ ਪੜਾਅ ਸਮਝਦਾ ਹੈ। ਹਾਸ਼ਮ ਅਨੁਸਾਰ ਰੱਬ ਜਦੋਂ ਆਪਣੀ ਵਿਖ ਦਾ ਪਹਿਲਾ ਜਲਵਾ ਵਿਖਾਉਂਦਾ ਹੈ ਤਾਂ ਕਿ ਆਸ਼ਕ ਦੇ ਮੰਨ ਵਿਚ ਮਜਾਜੀ ਇਸ਼ਕ ਪੈਦਾ ਹੁੰਦਾ ਹੈ। ਉਹ ਸ਼ਰੀਅਤ ਨੂੰ ਛੰਡ ਬਹਿੰਦਾ ਹੈ ਅਤੇ ਫਿਰ ਅੱਗੇ ਤੁਰਦਾ ਰਹਿੰਦਾ ਹੈ। ਦੋਹੜਿਆਂ ਤੋਂ ਇਲਾਵਾ ਹਾਸ਼ਮ ਨੇ ਡਿਉਢਾਂ ਵੀ ਲਿਖੀਆਂ ਹਨ। ਡਿਉਢਾਂ ਅਜਿਹਾ ਕਾਵਿ ਰੂਪ ਹੈ ਜਿਸ ਵਿਚ ਡੇਢ ਸੱਤਰ ਹੁੰਦੀ ਹੈ। ਇਕ ਸਤਰ ਪੂਰੀ ਅਤੇ ਇਕ ਸਤਰ ਅੱਧੀ। ਸ੍ਰ. ਰਤਨ ਸਿੰਘ ਜੱਗੀ ਅਨੁਸਾਰ "ਹਾਸ਼ਮ ਨੇ ਡਿਉਢਾਂ ਵਿਚ ਦਵੱਯੇ ਦੇ ਅੰਤ ਉਤੇ ਅੱਠ ਮਾਤਰਾਂ ਵਧਾ ਕੇ ਦੋਹਰਾ ਤੁਕਾਂਤ ਮੇਲ ਕੀਤਾ ਹੈ।

**ਕਾਦਰ ਬਖ਼ਸ਼ ਬੇਦਿਲ ਉਰਫ਼ ਬੇਦਿਲ ਫਕੀਰ :** ਅਸਲ ਨਾਮ 'ਬੇਦਿਲ ਫਕੀਰ' ਸੀ। ਪਰ ਉਨ੍ਹਾਂ ਦੀ ਅਬਦੁਲ ਕਾਦਰ ਜੀਲਾਨੀ ਪ੍ਰਤੀ ਇੰਨੀ ਸ਼ਰਧਾ ਸੀ ਕਿ ਉਨ੍ਹਾਂ ਨੇ ਆਪਣਾ ਨਾਮ ਹੀ ਬਦਲ ਲਿਆ ਅਤੇ ਇਸ ਨਾਮ ਵਿਚ 'ਕਾਦਰ' ਸ਼ਬਦ ਨੂੰ ਸ਼ਾਮਿਲ ਕਰ ਲਿਆ। ਉਨ੍ਹਾਂ ਦੇ ਪਿਤਾ ਦਾ ਨਾਂ ਮੁਹੰਮਦ ਮੋਹਸਿਨ ਸੀ। ਪੰਜਾਬੀ ਵਿਚ ਉਸਨੇ ਕਾਫ਼ੀਆਂ ਲਿਖੀਆਂ ਹਨ। ਡਾ. ਗੁਰਦੇਵ ਸਿੰਘ ਨੇ ਉਨ੍ਹਾਂ ਨੂੰ ਪੰਜਾਬੀ ਦਾ ਦੂਸਰਾ ਸੱਫਲ ਸਰਮਸਤ ਕਿਹਾ ਹੈ। ਉਸਦੀ ਕਵਿਤਾ ਦਾ ਪ੍ਰਮੁੱਖ ਵਿਸ਼ਾ ਇਸ਼ਕ ਹੈ।

ਇਸ਼ਕ ਹੈ ਪੀਰ ਪੈਗੰਬਰ ਮੈਂਡਾ
ਇਸ਼ਕ ਹੈ ਹਾਣੀ ਰਹਬਰ ਮੈਂਡਾ
ਇਸ਼ਕ ਹੈ ਹੈਦਰ ਸਫ਼ਦਰ ਮੈਂਡਾ
ਇਸ਼ਕ ਹੈ ਮੇਰੀ ਪੁਸ਼ਤ ਪਨਾਹ।

**ਅਬਦੁਲ ਵਹਾਬ ਸੱਚਲ :** ਪੰਜਾਬੀ ਸੂਫ਼ੀ ਕਾਵਿ ਵਿਚ ਉਸਨੂੰ 'ਸ਼ੱਫਲ ਸਰਮਸਤ' ਵਜੋਂ ਜਾਣਿਆਂ ਜਾਂਦਾ ਹੈ। ਉਸਦਾ ਨਾਮ ਅਬਦੁਲ ਵਹਾਬ ਹੈ, 'ਸੱਫਲ' ਉਸਦਾ ਤਖ਼ੱਲਸ ਹੈ ਅਤੇ (ਸਰਮਸਤ) ਉਸਦੇ ਨਾਮ ਨਾਲ ਲਗਿਆ ਵਿਸੇਸ਼ਣ ਹੈ। 'ਸਫੱਲ' ਸਰਮਸਤ ਦਾ ਅਰਥ ਰਮਤਾ ਅਤੇ ਮਸਤ ਹੈ। ਉਸਦੇ ਵਡੇ-ਵਡੇਰੇ ਮੁਹੰਮਦ ਬਿਨ ਕਾਸਿਮ ਦੀ ਫ਼ੌਜ ਵਿਚ ਸਨ।ਉਹ ਇੱਥੇ ਸਿੰਧ ਵਿਚ ਹੀ ਬਸ ਗਏ। ਕਹਿੰਦੇ ਹਨ ਉਹ ਵਜਦ ਵਿਚ ਆ ਕੇ ਜੋ ਕੁਝ ਵੀ ਗਾਉਂਦਾ ਜਾਂ ਗੁਣਗੁਣਾਉਂਦਾ ਉਸ ਦੇ ਚੇਲੇ ਉਸਨੂੰ ਲਿਖ ਲੈਂਦੇ। ਪੰਜਾਬੀ ਵਿਚ ਉਸਦੀਆਂ ਕਾਫ਼ੀਆਂ ਉਪਲਬਧ ਹਨ। ਇਨ੍ਹਾਂ ਕਾਫ਼ੀਆਂ ਵਿਚ ਇਹ ਬੁੱਲ੍ਹੇ-ਸ਼ਾਹ ਤੋਂ ਬਹੁਤ ਪ੍ਰਭਾਵਿਤ ਜਾਪਦਾ ਹੈ।

ਮਹਿਬੂਬਾ ਦੇ ਮਹਿੰਦੀ ਲਾਈ
ਆਸ਼ਕਾਂ ਦੇ ਘਰ ਰੰਗ ਵੇ
ਮੈ ਰਾਂਝਣ ਦੀ ਰਾਂਝਣ ਮੇਰਾ
ਨਹੀਂ ਸੁ ਖੇੜੇ ਮੰਗ ਵੇ।

**ਗੁਲਾਮ ਜੀਲਾਨੀ ਰੋਹਤਕੀ** : ਗੁਲਾਮ ਜੀਲਾਨੀ ਜਾਤ ਦਾ ਸਯੱਦ ਸੀ। ਉਹ ਰੋਹਤਕ ਦੇ ਸ਼ਾਹ ਬੁਰਹਾਮੁੱਦੀਨ ਚਿਸ਼ਤੀ ਦਾ ਸਪੁੱਤਰ ਸੀ।ਇਸ ਤਰ੍ਹਾਂ ਉਹ ਸੂਫ਼ੀਆਂ ਦੇ ਚਿਸ਼ਤੀ ਕਾਦਰੀ ਮਿਲਿਸਲੇ ਨਾਲ ਸੰਬੰਧਤ ਸੀ। ਉਨ੍ਹਾਂ ਦੀ ਮਾਂ ਬਚਪਨ ਵਿਚ ਹੀ ਮਰ ਗਈ। ਇਸ ਲਈ ਉਸਦਾ ਪਾਲਨ-ਪੋਸ਼ਨ ਉਸ ਦੇ ਨਾਨਕਿਆਂ ਵੱਲੋਂ ਕੀਤਾ ਗਿਆ।

ਪੰਜਾਬੀ ਵਿਚ ਉਸਨੇ ਚਉਪਾਈਆਂ ਲਿਖੀਆਂ ਹਨ। ਇਨ੍ਹਾਂ ਚੋਪਾਈਆਂ ਵਿਚ ਉਨ੍ਹਾਂ ਨੇ ਸੂਫ਼ੀ ਮੱਤ ਦੇ ਵਿਭਿੰਨ ਮਸਲਿਆਂ ਨੂੰ ਛੋਹਿਆ ਹੈ। ਕੁਲ ਮਿਲਾ ਕੇ ਉਨ੍ਹਾਂ ਨੇ ਉਪਦੇਸ਼ ਤਮਕ ਕਾਵਿ ਦੀ ਰਚਨਾ ਕੀਤੀ ਹੈ।

**ਮੌਲਵੀ ਅਬਦੁਲ ਰਹਿਮਾਨ ਖੁਲਦੀ :** ਅਬਦੁਲ ਰਹਿਮਾਨ ਭਾਵੇਂ ਮੌਲਵੀ ਸੀ ਪਰ ਉਸਦੀ ਕਵਿਤਾ ਵਿਚ ਪੰਜਾਬੀ ਰੰਗ ਬੜਾ ਉਭਰ ਕੇ ਸਾਹਮਣੇ ਆਉਂਦਾ ਹੈ। ਉਹ ਸਿੱਧਵਾਂ ਪਿੰਡ ਜ਼ਿਲ੍ਹਾ ਗੁੱਜਰਾਂਵਾਲਾ (ਪਾਕਿਸਤਾਨ) ਦੀ ਇਕ ਮਸੀਤ ਵਿਚ ਇਮਾਮ ਵਜੋਂ ਕੰਮ ਕਰਦਾ ਸੀ। ਉਨ੍ਹਾਂ ਦਾ ਜਨਮ ਵੀ ਇਸੇ ਪਿੰਡ ਵਿਚ ਹੋਇਆ ਸੀ। ਉਹ ਕਿਹੜੇ ਸੂਫ਼ੀ ਸਿਲਸਿਲੇ ਨਾਲ ਸੰਬੰਧਤ ਸਨ ਇਸ ਬਾਰੇ ਸੂਚਨਾ ਉਪਲਬਧ ਨਹੀਂ। ਉਨ੍ਹਾਂ ਦੀ ਕਵਿਤਾ ਉਪਦੇਸ਼ਾਤਮਕ ਹੈ। ਆਪਣੀ ਕਵਿਤਾ ਵਿਚ ਉਹ ਹਰ ਤਰ੍ਹਾ ਦੇ ਪ੍ਰਤੀਕਾਂ ਰਾਹੀਂ ਮਨੁੱਖ ਨੂੰ ਚੰਗਾ ਬਣਨ ਦੀ ਪ੍ਰੇਰਨਾ ਦਿੰਦਾ ਹੈ।

**ਹਿਦਾਇਤੁੱਲਾ :** ਇਹ ਉਹੀ ਹਿਦਾਇਤੁੱਲਾ ਹੈ ਜਿਸ ਨੇ ਹੀਰ ਵਾਰਿਸ ਦੇ ਕਿੱਸੇ ਵਿਚ ਆਪਣੇ ਲਿਖੇ ਬੈਂਤ ਸ਼ਾਮਿਲ ਕਰ ਦਿੱਤੇ ਸਨ। ਉਹ ਕਈ ਕਿਸਮ ਦੇ ਭੁਲੇਖੇ ਸਿਰਜਣ ਦਾ ਕਾਰਨ ਬਣ ਗਿਆ ਸੀ। ਪੰਜਾਬੀ ਸੂਫ਼ੀ

ਕਵਿਤਾ ਦੇ ਖੇਤਰ ਵਿਚ ਉਨ੍ਹਾਂ ਨੇ ਇਕ ਦੀਵਾਨ ਲਿਖਿਆ ਹੈ। ਡਾ. ਗੁਰਦੇਵ ਸਿੰਘ ਉਸਦੇ ਕਲਾਮ ਵਿਚ ਅਬਦੁਲ ਕਾਦਰ ਜੀਲਾਨੀ ਪ੍ਰਤੀ ਸ਼ਰਧਾ ਵੇਖ ਕੇ ਉਨ੍ਹਾਂ ਨੂੰ ਕਾਦਰੀ ਸਿਲਸਿਲੇ ਨਾਲ ਸੰਬੰਧਤ ਕੀਤਾ ਹੈ। ਪੰਜਾਬੀ ਵਿਚ ਉਨ੍ਹਾਂ ਨੇ ਗਿਆਰਾਂ ਸਹਿਰਫੀਆਂ, ਇਕ ਬਾਰਾਮਾਹ ਅਤੇ ਕੁਝ ਦੋਹਵੇ ਲਿਖੇ ਹਨ। ਪਰ ਆਪਣੀਆਂ ਰਚਨਾਵਾਂ ਵਿਚ ਥਾਂ-ਥਾਂ ਸਵੈ ਕਥਨ ਕਰਨ ਕਾਰਨ ਉਸ ਵਿਚ ਹੋਛਾਪਨ ਬਹੁਤ ਹੈ। ਇਸ ਤਰ੍ਹਾਂ ਜਾਪਦਾ ਹੈ ਉਹ ਪ੍ਰਸਿੱਧੀ ਦਾ ਭੁੱਖਾ ਹੈ।ਪਰ ਉਨ੍ਹਾਂ ਨੂੰ ਆਪਣੀ ਕਾਵਿ ਪ੍ਰਤਿਭਾ ਬਾਰੇ ਸੋਝੀ ਵੀ ਹੈ।

ਜਿਵੇਂ ਸ਼ਾਇਰ ਸੁਖਨ ਕਮਾਲ ਕੀਤੇ
ਸਾਨੂੰ ਮੂਲ ਨਹੀ ਚਲ ਆਇਆ ਜੇ
ਸ਼ਿਅਰ ਬਿਨਾਂ ਅਰੂਜ ਦੇ ਖਾਮ ਮੇਰਾ
ਐਬ ਆਪਣਾ ਫੋਲ ਸੁਣਾਇਆ ਜੇ।

**ਗੁਲਾਮ ਫਰੀਦ :** ਗੁਲਾਮ ਫਰੀਦ ਪੰਜਾਬੀ ਦੇ ਪ੍ਰਮੁੱਖ ਸੂਫ਼ੀ ਕਵੀਆਂ ਵਿਚ ਆਖਰੀ ਕਵੀ ਹੈ। ਬੇਸ਼ੱਕ ਉਸਦੇ ਕਲਾਮ ਤੋਂ ਬਾਅਦ ਪੰਜਾਬੀ ਸੂਫ਼ੀ ਕਾਵਿ ਨੇ ਇਕ ਨਵਾਂ ਰੂਪ ਧਾਰ ਲਿਆ ਸੀ। ਗੁਲਾਮ ਫਰੀਦ ਦਾ ਜਨਮ 1843 ਈ. ਨੂੰ ਪਿੰਡ ਚਾਚੜਾਂ ਸ਼ਰੀਫ, ਬਹਾਦਰਪੁਰ (ਪਾਕਿਸਤਾਨ) ਵਿਚ ਹੋਇਆ। ਉਹ ਚਾਰ ਸਾਲ ਦਾ ਹੀ ਸੀ ਜਦੋਂ ਉਸਦੀ ਮਾਤਾ ਦੀ ਮੌਤ ਹੋ ਗਈ। ਅੱਠ ਸਾਲ ਦੀ ਉਮਰ ਵਿਚ ਪਿਤਾ ਖਵਾਜਾ ਖੁਦਾਬਖ਼ਸ਼ ਦਾ ਵੀ ਦੇਹਾਂਤ ਹੋ ਗਿਆ। ਉਨ੍ਹਾਂ ਦੇ ਪਾਲਨ ਦੀ ਜ਼ਿੰਮੇਦਾਰੀ ਵੱਡੇ ਭਰਾ ਫਖਰ-ਉਦ-ਦੀਨ ਦੇ ਸਿਰ ਆ ਪਈ। ਉਸ ਵੇਲੇ ਉਸ ਕੋਲ ਆਪਣੇ ਪਿਤਾ ਦੀ ਗੁਰਗੱਦੀ ਸੀ। ਜਦ ਫਰੀਦ 14 ਸਾਲ ਦਾ ਹੋ ਗਿਆ ਤਾਂ ਆਪਣੇ ਭਰਾ ਨੂੰ ਹੀ ਮੁਰਸ਼ਦ ਧਾਰਨ ਕਰਕੇ ਰੂਹਾਨੀ ਸਿੱਖਿਆ ਲੈਣੀ ਸ਼ੁਰੂ ਕਰ ਦਿੱਤੀ। ਜਦ ਉਹ 28 ਸਾਲ ਦਾ ਹੋਇਆ ਤਾਂ ਭਰਾ ਦੀ ਵੀ ਮੌਤ ਹੋ ਗਈ ਅਤੇ ਉਸਨੂੰ ਆਪਣੇ ਭਰਾ ਦੀ ਗੱਦੀ ਸੰਭਾਲਣੀ ਪਈ। ਗੁਰਗੱਦੀ ਤੇ ਬੈਠ ਕੇ ਆਪਣੇ ਲੋਕਾਈ ਨੂੰ ਰੂਹਾਨੀ ਸੰਦੇਸ਼ ਦੇਣਾ ਸ਼ੁਰੂ ਕਰ ਦਿੱਤਾ। ਇਸ ਰੂਹਾਨੀ ਸੰਦੇਸ਼ ਤੋਂ ਇਲਾਵਾ ਆਪਣੇ 271 ਕਾਫੀਆਂ, 175 ਦੋਹੜੇ ਅਤੇ ਗਜ਼ਲਾਂ ਲਿਖੀਆਂ। ਗੁਲਾਮ ਫਰੀਦ ਨੇ ਮਹਾਨ ਸੂਫ਼ੀਆਂ ਦੇ ਪ੍ਰਭਾਵ ਵਿਚ ਜਿਹੜਾ ਪੱਖ ਚੁਣਿਆਂ ਹੈ ਉਹ ਇਸ਼ਕ ਅਤੇ ਬਿਰਹਾ ਦਾ ਹੈ। ਉਨ੍ਹਾਂ ਨੇ ਇਸਲਾਮੀ ਵਿਰਸੇ ਨਾਲ ਜੁੜੇ ਰਹਿ ਕੇ ਲਿਖਿਆ ਹੈ। ਉਸਦੀ ਕਵਿਤਾ ਵਿਚ ਇਸ਼ਕ ਦੀ ਸਥਾਪਨਾ ਸਰੀਅਤ ਨੂੰ ਰੱਦ ਕਰਕੇ ਨਹੀਂ ਹੋਈ। ਜੇਕਰ ਹੋਈ ਵੀ ਹੈ ਤਾਂ ਇਹ ਵਿਰੋਧ ਬਹੁਤ ਹੀ ਹਲਕਾ ਜਿਹਾ ਰੁਲਭ ਅਤੇ ਕਲਾਤਮਕ ਹੈ। ਇਸ਼ਕ ਬਾਰੇ ਗੁਲਾਮ ਫਰੀਦ ਲਿਖਦਾ ਹੈ :

ਇਸ਼ਕ ਤੇਰੇ ਦੀ ਨਹਿਰ ਵਗੇ
ਕਈ ਤਰੀਆਂ ਕਰਮਾਂ ਵਾਲੜੀਆਂ
ਕਈ ਕੋਝੀਆਂ ਲੰਘ ਪਾ ਗਈਆਂ
ਤੇ ਰੋਵਨ ਸ਼ਕਲਾਂ ਵਾਲੜੀਆਂ
ਸ਼ਕਲਾਂ ਡੇਖ ਨਾ ਡੁੱਲੀ
ਬਾਹਰੋ ਚਿੱਟੀਆਂ ਅੰਦਰੋ ਕਾਲੜੀਆਂ।

ਗੁਲਾਮ ਫਰੀਦ ਦੀ ਕਵਿਤਾ ਦਾ ਸਭ ਤੋਂ ਵੱਡਾ ਗੁਣ ਇਸਦੀ ਸੰਗੀਤਾਤਮਕਤਾ ਹੈ। ਉਸ ਕੋਲ ਕਾਵਿਕਤਾ ਅਤੇ ਮੰਗੀਤਾਤਮਕਤਾ ਦੋਵੇਂ ਹੈ। ਉਨ੍ਹਾਂ ਨੂੰ ਸੰਗੀਤ ਦੀ ਬੜੀ ਡੂੰਘੀ ਸਮਝ ਸੀ। ਇਸਦਾ ਕਾਰਨ ਇਹ ਸੀ ਕਿ ਉਹ ਖੁਦ ਵੀ ਗਾਉਂਦਾ ਸੀ। ਇਸ ਕਰਕੇ ਉਨ੍ਹਾਂ ਨੇ ਆਪਣੇ ਕਲਾਮ ਨੂੰ ਸੰਗੀਤ ਦੇ ਪੱਧਰ ਉਤੇ ਰਚਿਆ ਹੈ।

ਉਸਨੇ ਆਪਣੇ ਭਾਵ ਪ੍ਰਗਟਾਵੇ ਲਈ ਜਿਹੜੇ ਸ਼ਬਦ ਚੁਣੇ ਹਨ, ਉਨ੍ਹਾਂ ਨੂੰ ਸੰਗੀਤ ਦੀਆਂ ਸੁਰਾਂ ਦੀ ਕੱਸਵਟੀ ਉਤੇ ਤੋਲ ਕੇ ਕਲਮਬੱਧ ਕੀਤਾ ਹੈ। ਸੰਗੀਤ ਕਵਿਤਾ ਦੀ ਸ਼ਕਤੀ ਹੈ।

ਰਥ ਧੀਮੇ ਧੀਮੇ ਤੋਰ
ਮੈਂਡਾ ਦਸਤਾ ਕਰਮ ਕਰੂਰ ਦਾ
ਮਤਾਂ ਵੰਗੀ ਲਗਨ ਟਕੋਰ
ਮੈਂਡਾ ਦਸਤਾ ਨਰਮ ਕਰੂਰ ਦਾ
ਮੈਂ ਤੋਂ ਯਾਰ ਫਰੀਦ ਸਵੀਸੋ
ਰਲ ਮਿਲ ਸ਼ਹਿਰ ਭੰਬੋਰ।

ਗੁਲਾਮ ਫਰੀਦ ਦੇ ਕਲਾਮ ਦਾ ਭਾਸ਼ਾਈ ਪੱਖ ਵੀ ਬੜਾ ਬਲਵਾਨ ਹੈ। ਉਨ੍ਹਾਂ ਨੂੰ ਅਰਬੀ, ਫ਼ਾਰਸੀ ਦਾ ਗਿਆਨ ਤਾਂ ਪ੍ਰਾਪਤ ਹੀ ਸੀ। ਇਸ ਤੋਂ ਬਿਨਾਂ ਉਸਦੀ ਕਵਿਤਾ ਵਿਚ ਹਿੰਦੀ, ਉਰਦੂ, ਬ੍ਰਜੀ, ਸਿੰਧੀ ਜ਼ੁਬਾਨਾਂ ਦੇ ਰੰਗ ਵੀ ਵੇਖਣ ਨੂੰ ਮਿਲਦੇ ਹਨ। ਮੁਲਤਾਨੀ ਭਾਸ਼ਾ ਨੂੰ ਗੁਲਾਮ ਫਰੀਦ ਨੇ ਆਪਣੇ ਸ਼ਿਖਰ ਉਤੇ ਪਹੁੰਚਾ ਦਿੱਤਾ। ਉਨ੍ਹਾਂ ਨੇ ਇਨ੍ਹਾਂ ਉਪ-ਬੋਲੀਆਂ ਵਿਚ ਦੋਹੜੇ, ਕਾਫ਼ੀਆਂ ਅਤੇ ਗਜ਼ਲਾਂ ਲਿਖ ਕੇ ਇਨ੍ਹਾਂ ਨੂੰ ਮਿਆਰੀ ਭਾਸ਼ਾ ਬਣਾ ਦਿੱਤਾ। ਆਧੁਨਿਕ ਯੁੱਗ ਵਿਚ ਵੀ ਗੁਲਾਮ ਫਰੀਦ ਦੀ ਕਵਿਤਾ ਦੀ ਸਾਰਥਿਕਤਾ ਹੈ। ਪੰਜਾਬੀ ਸੂਫ਼ੀ ਸਾਹਿਤ ਵਿਚ ਖਵਾਜਾ ਗੁਲਾਮ ਫਰੀਦ ਨੇ ਸਭ ਤੋਂ ਵੱਧ ਕਲਾਮ ਰਚਿਆ ਹੈ।ਗੁਲਾਮ ਫਰੀਦ ਪੰਜਾਬੀ ਸੂਫ਼ੀ ਕਾਵਿਧਾਰਾ ਦਾ ਆਖਰੀ ਪ੍ਰਤਿਭਾਵਾਨ ਸੂਫ਼ੀ ਕਵੀ ਹੈ।

### 3.4 Summary (ਨਿਸ਼ਕਰਸ਼)

ਨਿਸ਼ਕਰਸ਼ ਰੂਪ ਵਿਚ ਕਹਿ ਸਕਦੇ ਹਾਂ ਕਿ ਰਣਜੀਤ ਸਿੰਘ ਕਾਲ ਵਿਚ ਸੂਫ਼ੀ ਕਵੀਆਂ ਨੇ ਕਵਿਤਾ ਨੂੰ ਸਮਾਜਿਕ ਆਲੋਚਨਾ ਦਾ ਵਾਹਨ ਬਣਾ ਦਿੱਤਾ। ਇਸ ਕਾਲ ਦੇ ਸੂਫ਼ੀ ਕਵੀ ਹਾਸ਼ਮ ਸ਼ਾਹ, ਅਬਦੁਲ ਵਹਾਬ ਸੱਚਲ, ਗੁਲਾਮ ਜੀਲਾਨੀ, ਮੌਲਵੀ ਅਬਦੁਲ ਰਹਿਮਾਨ ਖੁਲਦੀ, ਗੁਲਾਮ ਫਰੀਦ ਆਦਿ ਹਨ।

### 3.5 Glossary (ਔਖੇ ਸ਼ਬਦਾਂ ਦੇ ਅਰਥ)

ਸ਼ਰ੍ਹਾਂ - ਜੀਵਨ ਜਾਂਚ

ਇਸ਼ਕ ਮਜਾਜੀ - ਦੁਨਿਆਵੀ ਪਿਆਰ

ਇਸ਼ਕ ਹਕੀਕੀ - ਰੱਬੀ ਇਸ਼ਕ

### 3.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

- ਰਣਜੀਤ ਸਿੰਘ ਕਾਲ ਦੇ ਸੂਫ਼ੀ ਸਾਹਿਤ ਬਾਰੇ ਜਾਣਕਾਰੀ ਦਿਉ ?
- ਰਣਜੀਤ ਸਿੰਘ ਕਾਲ ਦੇ ਪੰਜ ਸੂਫ਼ੀ ਕਵੀਆਂ ਦੀਆਂ ਰਚਨਾਵਾਂ ਬਾਰੇ ਵਿਸਤਾਰ ਸਹਿਤ ਚਰਚਾ ਕਰੋ?

### 3.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

1. ਰਣਜੀਤ ਸਿੰਘ ਕਾਲ ਦੇ ਪੰਜ ਸੂਫ਼ੀ ਕਵੀਆਂ ਦੇ ਨਾਂ ਦੱਸੋ।
2. ਗੁਲਾਮ ਫਰੀਦ ਦੀ ਕਵਿਤਾ ਦਾ ਸਭ ਤੋਂ ਵੱਡਾ ਗੁਣ ਕੀ ਹੈ।

3. ਕਾਦਰ ਬਖਸ਼ ਬੇਦਿਲ ਦਾ ਅਸਲੀ ਨਾਂ ਕੀ ਸੀ।

4. ਹਾਸ਼ਮ ਸ਼ਾਹ ਦਾ ਜਨਮ ਕਦੋਂ ਹੋਇਆ।

## 3.8 Suggested Reading (ਸਹਾਇਕ ਪੁਸਤਕ ਸੂਚੀ)


1. ਗੁਰਦੇਵ ਸਿੰਘ ਪੰਜਾਬੀ ਸੂਫੀ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2005
2. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ ਲਾਹੌਰ ਬੁੱਕ ਸ਼ਾਪ, ਲੁਧਿਆਣਾ, 2007
3. ਪ੍ਰੋ. ਬ੍ਰਹਮਜਗਦੀਸ਼ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2007

# ਆਧੁਨਿਕਤਾ ਅਤੇ ਆਧੁਨਿਕ ਬੋਧ

**Structure :**

4.1 Objective (ਉਦੇਸ਼)
4.2 Introduction (ਜਾਣ-ਪਛਾਣ)
4.3 Content Section (ਵਿਸ਼ਾ ਪੱਖ)
4.4 Summary (ਨਿਸ਼ਕਰਸ਼)
4.5 Glossary (ਔਖੇ ਸ਼ਬਦਾਂ ਦੇ ਅਰਥ)
4.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)
4.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)
4.8 Suggested Reading ( ਸਹਾਇਕ ਪੁਸਤਕ ਸੂਚੀ)

## 4.1 Objective (ਉਦੇਸ਼)

- ਇਸ ਅਧਿਆਇ ਵਿਚ ਵਿਦਿਆਰਥੀਆਂ ਨੂੰ ਆਧੁਨਿਕਤਾ ਅਤੇ ਆਧੁਨਿਕ ਬੋਧ ਦੇ ਸੰਕਲਪਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।
- ਵੱਖ-ਵੱਖ ਵਿਦਵਾਨਾਂ ਦੇ ਅਨੁਸਾਰ ਦਿੱਤੀਆਂ ਪਰਿਭਾਸ਼ਾਵਾਂ ਨੂੰ ਆਧਾਰ ਬਣਾ ਕੇ ਇਸ ਸੰਕਲਪ ਨੂੰ ਸਮਝਣ ਦਾ ਯਤਨ ਕੀਤਾ ਜਾਵੇਗਾ।

## 4.2 Introduction (ਜਾਣ-ਪਛਾਣ)

ਸਾਧਾਰਨ ਤੌਰ ਤੇ ਸਮਕਾਲੀਨਤਾ ਨੂੰ ਆਧੁਨਿਕਤਾ ਕਹਿ ਦਿੱਤਾ ਜਾਂਦਾ ਹੈ। ਕਾਲ ਦੇ ਸੰਦਰਭ ਵਿਚ ਹਰੇਕ ਵਰਤਮਾਨ ਕਾਲ, ਭੂਤਕਾਲ ਨਾਲੋਂ ਆਧੁਨਿਕ ਹੋਣ ਦਾ ਬੋਧ ਕਰਵਾਉਂਦਾ ਹੈ। ਪਰੰਤੂ ਕਲਾ ਅਤੇ ਸਾਹਿਤ ਵਿਚ ਕੀਤੀ ਜਾ ਰਹੀ ਅੱਜ ਕਲ ਆਧੁਨਿਕਤਾ ਦੀ ਪਰਿਭਾਸ਼ਾ ਸਮਕਾਲੀਨਤਾ ਅਤੇ ਵਰਤਮਾਨ ਕਾਲੀਨਤਾ ਤੋਂ ਬਿਲਕੁਲ ਵੱਖ ਹੈ। ਆਲੋਚਕਾਂ ਅਨੁਸਾਰ ਦੋ ਲੇਖਕ ਸਮਕਾਲੀ ਤਾਂ ਹੋ ਸਕਦੇ ਹਨ ਪਰ ਇਹ ਜ਼ਰੂਰੀ ਨਹੀਂ ਕਿ ਉਹ ਦੋਵੇਂ ਜਾਂ ਉਨ੍ਹਾਂ ਵਿਚੋਂ ਇਕ ਆਧੁਨਿਕ ਹੋਵੇ। ਵਾਸਤਵ ਵਿਚ ਆਧੁਨਿਕਤਾ ਵਿਸ਼ੇਸ਼ ਰੁਚੀਆਂ ਦੀ ਸੂਚਕ ਹੈ ਜਿਹੜੀਆਂ ਆਧੁਨਿਕ ਗਿਆਨ, ਵਿਗਿਆਨ ਅਤੇ ਮਨੋਵਿਗਿਆਨ ਦੀਆਂ ਆਧੁਨਿਕ ਖੋਜਾਂ ਦੇ ਸਿੱਟੇ ਵਜੋਂ ਕਲਾਕਾਰਾਂ ਅਤੇ ਸਾਹਿਤਕਾਰਾਂ ਵਿਚ ਉਤਪਨ ਹੋਈਆਂ ਹਨ।

## 4.3 Content Section (ਵਿਸ਼ਾ ਪੱਖ)

ਆਧੁਨਿਕਤਾ ਸ਼ਬਦ ਦਾ ਅਰਥ ਵੱਖ-ਵੱਖ ਪ੍ਰਸੰਗਾਂ ਵਿਚ ਵੱਖ-ਵੱਖ ਲਿਆ ਜਾਂਦਾ ਹੈ। ਪਛੱਮੀ ਵਿਚ ਆਧੁਨਿਕਤਾ ਦਾ ਉਦੈ 19ਵੀਂ ਸਦੀ ਵਿਚ ਸਨਅਤੀ ਯੁੱਗ ਅਤੇ ਸ਼ਹਿਰੀ ਸਭਿਅਤਾ ਦੇ ਸਥਾਪਿਤ ਹੋਣ ਨਾਲ ਹੋਇਆ ਮੰਨਿਆ ਜਾਂਦਾ ਹੈ। ਡਾ. ਕਰਮਜੀਤ ਸਿੰਘ ਨੇ ਵੇਲਾ ਵਿਹਾਅ ਚੁੱਕੀ ਪਰੰਪਰਾਗਤ ਅਤੇ ਨਵੀਨ ਸੰਵੇਦਨਾ ਨੂੰ ਵਿਖੇੜਨ ਵਾਲੀ ਤਰਕ ਸੰਗਤ ਵਿਸ਼ਲੇਸ਼ਣੀ ਦ੍ਰਿਸ਼ਟੀ ਅਤੇ ਵਿਗਿਆਨਕ ਸੋਝੀ ਨੂੰ ਹਰ ਯੁੱਗ ਵਿਚ ਆਧੁਨਿਕਤਾ ਦਾ ਨਾਮ ਦਿੱਤਾ ਹੈ। ਉਂਞ ਆਧੁਨਿਕਤਾ ਅਤੀਤ ਤੇ ਵਰਤਮਾਨ ਵਿਚਾਲੇ ਕੋਈ ਪੱਕੀ ਪੀਡੀ ਦੀਵਾਰ ਨਹੀਂ ਹੈ, ਸਗੋਂ ਆਧੁਨਿਕਤਾ ਪਦ ਇਕ ਅਜਿਹੀ ਸੰਵੇਦਨਾ ਦਾ ਬੋਧਿਕ ਹੈ, ਜੋ ਦੇਸ਼ ਕਾਲ ਦੀ ਸੀਮਾ ਤੋਂ ਉੱਪਰ ਉੱਠ ਕੇ ਬੌਧਿਕ, ਭਾਵੁਕ ਅਤੇ ਮਨੋਵਿਗਿਆਨਕ ਪੱਧਰ ਉੱਤੇ ਇਕ ਐਸੇ ਜੀਵਨਦਰਸ਼ਨ ਵੱਲ ਸੰਕੇਤ ਕਰਦੀ ਹੈ ਜੋ ਵਰਤਮਾਨ ਵਿਚ ਵਿਚਰਦਿਆਂ ਹੋਇਆਂ ਵੀ ਅਤੀਤ ਦੇ ਮਾਨਵੀ ਅਨੁਭਵ, ਇਤਿਹਾਸ ਅਤੇ ਸਭਿਆਚਾਰ ਨੂੰ ਤਰਕਸ਼ੀਲ ਸੋਝੀ ਅਤੇ ਵਿਗਿਆਨਕ ਦ੍ਰਿਸ਼ਟੀ ਨਾਲ ਗ੍ਰਹਿਣ ਕਰਨ ਦੀ ਪ੍ਰੇਰਨਾ ਦਿੰਦਾ ਹੈ।

ਡਾ. ਅਤਰ ਸਿੰਘ ਨੇ ਆਧੁਨਿਕ ਪਦ ਵਿਆਪਕ ਅਰਥ ਵਿਚ ਪ੍ਰਯੋਗ ਕਰਦੇ ਹੋਏ ਇਸ ਨੂੰ ਸੰਸਕ੍ਰਿਤੀ ਦੇ ਇਕ ਸੰਪੂਰਨ ਜਟਿਲ ਸੰਦਰਭ ਦਾ ਵਰਣਨ ਕਰਨ ਵਾਲੇ ਪਦ ਵਜੋਂ ਅਪਣਾਉਣ ਦੀ ਸ਼ਿਫਾਰਸ਼ ਕੀਤੀ ਹੈ। ਇਹ ਸੰਦਰਭ ਯੂਰਪ ਵਿਚ ਵੀ ਵਿਕਸਿਤ ਹੋਇਆ ਅਤੇ ਪੰਦਰਵੀਂ ਸਦੀ ਤੋਂ ਲੈ ਕੇ ਅੱਜ ਤੱਕ ਯੂਰਪ ਤੋਂ ਦੂਰ-ਦੂਰ ਤੱਕ ਪਸਰਿਆ ਹੈ। ਇਹ ਜਟਿਲ ਸੰਦਰਭ ਆਰਥਿਕ ਆਧਾਰ ਉਤੇ ਨਿਰਭਰ ਕਰਦਾ ਹੈ। ਡਾ. ਅਤਰ ਸਿੰਘ ਨੇ ਆਧੁਨਿਕ ਸ਼ਬਦ ਨੂੰ (ਨਵੀਨ) ਅਤੇ (ਸਮਕਾਲੀ) ਨਾਲੋਂ ਨਿਖੇੜ ਕੇ ਦੇਖਣ-ਸਮਝਣ ਦੀ ਨਸੀਅਤ ਵੀ ਕੀਤੀ ਹੈ। 'ਨਵੀਨ' ਅਤੇ 'ਸਮਕਾਲੀ' ਪਦ ਦੋਵੇਂ ਕਾਲਵਾਚੀ ਹਨ ਅਤੇ ਵਿਸ਼ਲੇਸ਼ਣ ਦੀ ਦ੍ਰਿਸ਼ਟੀ ਤੋਂ ਉਹਨਾਂ ਹਾਲਾਤਾਂ ਵੱਲ ਸੰਕੇਤ ਕਰਦੇ ਹਨ ਜਿਹੜੀਆਂ ਸਮੇਂ ਵਿਚ ਸਾਡੇ ਸਭ ਤੋਂ ਨੇੜੇ ਹਨ। ਨਿਰੋਲ ਕਾਲਵਾਚੀ ਹੋਣ ਕਰਕੇ ਇਹਨਾਂ ਦੋਹਾਂ ਸੰਕੇਤਾਂ ਵਿਚ ਸਥਾਨ ਦੇ ਅਰਥ ਉਸ ਥਾਂ ਤੇ ਪ੍ਰਸੰਗ ਵਿਚ ਹੀ ਹੋਣੇ ਚਾਹੀਦੇ ਹਨ, ਜਿਸ ਦੇ ਸੰਬੰਧ ਵਿਚ ਇਹਨਾਂ ਦੀ ਵਰਤੋਂ ਹੋਈ ਹੈ। ਇਉਂ 'ਨਵੀਨ' ਅਤੇ 'ਸਮਕਾਲੀ' ਆਪਣੇ ਅਰਥ ਸਮੇਂ ਦੇ ਸੰਦਰਭ ਵਿਚ ਅਪਣਾਉਂਦੇ ਹਨ ਪਰ ਆਧੁਨਿਕ ਤੇ ਆਧੁਨਿਕਤਾ ਆਪਣੇ ਅਰਥ ਸਮੇਂ ਦੇ ਨਾਲ-ਨਾਲ ਆਪਣੇ ਵਿਸ਼ੇਸ਼ ਸੁਭਾਅ ਤੋਂ ਵੀ ਗ੍ਰਹਿਣ ਕਰਦੇ ਹਨ।

ਆਧੁਨਿਕ ਸੰਵੇਦਨਾ ਜਾਂ ਆਧੁਨਿਕ ਬੋਧ ਸ਼ਬਦ ਦਾ ਪ੍ਰਯੋਗ ਉਸ ਸੋਝੀ, ਗਿਆਨ ਜਾਂ ਜਾਣਕਾਰੀ ਨਾਲ ਸੰਬੰਧ ਰੱਖਦਾ ਹੈ, ਜਿਹੜਾ ਨਵੀਨ ਉਦਯੋਗਿਕ ਯੁਗ ਤੋਂ ਪ੍ਰਾਪਤ ਹੋ ਰਿਹਾ ਹੈ। ਭਾਰਤ ਵਿਚ ਆਧੁਨਿਕ ਚੇਤਨਾ ਦਾ ਯੁਗ ਅੰਗਰੇਜ਼ੀ ਰਾਜ ਦੀ ਸਥਾਪਤੀ ਨਾਲ ਆਰੰਭ ਹੋਇਆ ਸੀ। ਪਛੱਮੀ ਸਾਂਸਕ੍ਰਿਤਿਕ ਚੇਤਨਾ ਨੇ ਜਦੋਂ ਭਾਰਤੀ ਮੂਲ ਦੀਆਂ ਪੁਰਾਣੀਆਂ ਕਦਰਾਂ-ਕੀਮਤਾਂ, ਵਿਸ਼ਵਾਸਾਂ, ਸਮਾਜਕ ਰਵਾਇਤਾਂ ਅਤੇ ਪ੍ਰਤੀਮਾਨਾਂ ਉੱਤੇ ਨਵੀਂ ਜੇਤੂ ਸੰਸਕ੍ਰਿਤੀ ਦਾ ਪ੍ਰਭਾਵ ਪੂਰੀ ਤਰ੍ਹਾਂ ਹਾਵੀ ਕਰ ਦਿੱਤਾ ਤਾਂ ਭਾਰਤੀ ਮੂਲ ਦੇ ਮਨੁੱਖ ਨੇ ਵੀ ਨਵੇਂ ਸਿਰਿਉਂ ਸੋਚਣਾ ਆਰੰਭ ਕਰ ਦਿੱਤਾ ਸੀ। ਮਨੁੱਖ ਕਿਉਂਕਿ ਸਮਾਜਿਕ ਚੌਗਿਰਦੇ ਦੀ ਪੈਦਾਵਾਰ ਹੈ ਅਤੇ ਇਸ ਤਬਦੀਲੀ ਦਾ ਬੁਨਿਆਦੀ ਕਾਰਨ ਵੱਖ-ਵੱਖ ਸਮਾਜਕ ਸਮੂਹਾਂ ਦਾ ਪਰਸਪਰ ਆਦਾਨ-ਪ੍ਰਦਾਨ ਹੁੰਦਾ ਹੈ।

ਜਦੋਂ ਪਛੱਮ ਦੇ ਪ੍ਰਭਾਵ ਸਦਕਾ ਨਵੀਂ ਚੇਤਨਾ, ਨਵੀਂ ਜੀਵਨ-ਜਾਂਚ ਅਤੇ ਨਵੀਂ ਕਾਰਜ ਸ਼ੈਲੀ ਨੇ ਜਨਮ ਲੈਣਾ ਸ਼ੁਰੂ ਕਰ ਦਿੱਤਾ ਸੀ ਤਾਂ ਪ੍ਰਾਚੀਨ ਸਮੇਂ ਤੋਂ ਭਾਰਤ ਵਿਚ ਪ੍ਰਚੱਲਤ ਸਾਰੀਆਂ ਹੀ ਰਵਾਇਤਾਂ ਅਤੇ ਪੂਰਵਕਾਲੀ ਲਹਿਰਾਂ ਵਿਚ ਭਾਵੁਕਤਾ ਭਾਰੂ ਹੁੰਦੀ ਸੀ। ਅਧੀਨ ਇਸ ਭਾਵੁਕਤਾ ਦੀ ਤਾਂ ਤਰਕਸ਼ੀਲਤਾ ਭਾਰੂ ਹੋਣ ਲਗ ਪਈ ਹੈ।

ਭਾਰਤੀ ਚਿੰਤਨ-ਚੇਤਨਾ ਵਿਚ ਪੁਰਾਣੇ ਵਿਚਾਰਾਂ ਦਾ ਮੂਲਾਂਕਣ ਕਰਨ ਦੀ ਰੁਚੀ ਪੈਦਾ ਹੋ ਗਈ ਸੀ। ਵਰਤਾਨ ਸਮੇਂ ਵਿਚ ਤਰਕਵਾਦ ਨੇ ਉਹੀ ਸਥਾਨ ਗ੍ਰਹਿਣ ਕਰ ਲਿਆ ਜਿਹੜਾ ਪੁਰਾਤਨ ਚਿੰਤਨ ਪ੍ਰਣਾਲੀ ਵਿਚ

ਰਹੱਸਵਾਦ ਨੂੰ ਪ੍ਰਾਪਤ ਹੁੰਦਾ ਸੀ। ਵਿਅਕਤੀਗਤ ਸੋਚ ਅਤੇ ਸ਼ਕਤੀ ਦੀ ਥਾਂ ਸਮੂਹਿਕ ਸੋਚ ਤੇ ਸ਼ਕਤੀ ਦਾ ਸੁਆਗਤ ਹੋਣ ਲਗ ਪਿਆ। ਪ੍ਰਲੋਕ ਨਾਲੋਂ ਲੋਕ ਦਾ ਮਹੱਤਵ ਵਧ ਗਿਆ। ਮਾਨਵਵਾਦੀ ਭਾਵਨਾ ਵਿਕਸਿਤ ਹੋਣ ਲਗ ਪਈ।

ਪਰਾਭੌਤਿਕ, ਵਚਿੱਤਰ ਤੇ ਆਦਰਸ਼ ਗੁਣ ਲੱਛਣਾਂ ਵਾਲੇ ਵਰਤਾਰਿਆਂ ਨਾਲੋਂ ਸਾਧਾਰਨ ਮਨੁੱਖ ਤੇ ਉਸ ਦੇ ਜੀਵਨ ਦਾ ਮਹੱਤਵ ਵਧ ਗਿਆ। ਲੋਕਤਾਂਤਰਿਕ ਪ੍ਰਣਾਲੀ ਨੇ ਵਿਰਕਤੀਵਾਦੀ ਰੁਚੀਆਂ ਨੂੰ ਉਤਸ਼ਾਹ ਦਿੱਤਾ। ਵਿਸ਼ਵ ਪੱਧਰ ਦੇ ਲੇਖਕਾਂ ਚਿੰਤਕਾਂ ਦੇ ਵਿਚਾਰ ਤੋਂ ਪ੍ਰਭਾਵ ਕਬੂਲ ਲੈਣ ਉਪਰੰਤ ਪੰਜਾਬੀ ਸਭਿਆਚਾਰ ਅੰਦਰ ਪੈਦਾ ਹੋਈ ਕ੍ਰਾਂਤੀਕਾਰੀ ਚੇਤਨਾ ਪਰੰਪਰਾਗਤ ਮੁੱਲਾਂ ਨਾਲੋਂ ਹਰ ਤਰ੍ਹਾਂ ਨਾਲ ਵਖਰੇਵਾਂ ਰੱਖਦੀ ਸੀ।ਇਸੇ ਤਬਦੀਲੀ ਨੂੰ ਤਕਨੀਕੀ ਭਾਸ਼ਾ ਵਿਚ 'ਆਧੁਨਿਕ ਬੋਧ' ਦਾ ਨਾਂ ਦਿੱਤਾ ਗਿਆ ਹੈ।

ਭਾਵਨਾ ਦੂਜੇ ਸਾਹਿਤ ਰੂਪਾਂ ਦੇ ਮੁਕਾਬਲੇ ਪਹਿਲਾਂ ਆਰੰਭ ਹੋਈ ਹੈ ਤੇ ਇਸ ਦਾ ਵਿਸਥਾਰ ਲਗਭਗ ਹਰ ਤਰ੍ਹਾਂ ਨਾਲ ਹੋਇਆ ਹੈ।

ਇਹ ਤੱਥ ਆਸ ਦੇ ਇਸ ਮੂਲ ਵਿਵੇਕ ਉੱਤੇ ਆਧਾਰਿਤ ਹੈ ਕਿ ਕਲਾਕਾਰ ਦੇ ਵਿਤ੍ਰਿਕਤ ਅੰਤਰ ਮਨ ਵਿਚ ਸੁੰਗੜੀ ਦੁਨੀਆਂ ਨੂੰ ਬਾਹਰਲੇ ਸੰਸਾਰ ਨਾਲ ਮੁੜ ਜੋੜ ਸਕਦੀ ਹੈ ਅਤੇ ਆਪਣੀ ਰਚਨਾਤਮਕ ਦ੍ਰਿਸ਼ਟੀ ਦੁਆਰਾ ਉਹ ਕਲਾ ਪ੍ਰਤੀ ਰੁਚੀ ਵਾਲੇ ਲੋਕਾਂ ਦੇ ਜੀਵਨ ਵਿਚ ਕ੍ਰਾਂਤੀ ਦੀ ਚਿਣਗ ਬਾਲ ਦਿੰਦਾ ਹੈ।

ਇਹੀ ਕਾਰਣ ਹੈ ਕਿ ਨਿਖੇਦਵਾਦੀ, ਅਭਿਵਿਅੰਜਨਾਵਾਦੀ, ਪੜਯਥਾਰਥਵਾਦੀ ਉਦੇਸ਼ ਪੱਤਰਾਂ ਵਿਚ ਵੀ ਕ੍ਰਾਂਤੀਸ਼ੀਲ ਚੇਤਨਾ ਦੀ ਭਾਵਨਾ ਇਕਸਾਰ ਵਿਦਮਾਨ ਨਜ਼ਰ ਆਉਂਦੀ ਹੈ। ਸਾਰੇ ਹੀ ਅਸਲ ਕ੍ਰਾਂਤੀਕਾਰੀ ਹੋਣ ਦਾ ਦਾਅਵਾ ਕਰਦੇ ਹਨ ਅਤੇ ਵਿਸ਼ਵਾਸ ਕਰੇ ਹਨ ਕਿ ਜੀਵਨ ਸ਼ਕਤੀ ਦੀ ਉਹ ਪ੍ਰਤੀਨਿਧਤਾ ਕਰਦੇ ਹਨ, ਉਹੀ ਸਮਾਜਕ ਸ਼ਕਤੀ ਦੀ ਥਾਹ ਬਣੇਗੀ। ਉਨ੍ਹਾਂ ਦਾ ਇਹ ਵਿਸ਼ਵਾਸ ਆਧੁਨਿਕ ਕਵਿਤਾ ਜਾਂ ਕਲਾ ਨੂੰ ਅਚੇਤ ਸ਼ਕਤੀਆਂ ਦੇ ਲੋਕਤੰਤਰ ਦੀ ਪ੍ਰਤੀਨਿਧ ਬਣਾਉਂਦਾ ਹੈ ਜੋ ਆਰਥਿਕ ਲੋਕਤੰਤਰ ਦੀ ਭਾਵਨਾ ਦਾ ਹੀ ਰਚਨਾਤਮਕ ਪ੍ਰਕਾਸ਼ ਬਣ ਨਿਬੜਦਾ ਹੈ।

1. ਆਧੁਨਿਕ ਯਥਾਰਥ ਨੂੰ ਸਾਂਝੇ ਮਾਨਸਿਕ ਜੀਵਨ ਦੇ ਪਰਤੀਕ ਪਬੰਧ ਵਿਚ ਅਭਿਵਿਅਕਤ ਕਰਨ ਵਾਲੀ ਕਲਾ, ਆਦ ਦੇ ਸਮਾਜਕ ਪ੍ਰਤਿਰੂਪ ਦੀ ਤਸਵੀਰ ਦਾ ਉਲਟਾ ਆਸਾ ਪਾਸਾ ਪੇਸ਼ ਕਰਦੀ ਹੈ। ਆਸ ਦਾ ਸਮਾਜਕ ਪ੍ਰਤਿਰੂਪ ਅੰਦਰਲੀ ਦ੍ਰਿਸ਼ਟੀ ਨੂੰ ਸਮਾਜਕ ਪਰਿਵਰਤਨ ਵਿਚ ਰੂਪਾਂਤ੍ਰਿਤਕਰਨ ਦਾ ਸੰਕਲਪ ਕਰਦਾ ਹੈ, ਜਦ ਕਿ ਸਾਂਝੇ ਮਾਨਸਿਕ ਜੀਵਨ ਦਾ ਪ੍ਰਤੀਕ ਪ੍ਰਬੰਧ ਵਸਤੂ ਜਗਤ ਦੇ ਬਿੰਬਾਂ ਨੂੰ ਨਵੇਂ ਅਦਾਨ ਪਦਾਨ ਕਰਦਾ ਹੈ, ਦੂਸਰੇ ਸ਼ਬਦਾਂ ਵਿਚ ਸੁਰਜ, ਚੰਨ, ਪਹਾੜ ਧਰੂ ਤਾਰਾ, ਵੈਦ, ਮਣੀ, ਦਾਦਾ, ਬੀਜ, ਲੋਕਪਾਲ, ਖੇੜੇ ਹੰਸ, ਬਗਲਾ, ਸਾਜ ਆਦਿ ਲੋਕ ਮਾਨਸ ਵਿਚ ਸ਼ੁਭ ਹੋਏ ਸ਼ਬਦ ਸਹਿਜੇ ਹੀ ਮਾਨਸਿਕ ਜੀਵਨ ਦੇ ਪ੍ਰਤੀਕਾਂ ਦੇ ਰੂਪ ਵਿਚ ਵਿਸ਼ਾਲ ਅਰਥ ਅਤੇ ਨਵੇਂ ਪਾਸਾਰ ਗ੍ਰਹਿਣ ਕਰ ਸਕਦੇ ਹਨ।

2. ਕਲਾ ਦੇ ਵਿਕਲਪੀ ਜੀਵਨ ਤੋਂ ਸਪੈਡਰ ਦਾ ਭਾਵ ਉਪਰੋਕਤ ਦੋਹਾਂ ਆਸ਼ਿਆਂ ਤੋਂ ਭਿੰਨ ਹੈ। ਕਲਾ ਦੇ ਵਿਕਲਪੀ ਜੀਵਨ ਦੀ ਸਥਿਤੀ ਉਦੋਂ ਪੈਦਾ ਹੁੰਦੀ ਹੈ ਜਦੋਂ ਕਲਾਕਾਰ ਦੁਆਰਾ ਰਚਨਾਤਮਕ ਪ੍ਰਕਿਰਆਿਵਾਂ ਨੂੰ ਜੀਵਨ ਦੇ ਵਾਸਤਵਿਕ ਅਨੁਭਵਾਂ, ਖੁਸ਼ੀਆਂ ਜਾਂ ਲਿੰਗ ਪੂਰਤ ਦੇ ਅਨੁਭਵਾਂ ਦੇ ਨੇੜੇ ਲਿਆਉਣ ਦੀ ਕਾਮਨਾ ਕੀਤੀ ਜਾਂਦੀ ਹੈ।

3. ਇਸੇ ਆਸ਼ੇ ਦੀ ਸਾਧਨਾ ਲਈ ਲੇਖਕ ਦੁਆਰਾ ਸਾਹਿਤ ਬਾਹਰੀਆਂ ਸਮਵੇਦਨਾਵਾਂ ਜਾਂ ਅਨੁਭੂਤੀਆਂ ਨੂੰ ਉਤੇਜਿਤ ਕਰਨ ਵਾਲੀ ਸਾਹਿਤਿਕ ਤਕਨੀਕ ਆਪਣਾ ਲਈ ਜਾਂਦੀ ਹੈ। ਪੜ੍ਹ ਯਥਾਰਥਵਾਦੀਆਂ ਨੇ ਕਵਿਤਾ ਨੂੰ ਕਥਿਤ ਪਗਵਾਤਵਿਕ ਮਾਨਸਿਕ ਅਵਸਥਾਵਾਂ ਨੂੰ ਪੈਦਾ ਕਰਨ ਦੀ ਰਚਨਾਤਮਕ ਵਿਧੀ ਦੇ ਤੌਰ ਤੇ ਵਰਤਿਆ, ਇੰਝ ਹੀ ਕਲਾ ਨੂੰ ਜੀਵਨ ਅਨੁਭਵ ਦੇ ਬਦਲਦੇ ਰੂਪ ਵਿਚ ਪੇਸ਼ ਕਰਨ ਵਾਲੀਆਂ ਹੋਰ ਸਭ

ਧਾਰਾਵਾਂ, ਕਲਾ ਦੇ ਮਾਧਿਅਮ ਦੁਆਰਾ ਸਨਅਤੀਕਰਣ ਵਾਲੇ ਸਮਾਜਾਂ ਵਿਰੁੱਧ ਮਾਨਸਿਕ ਜੀਵਨ ਦਾ ਸੰਤੁਲਨ ਬਹਾਲ ਕਰਨ ਵਾਲੀਆਂ ਆਤਮਕ ਇੰਦ੍ਰਆਣੀ ਜਾਂ ਗ੍ਰਹਜ ਸ਼ਕਤੀਆਂ ਦੇ ਪ੍ਰਤੱਖਣ ਦਾ ਯਤਨ ਕਰਦੀਆਂ ਹਨ। ਅਰਥਾਤ ਇਹ ਸਭ ਧਾਰਾਵਾਂ ਰਚਨਾਤਮਕ ਸੰਵੇਦਨਾ ਨੂੰ ਜੀਵਨ ਦੇ ਵਾਸਤਵਿਕ ਅਨੁਭਵ ਦੇ ਬਦਲਾਦੇ ਰੂਪ ਵਿਚ ਪ੍ਰਸਤੂਤ ਕਰਨ ਦਾ ਸੰਕਲਪ ਪੇਸ਼ ਕਰਦੀਆਂ ਹਨ।

4. ਯਥਾਰਥ ਦਾ ਵਿਰੂਪਣ ਅਥਵਾ ਕਲਾ ਦੁਆਰਾ ਯਥਾਰਥ ਨੂੰ ਵਿਗਾੜ ਕੇ ਵਿਅਕਤ ਕਰਨ ਦੀ ਰੁਚੀ, ਸਾਹਿਤ ਜਾਂ ਕਵਿਤਾ ਦੀ ਤੁਲਨਾ ਵਿਚ ਆਧੁਨਿਕ ਚਿਤਰ ਕਲਾ ਜਾਂ ਮੂਰਤੀ ਕਲਾ ਆਦਿ ਦਰਸ਼ਨੀ ਕਲਾਵਾਂ ਦੇ ਇਕ ਰਚਨਾਤਮਕ ਤੱਤ ਦੇ ਰੂਪ ਵਿਚ ਵਧੇਰੇ ਉਘੜ ਕੇ ਸਾਹਮਣੇ ਆਈ ਹੈ। ਵਿਰੂਪਣ ਕਲਾ ਸਮਗਰੀ ਅਤੇ ਪ੍ਰਕਿਰਤੀ ਨੂੰ ਅਸਲਾਂ ਨਵੇਂ ਢੰਗ ਨਾਲ ਵਰਤਣ ਵਿਉਂਤਣ ਲਈ ਕਲਾ ਦੀ ਖੇਡ ਨੂੰ ਦਿੱਤੀ ਗਈ ਨਵੀਂ ਦੇਣ ਹੈ। ਇਸ ਦੇ ਫਲਸਰੂਪ ਵਿਰੂਪਣ ਯੁਗ ਦੇ ਵਸਤੂਗਤ ਯਥਾਰਥ ਪ੍ਰਤੀ ਕਲਪਨਾਸ਼ੀਲ ਕਲਾਕਾਰ ਦੀ ਅਨਭੂਤੀ ਤੇ ਯਥਾਰਥ ਦੇ ਸੰਬੰਧ ਨੂੰ ਅਭਿਵਿਅਕਤ ਕਰਨ ਵਾਲੀ ਕਲਾ ਜਗਤ ਬਣ ਨਿਬੜਦੀ ਹੈ। ਦੂਸਰੇ ਸ਼ਬਦਾਂ ਵਿਚ ਵਿਰੂਪਣ ਦਾ ਤੱਤ ਅੰਤਰ ਆਪੇ ਅਤੇ ਵਸਤੂ ਜਗਤ ਦੇ ਅੰਤਰ ਸਬੰਧ ਦਾ ਉਹ ਪੱਖ ਹੈ ਜੋ ਹੁਣ ਦੇ ਪਲ ਨਾਲ ਜਬਰ ਖਾ ਕੇ ਅਨੇਕਾਂ ਅਰਥ ਪਾਸਾਰ ਗ੍ਰਹਿਣ ਕਰ ਜਾਂਦਾ ਹੈ। ਬੇਸ਼ਕ ਇਸ ਤੱਤ ਦੀ ਸ਼ਾਧਨਾ ਵਿਚ ਆਧੁਨਿਕ ਕਲਾ ਦੇ ਅਨੇਕਾਂ ਆਸ਼ਿਆਂ ਦੇ ਸੁਮੇਲ ਦਾ ਆਭਾਸ ਹੁੰਦਾ ਹੈ।

ਆਧੁਨਿਕ ਕਲਾ ਜਾਂ ਕਵਿਤਾ ਵਿਚ ਆਧੁਨਿਕ ਸੰਵੇਦਨਾ ਦਾ ਪ੍ਰਕਾਸ਼ ਕਈ ਇਕ ਧਾਰਾਵਾਂ ਜਾਂ ਵਾਦਾ ਦੇ ਰੂਪਾਂ ਵਿਚ ਹੋਇਆ ਮਿਲਦਾ ਹੈ ਜਿਨ੍ਹਾਂ ਵਿਚ ਕਈ ਇਕ ਪੱਧਰਾਂ ਉੱਤੇ ਪਹੁੰਚ ਅਤੇ ਵੇਰਵੇ ਦੇ ਅੰਤਰ ਵਿਰੋਧ ਵੀ ਪ੍ਰਗਟ ਹੁੰਦੇ ਹਨ। ਪਰ ਸਟੀਫਨ ਸਪੈਡਰ ਨੇ ਇਨ੍ਹਾਂ ਸਭ ਧਾਰਾਵਾਂ ਅਥਵਾ ਵਾਦਾਂ ਨੂੰ ਅਤੀਤ ਅਤੇ ਭਵਿੱਖ ਦੇ ਗਤੀਸ਼ੀਲ ਟਕਰਾਉ ਦੇ ਰੂਪ ਵਿਚ ਸੰਪੂਰਣ ਦਰਸ਼ਨ ਦੀਆਂ ਅੱਡ ਅਭਿਅੰਜਨਾਂ ਤਕਨੀਕਾਂ ਅਤੇ ਪ੍ਰੋਗ੍ਰਾਮਾਂ ਦੇ ਰੂਪ ਵਿਚ ਸੰਕਲਪਿਤ ਕੀਤਾ ਹੈ। ਉਸਦਾ ਮਤ ਹੈ ਕਿ ਇਨ੍ਹਾਂ ਸਾਰੀਆਂ ਧਾਰਾਵਾਂ ਵਿਚ ਆਧੁਨਿਕ ਸੰਵੇਦਨਾ ਦਾ ਰਚਨਾਤਮਕ ਪ੍ਰਕਾਸ਼ ਨਿਮਨ-ਅੰਕਤ ਮਨੋਰਥਾਂ ਦੀ ਸਾਧਨਾ ਨੂੰ ਸਮਰਪਿਤ ਹੈ।

1. ਨਵੀਂ ਕਲਾ ਦੁਆਰਾ ਆਧੁਨਿਕ ਅਨੁਭਵ ਦੀ ਸਾਧਨਾ ਜਾਂ ਪ੍ਰਤੀਤੀ

2. ਕਲਾ ਦੁਆਰਾ, ਸਮਾਜ ਨੂੰ ਪ੍ਰਭਾਵਿਤ ਕਰਨ ਵਾਲੇ, ਆਸ ਦੇ ਪ੍ਰਤਿਰੂਪ ਦਾ ਅਵਿਸ਼ਕਾਰ

3. ਉਸ ਕਲਾ ਦਾ ਸੰਕਲਪ ਜੋ ਸਾਂਝੇ ਜੀਵਨ ਦੇ ਆਧੁਨਿਕ ਪ੍ਰਤੀਕ ਪ੍ਰਬੰਧ ਵਿਚ ਅਤੀਤ ਨੂੰ ਵਰਤਮਾਨ ਨਾਲ ਅਭੇਦ ਕਰੇਗੀ।

4. ਕਲਾ ਦਾ ਵਿਕਲਪੀ ਜੀਵਨ

5. ਯਥਾਰਥ ਦਾ ਵਿਰੂਪਣ

1. ਪਰੰਪਰਾ ਦਾ ਕ੍ਰਾਂਤੀਕਾਰੀ ਸਕੰਲਪ

1. ਆਧੁਨਿਕ ਅਨੁਭਵ ਦੀ ਸਾਧਨਾ ਜਾਂ ਪ੍ਰਤੀਤੀ, ਆਾਧੁਨਿਕ ਸੰਸਾਰ ਦੇ ਤੀਬਰਤਾ ਸਾਹਿਤ ਅਨੁਭਵ ਕੀਤੇ ਜਾਣ ਵਾਲੇ ਪਰਿਵਰਤਨਾਂ ਨੂੰ ਅਭਿਵਿਅਕਤ ਕਰਨ ਲਈ ਨਵੀਂ ਰਚਨਾ-ਸ਼ੈਲੀ ਨੂੰ ਜਨਮ ਦੇਣ ਦਾ ਮੂਲ ਸੰਕੇਤ ਅਥਵਾ ਨਿਸਚਾ ਹੈ। ਸਨਅਤੀ ਸ਼ਹਿਰ, ਮਸ਼ੀਨਾਂ, ਕ੍ਰਾਂਤੀਆਂ, ਵਿਗਿਆਨਕ ਸੋਚਣੀ ਆਦਿ ਨੇ ਮਾਨੋ ਰਹਿਣੀ ਬਹਿਣੀ ਦਾ ਸੁਭਾਅ ਹੀ ਬਦਲ ਕੇ ਰੱਖ ਦਿੱਤਾ ਹੈ। ਇਸ ਲਈ ਆਧੁਨਿਕ ਕਵੀ ਜਾਂ ਕਲਾਕਾਰ ਨੂੰ ਵੇਖਣ, ਭਾਖਣ ਅਤੇ ਸੁਣਨ ਦਾ ਨਵਾਂ ਮੁਹਾਵਰਾ ਗ੍ਰਹਿਣ ਕਰ ਕੇ ਆਧੁਨਿਕ ਅਧਿਕਾਰ ਨੂੰ ਪੂਰਨ ਕਰ ਕੇ ਬਦਲੇ ਜਾਂ ਸੋਧੇ ਹੋਏ ਕਲਾ ਰੂਪਾਂ ਵਿਚ ਢਾਲਣਾ ਪੈਂਦਾ ਹੈ।

ਇੰਜ ਅਜਿਹੇ ਮੁਹਾਵਰੇ ਦਾ ਅਵਿਸ਼ਕਾਰ ਕਰਨਾ ਆਧੁਨਿਕ ਅਨੁਭਵ ਸਾਧਨਾਂ ਦਾ ਸਭ ਤੋਂ ਉਘੜਵਾਂ ਲੱਛਣ ਹੈ ਜੋ ਸਮਕਾਲੀਆਂ ਦੀ ਆਵਾਜ਼ ਦੀ ਧੁਨੀ, ਮਸ਼ੀਨਾਂ ਅਤੇ ਤੇਜ ਰਫ਼ਤਾਰ ਦੁਨੀਆਂ ਦੀ ਬਦਲੀ ਹੋਈ ਦ੍ਰਿਸ਼ਟੀ, ਬਦਲੀ ਹੋਈ ਸਮਕਾਲੀ ਗਤੀ ਤੇ ਤਾਲਾਂ ਅਤੇ ਢਹਿ ਢੇਰੀ ਹੋ ਰਹੀਆਂ ਦਰਜੇਬੰਦੀਆਂ ਦੇ ਯੁਗ ਵਿਚ ਮਾਨਵਤਾ ਦੀ ਨਵੀਂ ਆਵਾਜ਼ ਦੇ ਅਨੁਕੂਲ ਹੋਵੇ।

ਗਲੀ ਬਾਜ਼ਾਰ ਦਾ ਜਨ-ਜੀਵਨ ਇਹੀ ਮੁਹਾਵਰਾ ਬੋਲਦਾ ਹੈ ਅਤੇ ਕਲਾਕਾਰ ਦੇ ਮਨ ਵਿਚ ਇਹੀ ਮੁਹਾਵਰਾ ਨਵੀਆਂ ਰੂਪ-ਘਾੜਤਾਂ ਦਾ ਆਧਾਰ ਬਣਦਾ ਹੈ। ਪੰਜਾਬੀ ਵਿਚ ਭਾਈ ਵੀਰ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਡਾ. ਬਲਬੀਰ ਸਿੰਘ, ਪੂਰਨ ਸਿੰਘ, ਨਾਨਕ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਮੋਹਨ ਸਿੰਘ , ਅੰਮ੍ਰਿਤਾ ਪ੍ਰੀਤਮ ਅਤੇ ਹਰਿਭਜਨ ਸਿੰਘ ਆਦਿ ਸਾਹਿਤਕਾਰਾਂ ਨੂੰ ਆਪਣੀ ਕਾਵਿ-ਰਚਨਾ ਅਤੇ ਕਾਵਿਮਈ ਵਾਰਤਕ ਵਿਚ ਇਸ ਆਧੁਨਿਕ ਮੁਹਾਵਰੇ ਨੂੰ ਆਧੁਨਿਕ ਸੰਵੇਦਨਾ ਅਤੇ ਅਨੁਭਵ ਦਾ ਵਾਹਣ ਬਣਾਇਆ ਹੈ। ਇਹ ਮੁਹਾਵਰਾ ਨਿਰਯਤਨ ਗਲਬਾਤੀ ਲਹਿਜੇ ਵਿਚ ਵਿਅਕਤ ਹੋਇਆ, ਜਿਸ ਨੂੰ ਗ੍ਰਹਿਣ ਕਰਨਾ ਔਖਾ ਨਹੀਂ ਸੀ।

2. ਆਸ ਦੇ ਪ੍ਰਤਿਰੂਪ ਦਾ ਅਵਿਸ਼ਕਾਰ ਇਸ ਵਿਸ਼ਵਾਸ ਅਤੇ ਧਾਰਣਾ ਉਤੇ ਆਧਾਰਿਤ ਹੈ ਕਿ ਆਧੁਨਿਕ ਕਲਾ ਜਾਂ ਕਵਿਤਾ ਤਤਕਾਲੀਨ ਜਗਤ ਦਾ ਰੂਪਾਤ੍ਰਣ ਕਰਨ ਦੇ ਸਮਰਥ ਹੈ ਅਤੇ ਇਸ ਜਗਤ ਦੇ ਵਾਸੀਆਂ ਨੂੰ ਸ਼ਾਂਤ ਅਤੇ ਉੱਚਾਰ-ਚਿੱਤ ਬਣਾ ਕੇ ਸੰਸਾਰ ਵਿਚ ਕ੍ਰਾਂਤੀ ਪੈਦਾ ਕਰ ਸਕਦੀ ਹੈ। ਬੇਸ਼ਕ ਕਿਸੇ ਯੁਗ ਵਿਚ ਪ੍ਰਚਲਿਤ ਵਿਚਾਰ ਹੀ ਉਹ ਤੱਤ ਹਨ ਜਿਨ੍ਹਾਂ ਦੁਆਰਾ ਸਾਹਿਤ ਵਿਚ ਰਚਨਾਤਮਕ ਸ਼ਕਤੀਆਂ ਕਿਰਿਆਸ਼ੀਲ ਹੁੰਦੀਆਂ ਹਨ ਅਤੇ ਸਾਹਿਤ ਜਾਂ ਕਵਿਤਾ ਦੇ ਗਤੀਸ਼ੀਲ ਪ੍ਰਭਾਵ ਦੇ ਫਲ ਸਰੂਪ ਸਮਾਜ ਕਿਸੇ ਨਿਰਪੇਖ ਅਰਥ ਵਿਚ ਹੀ ਨਹੀਂ, ਸਗੋਂ ਆਪਣੇ ਵਾਸਤਵਿਕ ਸੰਗਠਨ, ਆਪਣੇ ਰਚਨਾ ਸੰਸਥਾਵਾਂ ਅਤੇ ਕਾਰਖਾਨਿਆਂ, ਆਪਣੇ ਕੰਮ ਦੀ ਪ੍ਰਕਿਰਤੀ ਤੇ ਗੁਣ ਅਤੇ ਵੱਖ-ਵੱਖ ਸ਼੍ਰੇਣੀਆਂ ਨੂੰ ਆਪਣੀ ਕਿਰਤ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਦੇ ਰੂਪ ਵਿਚ ਬਦਲਦਾ ਹੈ।

ਇਹ ਤੱਥ ਆਸ ਦੇ ਇਸ ਮੂਲ ਵਿਵੇਕ ਉੱਤੇ ਆਧਾਰਿਤ ਹੈ ਕਿ ਇਹ ਕਲਾਕਾਰ ਦੇ ਵਿਤ੍ਰਿਕਤ ਅੰਤਰ-ਮਨ ਵਿਚ ਸੁੰਗੜੀ ਦੁਨੀਆਂ ਨੂੰ ਬਾਹਰਲੇ ਸੰਸਾਰ ਨਾਲ ਮੁੜ ਜੋੜ ਸਕਦੀ ਹੈ ਅਤੇ ਆਪਣੀ ਰਚਨਾਤਮਕ ਦ੍ਰਿਸ਼ਟੀ ਦੁਆਰਾ ਉਹ ਕਲਾ ਪ੍ਰਤੀ ਰੁਚੀ ਰੱਖਣ ਵਾਲੇ ਲੋਕਾਂ ਦੇ ਜੀਵਨ ਵਿਚ ਕ੍ਰਾਂਤੀ ਦੀ ਚਿਣਗ ਬਾਲ ਦਿੰਦਾ ਹੈ।

ਇਹੀ ਕਾਰਣ ਹੈ ਕਿ ਨਿਖੇਦਵਾਦੀ, ਅਭਿਵਿਅੰਜਨਾਵਾਦੀ ਅਤੇ ਪੜਯਥਾਰਥਵਾਦੀ ਉਦੇਸ਼-ਪੱਤਰਾਂ ਵਿਚ ਵੀ ਕ੍ਰਾਂਤੀਸ਼ੀਲ ਚੇਤਨਾ ਦੀ ਭਾਵਨਾ ਇਕਸਾਰ ਵਿੱਦਮਾਨ ਨਜ਼ਰ ਆਉਂਦੀ ਹੈ। ਸਾਰੇ ਹੀ ਅਸਲ ਕ੍ਰਾਂਤੀਕਾਰੀ ਹੋਣ ਦਾ ਦਾਅਵਾ ਕਰਦੇ ਹਨ ਅਤੇ ਵਿਸ਼ਵਾਸ ਕਰਦੇ ਹਨ ਕਿ ਜਿਸ ਜੀਵਨ ਸ਼ਕਤੀ ਦੀ ਉਹ ਪ੍ਰਤੀਨਿਧਤਾ ਕਰਦੇ ਹਨ, ਉਹੀ ਸਮਾਜਕ ਸ਼ਕਤੀ ਦੀ ਥਾਹ ਬਣੇਗੀ। ਉਨ੍ਹਾਂ ਦਾ ਇਹ ਵਿਸ਼ਵਾਸ ਆਧੁਨਿਕ ਕਵਿਤਾ ਜਾਂ ਕਲਾ ਨੂੰ ਅਚੇਤ ਸ਼ਕਤੀਆਂ ਦੇ ਲੋਕਤੰਤਰ ਦੀ ਪ੍ਰਤੀਨਿਧ ਬਣਾਉਂਦਾ ਹੈ ਜੋ ਆਰਥਿਕ ਲੋਕਤੰਤਰ ਦੀ ਭਾਵਨਾ ਦਾ ਹੀ ਰਚਨਾਤਮਕ ਪ੍ਰਕਾਸ਼ ਬਣ ਨਿੱਬੜਦਾ ਹੈ।

3. ਆਧੁਨਿਕ ਯਥਾਰਥ ਨੂੰ ਸਾਂਝੇ ਮਾਨਸਿਕ ਜੀਵਨ ਦੇ ਪ੍ਰਤੀਕ ਪ੍ਰਬੰਧ ਵਿਚ ਅਭਿਵਿਅਕਤ ਕਰਨ ਵਾਲੀ ਕਲਾ, ਆਸ ਦੇ ਸਮਾਜਕ ਪ੍ਰਤਿਰੂਪ ਦੀ ਤਸਵੀਰ ਦਾ ਉਲਟਾ ਆਸਾ ਪਾਸਾ ਪੇਸ਼ ਕਰਦੀ ਹੈ। ਆਸ ਦਾ ਸਮਾਜਕ ਪ੍ਰਤਿਰੂਪ ਅੰਦਰਲੀ ਦ੍ਰਿਸ਼ਟੀ ਨੂੰ ਸਮਾਜਕ ਪਰਿਵਰਤਨ ਵਿਚ ਰੂਪਾਂਤ੍ਰਿਤ ਕਰਨ ਦਾ ਸੰਕਲਪ ਕਰਦਾ ਹੈ, ਜਦੋਂ ਕਿ ਸਾਂਝੇ ਮਾਨਸਿਕ ਜੀਵਨ ਦਾ ਪ੍ਰਤੀਕ-ਪ੍ਰਬੰਧ ਵਸਤੂ-ਜਗਤ ਦੇ ਬਿੰਬਾਂ ਨੂੰ ਨਵੇਂ ਅਦਾਨ ਪ੍ਰਦਾਨ ਕਰਦਾ ਹੈ। ਦੂਸਰੇ ਸ਼ਬਦਾਂ ਵਿਚ ਸੂਰਜ, ਚੰਨ, ਪਹਾੜ, ਧਰੂ ਤਾਰਾ, ਫੂਲ, ਬਣਦਾ, ਵੈਦ, ਮਣੀ, ਦਾਦਾ, ਬੀਜ,

ਭੋਗਪਾਲ, ਖੇੜੇ, ਹੰਸ, ਬਗਲਾ, ਬਾਜ ਆਦਿ, ਲੋਕ–ਮਾਨਸ ਵਿਚ ਸਭ ਹੋਏ ਸ਼ਬਦ ਸਹਿਜੇ ਹੀ ਮਾਨਸਿਕ ਜੀਵਨ ਦੇ ਪ੍ਰਤੀਕਾਂ ਦੇ ਰੂਪ ਵਿਚ ਵਿਸ਼ਾਲ ਅਰਥ ਅਤੇ ਨਵੇਂ ਪਾਸਾਰ ਗ੍ਰਹਿਣ ਕਰ ਸਕਦੇ ਹਨ।

4. ਕਲਾ ਦੇ ਵਿਕਲਪੀ ਜੀਵਨ ਤੋਂ ਸਪੈਂਡਰ ਦਾ ਭਾਵ ਉਪਰੋਕਤ ਦੋਹਾਂ ਆਸ਼ਿਆਂ ਤੋਂ ਭਿੰਨ ਹੈ। ਕਲਾ ਦੇ ਵਿਕਲਪੀ ਜੀਵਨ ਦੀ ਸਥਿਤੀ ਉਦੋਂ ਪੈਦਾ ਹੁੰਦੀ ਹੈ ਜਦੋਂ ਕਲਾਧਾਰ ਦੁਆਰਾ ਰਚਨਾਤਮਕ ਪ੍ਰਕਿਰਿਆਵਾਂ ਨੂੰ ਜੀਵਨ ਦੇ ਵਾਸਤਵਿਕ ਅਨੁਭਵਾਂ, ਖੁਸ਼ੀਆਂ ਜਾਂ ਲਿੰਗ–ਪੂਰਤੀ ਦੇ ਅਨੁਭਵਾਂ ਦੇ ਨੇੜੇ ਲਿਆਉਣ ਦੀ ਕਾਮਨਾ ਕੀਤੀ ਜਾਂਦੀ ਹੈ।

ਇਸੇ ਆਸ਼ੇ ਦੀ ਸਾਧਨਾ ਲਈ ਲੇਖਕਾਂ ਦੁਆਰਾ ਸਾਹਿਤ ਬਾਹਰੀਆਂ ਸੰਵੇਦਨਾਵਾਂ ਜਾਂ ਅਨੁਭੂਤੀਆਂ ਨੂੰ ਉਤੇਜਿਤ ਕਰਨ ਵਾਲੀ ਸਾਹਿਤਿਕ ਤਕਨੀਕ ਆਪਣਾ ਲਈ ਜਾਂਦੀ ਹੈ। ਪੜ–ਯਥਾਰਥਵਾਦੀਆਂ ਨੇ ਕਵਿਤਾ ਨੂੰ ਕਥਿਤ ਪਵਾਸਤਵਿਕ ਮਾਨਸਿਕ ਅਵਸਥਾਵਾਂ ਪੈਦਾ ਕਰਨ ਦੀ ਰਚਨਾਤਮਕ ਵਿਧੀ ਦੇ ਤੌਰ ’ਤੇ ਵਰਤਿਆ। ਇੰਜ ਹੀ ਕਲਾ ਨੂੰ ਜੀਵਨ–ਅਨੁਭਵ ਦੇ ਬਦਲ ਦੇ ਰੂਪ ਵਿਚ ਪੇਸ਼ ਕਰਨ ਵਾਲੀਆਂ ਹੋਰ ਸਭ ਧਾਰਾਵਾਂ, ਕਲਾ ਦੇ ਮਾਧਿਅਮ ਦੁਆਰਾ ਸਨਅਤੀਕਰਣ ਵਾਲੇ ਸਮਾਜਾਂ ਵਿਰੁੱਧ ਮਾਨਸਿਕ ਜੀਵਨ ਦਾ ਸੰਤੁਲਨ ਬਹਾਲ ਕਰਨ ਵਾਲੀਆਂ ਆਤਮਕ ਵਿੱਦਿਆਵੀ ਜਾਂ ਗੁਹਜ ਸ਼ਕਤੀਆਂ ਦੇ ਪ੍ਰਤੱਖਣ ਦਾ ਯਤਨ ਕਰਦੀਆਂ ਹਨ। ਅਰਥਾਤ ਇਹ ਸਭ ਧਾਰਾਵਾਂ ਰਚਨਾਤਮਕ ਸੰਵੇਦਨਾ ਨੂੰ ਜੀਵਨ ਦੇ ਵਾਸਤਵਿਕ ਅਨੁਭਵ ਦੇ ਬਦਲਦੇ ਰੂਪ ਵਿਚ ਪ੍ਰਸਤੁਤ ਕਰਨ ਦਾ ਸੰਕਲਪ ਪੇਸ਼ ਕਰਦੀਆਂ ਹਨ।

5. ਯਥਾਰਥ ਦਾ ਵਿਰੂਪਣ ਅਥਵਾ ਕਲਾ ਦੁਆਰਾ ਯਥਾਰਥ ਨੂੰ ਵਿਗਾੜ ਕੇ ਵਿਅਕਤ ਕਰਨ ਦੀ ਰੁਚੀ, ਸਾਹਿਤ ਜਾਂ ਕਵਿਤਾ ਦੀ ਤੁਲਨਾ ਵਿਚ, ਆਧੁਨਿਕ ਚਿਤਰ–ਕਲਾ ਜਾਂ ਮੂਰਤੀ–ਕਲਾ ਆਦਿ ਦਰਸ਼ਨੀ ਕਲਾਵਾਂ ਦੇ ਇਕ ਰਚਨਾਤਮਕ ਤੱਤ ਦੇ ਰੂਪ ਵਿਚ ਵਧੇਰੇ ਉਘੜ ਕੇ ਸਾਹਮਣੇ ਆਈ ਹੈ। “ਵਿਰੂਪਣ ਕਲਾ–ਸਮਗਰੀ ਅਤੇ ਪ੍ਰਕਿਰਤੀ ਨੂੰ ਅਸਲਾ ਨਵੇਂ ਢੰਗ ਨਾਲ ਵਰਤਣ ਵਿਉਂਤਣ ਲਈ ਕਲਾ ਦੀ ਖੇਡ ਨੂੰ ਦਿੱਤੀ ਗਈ ਨਵੀਂ ਟੇਢ ਹੈ। ਇਸ ਦੇ ਫਲ ਸਰੂਪ ਵਿਰੂਪਣ, ਯੁਗ ਦੇ ਵਸਤੂਗਤ ਯਥਾਰਥ ਪ੍ਰਤੀ ਕਲਪਨਾਸ਼ੀਲ ਕਲਾਕਾਰ ਦੀ ਅਨੁਭੂਤੀ ਤੇ ਯਥਾਰਥ ਦੇ ਸਬੰਧ ਨੂੰ ਅਭਿਵਿਅਕਤ ਕਰਨ ਵਾਲੀ ਕਲਾ ਜੁਗਤ ਬਣ ਨਿੱਬੜਦੀ ਹੈ। ਦੂਸਰੇ ਸ਼ਬਦਾਂ ਵਿਚ ਵਿਰੂਪਣ ਦਾ ਤੱਤ ਅੰਤਰ–ਆਪੇ ਅਤੇ ਵਸਤੂ–ਜਗਤ ਦੇ ਅੰਤਰ–ਸਬੰਧ ਦਾ ਉਹ ਪੱਖ ਹੈ ਜੋ ਹੁਣ ਦੇ ਪਲ ਨਾਲ ਜ਼ਰਬ ਖਾ ਕੇ ਅਨੇਕਾਂ ਅਰਥ–ਪਾਸਾਰ ਗ੍ਰਹਿਣ ਕਰ ਜਾਂਦਾ ਹੈ। ਬੇਸ਼ਕ ਇਸ ਤੱਤ ਦੀ ਸਾਧਨਾ ਵਿਚ ਆਧੁਨਿਕ ਕਲਾ ਦੇ ਅਨੇਕਾਂ ਆਸ਼ਿਆਂ ਦੇ ਸੁਮੇਲ ਦਾ ਆਭਾਸ ਹੁੰਦਾ ਹੈ।

ਇਕ ਪਾਤਰੀ ਕਵਿਤਾਵਾਂ ਜਾਂ ਆਧੁਨਿਕ ਗਲਪ–ਸੰਵੇਦਨਾ ਵਿਚ ਚੇਤਨਾਗਤ ਇਕ ਬਚਨੀਆਂ ਦੀ ਤਕਨੀਕ ਵਿਰਪਣ ਦਾ ਸਾਹਿਤਿਕ ਪਾਸਾਰ ਬਣ ਕੇ ਉਘੜਦੀ ਹੈ। ਆਧੁਨਿਕ ਕਵਿਤਾ ਵਿੱਚ ਖੰਡਿਤ ਬਿੰਬ ਦੇ ਤਨਾਓ ਪੂਰਣ ਯਥਾਰਥ ਨੂੰ ਕਵੀ ਦੀ ਸੰਵੇਦਨਾ ਅਕਸਰ ਖੰਡਿਤ ਬਿੰਬ ਅਥਵਾ ਨਿਜੀ ਪ੍ਰਤੀਕਾਂ ਦੇ ਰੂਪ ਵਿਚ ਹੀ ਫੜਨ ਅਤੇ ਪ੍ਰਸਤੂਤ ਕਰਨ ਦਾ ਯਤਨ ਕਰਦੀ ਹੈ। ਨਿਰਸੰਦੇਹ ਆਧੁਨਿਕ ਜੀਵਨ ਦੀ ਖਿੰਡਾਉ ਪ੍ਰਕਿਰਤੀ ਵਾਲੀ ਵਿਕੇਂਦਰੀ ਸਥਿਤੀ ਵਿਚ ਆਧੁਨਿਕ ਅਨੁਭਵ ਨੂੰ ਅਖੰਡ ਇਕਾਗਰ ਬਿੰਬਾਂ ਜਾਂ ਸਾਰਵਜਨਿਕ ਪ੍ਰਤੀਕਾਂ ਦੁਆਰਾ ਗ੍ਰਹਿਣ ਕਰਨਾ ਮਹਿਲ ਨਹੀਂ। ਭਾਵੇਂ ਇਸ ਦਾ ਇਹ ਅਰਥ ਵੀ ਲੈਣਾ ਯੋਗ ਨਹੀਂ ਕਿ ਖੰਡਿਤ ਬਿੰਬ ਅਥਵਾ ਖੰਡਿਤ ਕਵਿਤਾ ਹੀ ਖੰਡਿਤ ਸਭਿਆਚਾਰ ਦਾ ਸਹੀ ਚਿਤਰਣਜ਼ ਕਰ ਸਕਦੀ ਹੈ। ਤਾਂ ਵੀ ਵਿਆਪਕ ਤੌਰ ਤੇ ਖਿੰਡਾਉ ਪ੍ਰਭਾਵ ਵਾਲੀ ਖੰਡਿਤ ਸਭਿਆਚਾਰ ਕਵਿਤਾ ਵਿਚ ਯਥਾਰਥ ਦੇ ਵਿਰੂਪਣ ਅਰਥਾਤ ਇਸ ਨੂੰ ਵਿਗਾੜ ਕੇ ਪੇਸ਼ ਕਰਨ ਦੀ ਪ੍ਰੇਰਕ ਜ਼ਰੂਰੀ ਬਣਦੀ ਹੈ। ਇਸੇ ਕਰ ਕੇ ਕਲਾਤਮਕ ਬਿੰਬ ਦਾ ਇਕਸਾਰ, ਸਿਲਸਿਲੇਵਾਰ ਖੰਡਨ ਆਧੁਨਿਕਤਾ ਦੇ ਇਤਿਹਾਸ ਦੀ ਵਿਸ਼ੇਸ਼ਤਾ ਦਾ ਲਖਾਇਕ ਹੈ।

6. ਪਰੰਪਰਾ ਦੇ ਕ੍ਰਾਂਤੀਸ਼ੀਲ ਸੰਕਲਪ ਦਾ ਭਾਵ ਹੈ ਪਰੰਪਰਾ ਦੇ ਗਤੀਮਾਨ ਅਤੇ ਜੀਵੰਤ ਅੰਸ਼ਾਂ ਨੂੰ ਆਧੁਨਿਕ ਰਚਨਾ ਬੋਧ ਵਿਚ ਰਚਾਣਾ ਹੈ।

ਅਸਲ ਪਰੰਪਰਾ ਵਰਤਮਾਨ ਜੀਵਨ ਵਿਚ ਭਾਵੇਂ ਬਹੁਤ ਸੂਖਮ ਰੂਪ ਵਿਚ ਹੀ ਨਿਰੰਤਰ ਤੌਰ ਤੇ ਜੀਵਿਤ ਅਤੀਤ ਦੀ ਰੇਖਾ ਹੈ।ਇਸ ਨੂੰ ਜੇ ਆਲੋਚਨਾਤਮਕ ਦ੍ਰਿਸ਼ਟੀ ਨਾਲ ਗ੍ਰਹਿਣ ਕੀਤਾ ਜਾਵੇ ਤਾਂ ਇਹ ਸਾਨੂੰ ਅਤੀਤਕਾਲੀਨ ਜੀਵਨ ਦੇ ਕਿਸੇ ਪ੍ਰਤਿਰੂਪ ਨਾਲ ਜੋੜ ਸਕਦੀ ਹੈ।

ਇਸੇ ਲਈ ਅਤੀਤ ਬਾਰੇ ਲੋੜੀਂਦੀ ਮਾਤਰਾ ਵਿਚ ਸੁਚੇਤ ਹੋਣ ਦਾ ਅਰਥ ਹੈ ਵਰਤਮਾਨ ਬਾਰੇ ਸਤਰਕ ਹੋਣਾ :

ਵਿਸ਼ਾਲਤਮ ਅਰਥਾਂ ਵਿਚ ਪਰੰਪਰਾ, ਉਹ ਸਾਰਾ ਕੁਝ ਹੀ ਹੈ ਜੋ ਸਾਨੂੰ ਵਿਰਸੇ ਵਿਚ ਮਿਲਿਆ ਹੈ ਅਤੇ ਸਾਡੇ ਸਮਕਾਲੀ ਜੀਵਨ ਉੱਤੇ ਪਾਉਣ ਦੇ ਸਮਰਥ ਹੈ। ਇਸ ਲਈ ਆਧੁਨਿਕਤਾ ਦਾ ਸਪੱਸ਼ਟ ਲੱਛਣ ਹੈ ਹੁਣ ਦੇ ਛਿਣ ਵਿਚ ਅਨੁਭਵ ਦੇ ਇਕ ਅਜਿਹੇ ਸੰਕੁਚਿਤ ਨੁਕਤੇ ਦਾ ਦਰਸ਼ਨ ਕਰਨਾ ਜਿਸ ਵਿਚ ਸਮੁੱਚਾ ਭੂਤਕਾਲ ਤੇ ਸਾਰਾ ਭਵਿੱਖ ਅਚੇਤੇ ਕਰਤਾਰੀ ਅਮਲ ਦੇ ਦਾਬੇ ਹੇਠ ਅੰਤਰ ਸੰਬੰਧਿਤ ਤੇ ਸੰਮਿਲਿਤ ਹੋ ਜਾਣ।

ਇੰਜ ਆਧੁਨਿਕ ਸੰਵੇਦਨਾ ਦੇ ਸੰਦਰਭ ਵਿਚ ਪਰੰਪਰਾ ਦਾ ਕ੍ਰਾਂਤੀਸ਼ੀਲ ਰੂਪ ਬੀਤਦੇ ਛਿਣ ਦੇ ਪ੍ਰਕਾਸ਼ ਨਾਲ ਮਨੁੱਖੀ ਅਨੁਭਵ ਦੇ ਤ੍ਰੈਕਾਲ ਪਸਾਰੇ ਦੀ ਚੇਤਨਾ ਅਤੇ ਅਨੁਭੂਤੀ ਨੂੰ ਰਚਨਾ ਵਿਚ ਉਤਾਰਨ ਦਾ ਪ੍ਰੇਰਕ ਹੈ। ਬੇਸ਼ੱਕ ਅਤੀਤ ਦੀਆਂ ਯਾਦਾਂ ਕੇਵਲ ਉਸ ਵਿਸ਼ਲੇਸ਼ਣ ਦੀ ਤੱਥ ਸਮਗਰੀ ਹੀ ਨਹੀਂ ਜਿਸ ਵਿਚ ਮਨੁੱਖ ਭਵਿੱਖ ਦੀ ਸਾਧਨਾ ਦਾ ਨਕਸ਼ ਤਰਾਸ਼ਦਾ ਹੈ ਸਗੋਂ ਇਹ ਅਨੁਭਵ ਕੀਤੀਆਂ ਗੱਲਾਂ ਦੀਆਂ ਖੁਸ਼ੀਆਂ ਗਮੀਆਂ ਨੂੰ ਵੀ ਵਰਤਮਾਨ ਵਿਚ ਅਸਥਾਪਨ ਕਰਦੀਆਂ ਹਨ।

ਅਤੀਤ ਤੇ ਵਰਤਮਾਨ ਦਾ ਇਹ ਰਿਸ਼ਤਾ ਮਨੁੱਖੀ ਇਤਿਹਾਸ ਅਤੇ ਮਨੁੱਖ ਦੇ ਪ੍ਰਕਿਰਤਕ ਆਲੇ ਦੁਆਲੇ ਨੂੰ ਇਕ ਸਮੁੱਚਤਾ ਦੇ ਰੂਪ ਵਿਚ ਗ੍ਰਹਿਣ ਕਰਨ ਵਾਲੀ ਇਕੋ ਅਖੰਡ ਪ੍ਰਕਿਰਿਆ ਹੈ। ਇਸ ਲਈ ਪ੍ਰਤੱਖ ਤੌਰ ਤੇ ਭਾਵੇਂ ਵਰਤਮਾਨ ਅਤੀਤ ਨਾਲੋਂ ਟੁੱਟਿਆ ਹੀ ਪ੍ਰਤੀਤ ਹੋਵੇ ਤਾਂ ਵੀ ਇਸ ਵਿਚ ਕੋਈ ਸੰਦੇਹ ਨਹੀਂ ਕਿ ਵਰਤਮਾਨ ਦੀ ਰਚਨਾਤਮਕ ਪ੍ਰਤਿਭਾ ਅਤੀਤ ਦਾ ਪੁਨਰ ਸਿਰਜਨ ਹੀ ਕਰਦੀ ਹੈ।

### 4.4 Summary (ਨਿਸ਼ਕਰਸ਼)

ਆਧੁਨਿਕ ਬੋਧ ਉਸ ਸੋਝੀ ਗਿਆਨ ਜਾਂ ਜਾਣਕਾਰੀ ਨਾਲ ਸੰਬੰਧ ਰੱਖਦਾ ਹੈ, ਜਿਹੜਾ ਨੀਵਨ ਉਦਯੋਗਿਕ ਯੁੱਗ ਤੋਂ ਪ੍ਰਾਪਤ ਹੋ ਰਿਹਾ ਹੈ। ਭਾਰਤ ਵਿਚ ਆਧੁਨਿਕਤਾ ਦਾ ਜਨਮ ਅੰਗਰੇਜ਼ੀ ਰਾਜ ਦੀ ਸਥਾਪਨਾ ਨਾਲ ਸ਼ੁਰੂ ਹੁੰਦਾ ਹੈ। ਪੱਛਮੀ ਸਾਂਸਕ੍ਰਿਤਕ ਚੇਤਨਾ ਨੇ ਜਦੋਂ ਭਾਰਤੀ ਮੂਲ ਦੀਆਂ ਕਦਰਾਂ ਕੀਮਤਾਂ, ਵਿਸ਼ਵਾਸਾਂ, ਸਮਾਜਕ ਰਵਾਇਤਾਂ ਅਤੇ ਪ੍ਰਤਿਮਾਨਾਂ ਉੱਤੇ ਆਪਣੀ ਆਧੁਨਿਕ ਸੋਚ ਨੂੰ ਹਾਵੀ ਕਰ ਦਿੱਤਾ ਤਾਂ ਭਾਰਤੀ ਮਨੁੱਖ ਨੇ ਵੀ ਨਵੇਂ ਸਿਰਿਉਂ ਸੋਚਨਾ ਆਰੰਭ ਕਰ ਦਿੱਤਾ। ਵਿਅਕਤੀਗਤ ਸੋਚ ਅਤੇ ਸ਼ਕਤੀ ਦੀ ਥਾਂ ਸਮੂਹਿਕ ਸੋਚ ਤੇ ਸ਼ਕਤੀ ਦਾ ਸੁਆਗਤ ਹੋਣ ਲਗ ਪਿਆ। ਪ੍ਰਲੋਕ ਨਾਲੋਂ ਲੋਕ ਦਾ ਮਹੱਤਵ ਵੱਧ ਗਿਆ।

### 4.5 Glossary (ਔਖੇ ਸ਼ਬਦਾਂ ਦੇ ਅਰਥ)

- ਅਤੀਤ : ਪਹਿਲਾਂ
- ਆਧੁਨਿਕ : ਨਵਾਂ
- ਪ੍ਰਚਲਿਤ : ਪ੍ਰਸਿੱਧ

### 4.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

- ਆਧੁਨਿਕਤਾ ਤੋਂ ਕੀ ਭਾਵ ਹੈ ?

- ਕਲਾ ਦੇ ਵਿਕਲਪੀ ਜੀਵਨ ਦੀ ਸਥਿਤੀ ਕਦੋਂ ਪੈਦਾ ਹੁੰਦੀ ਹੈ।
- ਭਾਰਤ ਵਿਚ ਆਧੁਨਿਕਤਾ ਦਾ ਆਰੰਭ ਕਦੋਂ ਹੋਇਆ ?

## 4.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

1. ਆਧੁਨਿਕ ਕਵਿਤਾ ਜਾਂ ਕਲਾ ਤੇ ਨੋਟ ਲਿਖੋ।
2. ਆਧੁਨਿਕ ਬੋਧ ਬਾਰੇ ਵਿਸਤਾਰ ਸਹਿਤ ਚਰਚਾ ਕਰੋ।

## 4.8 Suggested Reading ( ਸਹਾਇਕ ਪੁਸਤਕ ਸੂਚੀ)

1. ਡਾ. ਰਾਜਿੰਦਰ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ, ਲਾਹੌਰ ਬੁੱਕ ਸ਼ਾਪ ਲੁਧਿਆਣਾ, 2007
2. ਡਾ. ਪਰਿਮੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਓਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2011

# ਮੱਧਕਾਲੀ ਅਤੇ ਆਧੁਨਿਕ ਬੋਧ ਵਿਚ ਅੰਤਰ

**Structure :**

4.1 Objective (ਉਦੇਸ਼)
5.2 Introduction (ਜਾਣ-ਪਛਾਣ)
5.3 Content Section (ਵਿਸ਼ਾ ਪੱਖ)
5.4 Summary (ਨਿਸ਼ਕਰਸ਼)
5.5 Glossary (ਔਖੇ ਸ਼ਬਦਾਂ ਦੇ ਅਰਥ)
5.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)
5.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)
5.8 Suggested Reading ( ਸਹਾਇਕ ਪੁਸਤਕ ਸੂਚੀ)

## 5.1 Objective (ਉਦੇਸ਼)

ਇਸ ਪਾਠ ਵਿਚ ਵਿਦਿਆਰਥੀ ਵਰਗ ਨੂੰ ਮੱਧਕਾਲ ਅਤੇ ਆਧੁਨਿਕ ਕਾਲ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

- ਮੱਧਕਾਲ ਅਤੇ ਆਧੁਨਿਕ ਬੋਧ ਵਿਚਲੇ ਅੰਤਰ ਨੂੰ ਬਾਰੀਕੀ ਨਾਲ ਸਮਝਣ ਦਾ ਯਤਨ ਕੀਤਾ ਜਾਵੇਗਾ।
- ਮੱਧਕਾਲ ਅਤੇ ਆਧੁਨਿਕ ਕਾਲ ਦਾ ਸਾਹਿਤ ਉੱਤੇ ਪਏ ਪ੍ਰਭਾਵਾਂ ਦਾ ਵੀ ਅਧਿਐਨ ਕੀਤਾ ਜਾਵੇਗਾ।

## 5.2 Introduction (ਜਾਣ-ਪਛਾਣ)

ਮਨੁੱਖ ਸਮਾਾਜਕ ਚੌਗਿਰਦੇ ਦੀ ਪੈਦਾਵਾਰ ਹੈ ਅਤੇ ਸਮਾਜਕ ਚੌਗਿਰਦਾ ਲਗਾਤਾਰ ਤਬਦੀਲ ਹੋਣ ਵਾਲਾ ਵਰਤਾਰਾ ਹੈ, ਇਸ ਤਬਦੀਲੀ ਦਾ ਬੁਨਿਆਦੀ ਕਾਰਨ ਵੱਖ-ਵੱਖ ਸਮਾਜਕ ਸਮੂਹਾਂ ਦਾ ਪਰਸਾਰ ਆਦਾਨ-ਪ੍ਰਦਾਨ ਹੁੰਦਾ ਹੈ। ਜਦੋਂ ਪੱਛਮ ਦੇ ਪ੍ਰਭਾਵ ਸਦਕਾ ਨਵੀਂ ਚੇਤਨਾ ਨਵੀਂ ਜੀਵਨ-ਜਾਚ ਅਤੇ ਨਵੀਂ ਕਾਰਜ ਸ਼ੈਲੀ ਨੇ ਜਨਮ ਲੈਣਾ ਸ਼ੁਰੂ ਕਰ ਦਿੱਤਾ ਸੀ ਤਾਂ ਪ੍ਰਾਚੀਨ ਸਮੇਂ ਤੋਂ ਭਾਰਤ ਵਿਚ ਪ੍ਰਚਲਿਤ ਸਾਰੀਆਂ ਹੀ ਰਵਾਇਤਾਂ ਅਤੇ ਪੂਰਵਕਾਲੀ ਲਹਿਰਾਂ ਵਿਚ ਭਾਵਕਤਾ ਭਾਰੂ ਹੁੰਦੀ ਸੀ। ਪੱਛਮੀ ਪ੍ਰਭਾਵ ਅਧੀਨ ਇਸ ਭਾਵੁਕਤਾ ਦੀ ਥਾਂ ਤਰਕਸ਼ੀਲਤਾ ਭਾਰੂ ਸੀ। ਭਾਰਤੀ ਚਿੰਤਨ-ਚੇਤਨਾ ਵਿਚ ਪੁਰਾਣੇ ਵਿਚਾਰਾਂ ਦਾ ਮੁਲਾਂਕਣ ਕਰਨ ਦੀ ਰੁਚੀ ਪੈਦਾ

ਹੋ ਗਈ। ਵਿਅਕਤੀਗਤ ਸੋਚ ਅਤੇ ਸ਼ਕਤੀ ਦੀ ਤਾਂ ਸਮੂਹਿਕ ਸੋਚ ਤੇ ਸ਼ਕਤੀ ਦਾ ਸੁਆਗਤ ਹੋਣ ਲਗ ਪਿਆ। ਪ੍ਰਲੋਕ ਨਾਲੋਂ ਲੋਕ ਦਾ ਮਹੱਤਵ ਵਧ ਗਿਆ। ਆਨੰਦਵਾਦੀ ਭਾਵਨਾ ਵਿਕਸਤ ਹੋਣ ਲਗ ਪਈ। ਲੋਕਤਾਂਤਰਿਕ ਪ੍ਰਣਾਲੀ ਨੇ ਵਿਅਕਤੀਵਾਦੀ ਰੁਚੀਆਂ ਨੂੰ ਉਤਸਾਹ ਦਿੱਤਾ।

## 5.3 Content Section (ਵਿਸ਼ਾ ਪੱਖ)

ਮੱਧਕਾਲ ਦੇ ਪੰਜਾਬੀ ਸਾਹਿਤ ਅਤੇ ਆਧੁਨਿਕ ਪੰਜਾਬੀ ਸਾਹਿਤ ਵਿਚ ਬਹੁਤ ਜ਼ਿਆਦਾ ਅੰਤਰ ਹੈ। ਆਧੁਨਿਕ ਪੰਜਾਬੀ ਸਾਹਿਤ ਦਾ ਜਨਮ ਸਪੱਸ਼ਟ ਰੂਪ ਵਿਚ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਹੁੰਦਾ ਹੈ। ਇਸ ਕਾਲ ਖੰਡ ਪੰਜਾਬੀ ਸਮਾਜ ਤੇ ਸਭਿਆਚਾਰ ਵਿਚ ਕੁਝ ਬੁਨਿਆਦੀ ਪਰਿਵਰਤਨ ਹੁੰਦੇ ਹਨ। ਇਹਨਾਂ ਪਰਿਵਰਤਨਾਂ ਪਿੱਛੇ ਅੰਗਰੇਜ਼ਾਂ ਦੀ ਸੋਚੀ ਸਮਝੀ ਚਾਲ ਸੀ। ਇਹ ਚਾਲ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਦਸ ਸਾਲ ਬਾਅਦ ਤੱਕ ਵੀ ਨਾ ਚੱਲ ਸਕੀ। ਪਰ ਮਹਾਰਾਜੇ ਦੀ ਮੌਤ ਤੋਂ ਬਾਅਦ ਦਸ ਸਾਲ ਪੰਜਾਬ ਦੀ ਰਾਜਨੀਤਿਕ ਵਿਵਸਥਾ ਲਗਾਤਾਰ ਕਮਜ਼ੋਰ ਹੁੰਦੀ ਗਈ। ਇਸ ਦੇ ਸਿੱਟੇ ਵਜੋਂ ਅਖੀਰ 1849 ਈ. ਵਿਚ ਪੰਜਾਬ ਨੂੰ ਅਗ੍ਰੇਜ਼ਾਂ ਨੇ ਆਪਣੇ ਬਸਤੀਵਾਦੀ ਸਾਮਰਾਜ ਦਾ ਹਿੱਸਾ ਬਣਾ ਲਿਆ। ਇਸ ਰਾਜਨੀਤਿਕ ਪਰਿਵਰਤਨ ਦੇ ਫਲਸਰੂਪ ਪੰਜਾਬੀ ਸਮਾਜ-ਸਭਿਆਚਾਰ ਵਿਚ ਬਹੁਤ ਸਾਰੇ ਆਰਥਿਕ ਪਰਿਵਰਤਨ ਆਏ।

ਅੰਗਰੇਜ਼ ਪੰਜਾਬੀ ਦੇ ਪਹਿਲੇ ਹਾਕਮ ਸਨ ਜਿਹੜੇ ਉੱਤਰ=ਪੱਛਮ ਵੱਲੋਂ ਧਰਤੀ ਦੇ ਰਸਤੇ ਦੀ ਥਾਂ, ਪੂਰਬ ਵੱਲੋਂ ਸਮੁੰਦਰੀ ਰਸਤੇ ਰਾਹੀਂ ਆਏ ਸਨ। ਭਾਰਤ ਦੇ ਇਤਿਹਾਸ ਵਿਚ ਅੰਗਰੇਜ਼ ਪਹਿਲੇ ਵਿਦੇਸ਼ੀ ਸਨ ਜਿਹੜੇ ਮੁੱਖ ਤੌਰ ਤੇ ਵਪਾਰ ਦੀ ਦ੍ਰਿਸ਼ਟੀ ਨਾਲ ਆਏ ਸਨ। ਪਰ ਇਥੋਂ ਦੀ ਕਮਜ਼ੋਰ ਰਾਜਨੀਤਿਕ ਵਿਵਸਥਾ ਵੇਖ ਕੇ ਉਹਨਾਂ ਨੇ ਇਥੇ ਸ਼ਾਸਨ ਕਰਨ ਦਾ ਮਨ ਵੀ ਬਣਾ ਲਿਆ ਸੀ। ਪੰਜਾਬ ਵਿਚ ਅੰਗਰੇਜ਼ ਹੀ ਅਜਿਹੇ ਹਾਕਮ ਸਨ ਜੋ ਮੁੱਢ ਤੋਂ ਅੰਤ ਤਕ ਵਿਦੇਸ਼ੀ ਕਹਾਏ। ਅਰਥਾਤ ਉਹਨਾਂ ਨੇ ਮੁਸਲਮਾਨਾਂ ਵਾਂਗ ਨਾ ਤਾਂ ਪੰਜਾਬ ਨੂੰ ਆਪਣਾ ਘਰ ਬਣਾਇਆ ਅਤੇ ਨਾ ਹੀ ਸਥਾਨਕ ਇਸਰਤੀਆਂ ਨਾਲ ਵਿਆਹ ਕਰਵਾਏ। ਅੰਗਰੇਜ਼ ਅਸਲੋਂ ਹੀ ਇਕ ਨਵਾਂ ਧਰਮ ਲੈ ਕੇ ਆਏ। ਉਹ ਇਕ ਅਜਿਹੀ ਭਾਸ਼ਾ ਲੈ ਕੇ ਆਏ ਜੋ ਸਾਡੇ ਲਈ ਬਿਲਕੁਲ ਪਰਾਈ ਸੀ। ਉਹ ਆਪਣੇ ਨਾਲ ਇਕ ਵੱਖਰੀ ਯੁੱਧ ਨੀਤੀ ਵੀ ਲੈ ਕੇ ਆਏ ਜਿਸ ਵਿਚ ਤਲਵਾਰ ਦੀ ਥਾਂ ਤੋਪ ਦਾ ਰੋਲ ਵਧੇਰੇ ਸੀ। ਉਹ ਨਿਵੇਕਲੀ ਖੁਰਾਕ (ਚਾਹ), ਨਿਵੇਕਲਾ ਸਭਿਆਚਾਰ (ਪਦਾਰਥ ਪ੍ਰਧਾਨ ਸਭਿਆਚਾਰ), ਨਿਵੇਕਲੀ ਜੀਵਨ-ਜਾਚ (ਇਹਲੋਕ ਵਾਦੀ), ਨਵੀਂ ਸੋਚ ਪ੍ਰਣਾਲੀ, ਨਵੀਂ ਰਾਜ ਪ੍ਰਬੰਧ ਪ੍ਰਣਾਲੀ (ਲੋਕਤੰਤਰੀ), 'ਪੂੰਜੀਵਾਦ' ਤੇ 'ਸ਼ਹਿਰ' ਦਾ ਸੰਕਲਪ ਲੈ ਕੇ ਆਏ। ਦਰਅਸਲ ਪੂਰਬ ਦੇ ਜੀਵਨ-ਦਰਸਨ ਅਤੇ ਪੱਛਮ ਦੇ ਜੀਵਨ-ਦਰਸ਼ਨ ਵਿਚ ਇਕ ਬੁਨਿਆਦੀ ਅੰਤਰ ਹੈ। ਸਾਨੂੰ ਪਤਾ ਹੈ ਕਿ ਮਨੁੱਖ ਪ੍ਰਕਿਰਤੀ ਨੂੰ ਨਿਯੰਤ੍ਰਤ ਕਰਕੇ ਵਿਕਾਸ ਕਰਦਾ ਹੈ। ਪ੍ਰਕਿਰਤੀ ਨੂੰ ਨਿਯੰਤ੍ਰਿਤ ਕਰਨ ਲਈ ਇਸ ਨੂੰ ਜਾਣਨਾ ਜ਼ਰੂਰੀ ਹੈ। ਪੂਰਬ ਦੇ ਮਨੁੱਖ ਨੇ ਜਦੋਂ ਪ੍ਰਕਿਰਤੀ ਨੂੰ ਜਾਣਨਾ ਚਾਹਿਆ ਤਾਂ ਇਸ ਵਿਚੋਂ 'ਡਰ ਦਾ ਫ਼ਲਸਫ਼ਾ' ਵਿਕਸਿਤ ਕੀਤਾ। ਇਸ ਡਰ ਵਿਚੋਂ ਮੌਤ ਦਾ ਡਰ ਸਭ ਤੋਂ ਸ਼੍ਰੇਸ਼ਠ ਸੀ। ਇਸ ਡਰ ਤੇ ਕਾਬੂ ਪਾਉਣ ਲਈ ਪੂਰਬੀ ਮਨੁੱਖ ਨੇ ਅਧਿਆਤਮਵਾਦੀ ਫ਼ਲਸਫ਼ਾ ਵਿਕਸਿਤ ਕੀਤਾ। ਇਸ ਦੇ ਉਲਟ ਪੱਛਮੀ ਫ਼ਲਸਫ਼ਾ ਜਗਿਆਸਾ ਉੱਤੇ ਅਧਾਰਿਤ ਹੈ। ਇਸੇ ਜਗਿਆਸਾ ਵਿਚੋਂ ਪੱਛਮੀ ਦੇਸ਼ਾਂ ਦੇ ਮਨੁੱਖ ਨੇ ਪਦਾਰਥਕ ਫ਼ਲਸਫ਼ੇ ਨੂੰ ਜਨਮ ਦਿੱਤਾ। ਡਾਰਵਿਨ ਦੇ ਵਿਕਾਸ ਸਿਧਾਂਤ, ਫ਼ਰਾਇਡ ਦੇ ਮਨੋਵਿਗਿਆਨ, ਕਾਰਲ ਮਾਰਕਸ ਦੀ ਕਮਿਊਨਿਸਟ ਵਿਚਾਰਧਾਰਾ ਅਤੇ ਆਈਨਿਸਟਾਈਨ ਦਾ ਸੰਖੇਪਵਾਦੀ ਸਿਧਾਂਤ ਇਸ ਪਦਾਰਥਕ ਜੀਵਨ ਫ਼ਲਸਫ਼ੇ ਦਾ ਸ਼ਿਖਰ ਹੈ। ਇਸ ਦੇ ਫ਼ਲਸਰੂਪ ਇਗਲੈਂਡ ਵਿਚ ਉਦਯੋਗਿਕ ਕ੍ਰਾਂਤੀ ਆਈ। ਪੂਰਬ ਵਿਚ ਜਿਸ ਵੇਲੇ ਸੂਰਜ ਨੂੰ ਜਲ ਦਾ ਅਰਗ ਦਿੱਤਾ ਜਾਂਦਾ ਸੀ, ਪਛੱਮ ਵਿਚ ਉਸੇ ਵੇਲੇ ਪਾਣੀ ਤੋਂ ਬਿਜਲੀ ਤਿਆਰ ਕਤਿੀ ਜਾ ਰਹੀ ਸੀ।ਇਸ ਅੰਤਰ ਦੇ ਫਲਸਰੂਪ ਇੰਗਲੈਂਡ ਦੇ ਆਰਥਿਕ ਪ੍ਰਬੰਧ ਜਗੀਰਦਾਰੀ ਪ੍ਰਬੰਧ ਨੂੰ ਹੰਢਾ ਕੇ, ਪੂੰਜੀਵਾਦੀ ਆਰਥਿਕ ਨੂੰ ਜਨਮ ਦਿੱਤਾ। ਇਹ ਆਰਥਿਕ ਪ੍ਰਬੰਧ ਬਜ਼ਾਰ, ਵਪਾਰ, ਮੁਨਾਫ਼ਾ ਅਤੇ ਸਵੈ-ਹਿਤ ਉੱਤੇ ਅਧਾਰਿਤ ਹੈ। ਇਸੇ ਕਰਕੇ

ਚਿੰਤਨ ਅਤੇ ਸਾਹਿਤ ਕਲਾ ਦੇ ਖੇਤਰ ਵਿਚ ਆਧੁਨਿਕਤਾ ਦਾ ਸਬੰਧ ਉਸ ਵਿਸ਼ੇਸ਼ ਮਾਨਸਿਕ, ਬੌਧਿਕ ਤੇ ਭਾਵੁਕ ਅਵਸਥਾ ਨਾਲ ਹੈ, ਜਿਹੜੀ ਪੱਛਮ ਵਿਚ ਸਤਾਰਵੀਂ-ਅਠਾਰ੍ਹਵੀਂ ਸਦੀ ਵਿਚ ਵਿਗਿਆਨਕ ਸੂਝ-ਬੂਝ ਨਾਲ ਪ੍ਰਕਿਰਤੀ ਉੱਤੇ ਮਨੁੱਖ ਦੇ ਵਧੇ ਅਧਿਕਾਰ ਨਾਲ ਪੈਦਾ ਹੋਣੀ ਸ਼ੁਰੂ ਹੋਈ ਹੈ।

ਪੰਜਾਬ ਅਤੇ ਭਾਰਤ, ਪੂਰਬ ਦਾ ਅੰਗ ਹੋਣ ਕਾਰਨ ਪਦਾਰਥਕ ਅਤੇ ਬੌਧਕ ਤੋਰ 'ਤੇ ਪੱਛਮ ਦੇ ਸ਼ਕਤੀਸ਼ਾਲੀ ਮੁਲਕ ਇੰਗਲੈਂਡ ਤੋਂ ਬਹੁਤ ਪੱਛੜੇ ਹੋਏ ਸਨ। ਆਰਥਿਕ ਤੌਰ ਤੇ ਇਥੋਂ ਦਾ ਢਾਂਚਾ ਜਾਗੀਰਦਾਰੀ ਪ੍ਰਬੰਧ ਵਾਲਾ ਹੀ ਸੀ। ਮੁਗ਼ਲਾਂ ਨੇ ਆਪਣੀ ਰਵਾਇਤੀ ਸੋਚ ਨਾਲ ਇਸ ਜਾਗੀਰਦਾਰੀ ਪ੍ਰਬੰਧ ਨੂੰ ਹੋਰ ਲੰਬਾ ਕੀਤਾ। ਉਦਾਰਵਾਦੀ ਵਿਚਾਰਾਂ ਵਾਲੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਪੰਜਾਬ ਨੂੰ ਰਾਜਨੀਤਿਕ ਤੌਰ ਤੇ ਸੰਗਠਿਤ ਕੀਤਾ ਪਰ ਇਸ ਖਿੱਤੇ ਦੇ ਆਰਥਿਕ ਪ੍ਰਬੰਧ ਤਬਦੀਲੀ ਲਈ ਕੋਈ ਯਤਨ ਨਾ ਕੀਤੇ। ਪੂੰਜੀਵਾਦੀ ਵਿਵਸਥਾ ਨੂੰ ਅੰਗਰੇਜ਼ਾਂ ਨੇ ਬਾਹਰੋ ਲਿਆ ਕੇ ਪੰਜਾਬ ਤੇ ਭਾਰਤ ਉੱਤੇ ਠੋਸਿਆ ਸੀ। ਇਸੇ ਕਰਕੇ ਇਥੇ ਬੜੇ ਅਸੰਤੁਲਿਤ ਜਿਹੇ ਢੰਗ ਨਾਲ ਆਧੁਨਿਕਤਾ ਨੇ ਜਨਮ ਲਿਆ।

ਪੰਜਾਬੀਆਂ ਨੇ ਭਾਰਤੀਆਂ ਵਾਂਗ ਅੰਗਰੇਜ਼ਾਂ ਦੇ ਪੱਛਮੀ ਸਭਿਆਚਾਰ ਨੂੰ ਇਕ ਜੇਤੂ ਅਤੇ ਵਧੇਰੇ ਸਮਰਥਕ ਸਭਿਆਚਾਰ ਵਜੋਂ ਗ੍ਰਹਿਣ ਕੀਤਾ। ਭਾਰਤ ਵਿਚ ਅੰਗਰੇਜ਼ ਆਰੰਭ ਤੋਂ ਹੀ ਵਪਾਰਕ ਦ੍ਰਿਸ਼ਟੀ ਨੂੰ ਪ੍ਰਮੁਖਤਾ ਦਿੰਦੇ ਰਹੇ। ਉਹਨਾਂ ਨੇ ਜਿਹੜੀ ਵੀ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਪ੍ਰਬੰਧ ਦੀ ਉਸਾਰੀ ਕੀਤੀ, ਆਪਣੇ ਵਪਾਰਕ ਹਿੱਤਾਂ ਦੇ ਅਨੁਕੂਲ ਹੀ ਕੀਤੀ। ਅੰਗਰੇਜ਼ਾਂ ਦੇ ਆਗਮਨ ਤੋਂ ਪਹਿਲਾਂ ਖੇਤੀ ਨੂੰ ਆਪਣੀ ਘਰੇਲੂ ਲੋੜਾਂ ਦੀ ਪੂਰਤੀ ਲਈ ਇਸਤੇਮਾਲ ਕੀਤਾ ਜਾਂਦਾ ਸੀ। ਸੰਯੁਕਤ ਪਰਿਵਾਰ ਵਿਚ ਦੁੱਧ-ਪੁੱਤ ਵੇਚੇ ਨਹੀਂ ਜਾਂਦੇ ਸਨ। ਮੁਨਾਫਾ ਨਾਮ ਦੀ ਕੋਈ ਚੀਜ਼ ਨਹੀਂ ਸੀ। ਪਿੰਡ ਆਤਮ ਨਿਰਭਰ ਸੀ। ਲੋਕਾਂ ਵਿਚ ਆਪਸੀ ਨਿਰਭਰਤਾ ਨੂੰ ਸਹਿਯੋਗ ਨਾਲ ਪੂਰਾ ਕਰ ਲਿਆ ਜਾਂਦਾ ਸੀ। ਇਸ ਦਾ ਅਧਾਰ ਵਸਤੂ ਵਟਾਂਦਰਾ ਪ੍ਰਣਾਲੀ ਸੀ। ਕਾਰੀਗਰ ਜੇਕਰ ਕਿਸਾਨ ਦੇ ਲੋਹੇ ਜਾਂ ਲੱਕੜ ਦਾ ਕੰਮ ਕਰਦੇ ਸਨ ਤਾਂ ਕਿਸਾਨ ਬਦਲੇ ਵਿਚ ਉਹਨਾ ਨੂੰ ਫ਼ਸਲ ਦਾ ਇਕ ਹਿੱਸਾ ਦੇ ਦਿੰਦਾ ਸੀ। ਖੇਤੀ ਗੁਜ਼ਾਰੇ ਦਾ ਸਾਧਨ ਸੀ ਅਤੇ ਲੋਕ ਬੜਾ ਸੰਤੁਸ਼ਟ ਜੀਵਨ ਬਤੀਤ ਕਰ ਰਹੇ ਸਨ। ਉਹ ਰਵਾਇਤੀ ਸੋਚ ਦੇ ਮਾਲਕ ਸਨ ਕਿਉਂਕਿ ਵਿਗਿਆਨਕ ਸੋਚ ਦੀ ਘਾਟ ਸੀ। ਉਹਨਾਂ ਵਿਚ ਪਦਾਰਥਕ ਸੋਚ ਦੀ ਥਾਂ ਪ੍ਰਮਾਰਥਕ ਸੋਚ ਭਾਰੂ ਸੀ। ਸੰਸਾਰ ਨੂੰ ਕੋਈ ਸ਼ਕਤੀਸ਼ਾਲੀ ਅਦ੍ਰਿਸ਼ ਸ਼ਕਤੀ (ਰੱਬ) ਚਲਾ ਰਿਹਾ ਸੀ ਅਤੇ ਲੋਕ ਆਪਣੇ ਆਪ ਨੂੰ ਇਸ ਵਿਸ਼ਾਲ ਬ੍ਰਹਿਮੰਡ ਦਾ ਅਦਨਾ ਜਿਹਾ ਹਿੱਸਾ ਸਮਝਦੇ ਸਨ। ਪਰ ਪੰਜਾਬ ਉੱਤੇ ਅੰਗਰੇਜ਼ਾਂ ਨੇ ਬਜ਼ਾਰ, ਵਪਾਰ ਅਤੇ ਮੁਨਾਫੇ ਦੇ ਸੰਕਲਪਾਂ ਤੋਂ ਜਾਣੂ ਕਰਵਾ ਕੇ ਕਿਸਾਨਾਂ ਨੂੰ ਵਪਾਰਕ ਖੇਤੀ ਕਰਨ ਲਈ ਪ੍ਰੇਰਿਤ ਕੀਤਾ। ਜੀਵਨ ਵਿਚ ਸੁੱਖ ਸੰਪਤੀ ਅਤੇ ਪੈਸਾ ਕਮਾਉਣ ਦੇ ਹੋਰ ਸਾਧਨ ਪੈਦਾ ਕੀਤੇ ਗਏ। ਇਹ ਸਾਧਨ ਸਰਕਾਰੀ ਨੌਕਰੀ ਵਪਾਰ ਅਤੇ ਪਿੱਛੋਂ ਵਿਕਸਿਤ ਹੋਏ ਉਦਯੋਗ ਸਨ। ਪੈਦਾਵਾਰ ਦੇ ਨਵੇਂ ਸਾਧਨਾਂ ਤੇ ਸੁੱਖ ਸਹੂਲਤਾਂ ਦੇ ਵਿਕਸਿਤ ਹੋਣ ਨਾਲ ਲੋਕਾਂ ਨੂੰ ਇਹ ਸਿਖਾਇਆ ਗਿਆ ਕਿ ਆਪਣੇ ਦੁੱਖਾਂ-ਸੁੱਖਾਂ ਨੂੰ ਪੂਰਬਲੇ ਜਨਮਾਂ ਦੇ ਕਰਮਾਂ ਦਾ ਫਲ ਨਾ ਸਮਝਿਆ ਜਾਵੇ। ਨਰਕ ਅਤੇ ਸਵਰਗ ਇਸੇ ਧਰਤੀ ਉੱਤੇ ਹੀ ਹੈ ਅਤੇ ਮਨੁੱਖਾ ਜਨਮ ਖਾਣ ਹੰਡਾਉਣ ਲਈ ਹੈ। ਇਹ ਪਦਾਰਥਕ ਪ੍ਰਮਾਣ ਭਾਈ ਵੀਰ ਸਿੰਘ ਨੇ 'ਖਾਲਸਾ ਸਮਾਚਾਰ' ਵਿਚ ਆਪਣੇ ਇਕ ਲੇਖ 'ਅੰਗਰੇਜ਼ੀ ਰਾਜ ਦੀਆਂ ਬਰਕਤਾਂ' ਵਿਚ ਦਿੱਤਾ ਹੈ। ਉਹ ਲਿਖਦੇ ਹਨ-

"ਅੱਗੇ ਤਾਂ ਇਹ ਫ਼ਿਕਰ ਹੁੰਦਾ ਸੀ ਕਿ ਜ਼ਿੰਦਗੀ ਦੇ ਦਿਨ ਕਿਵੇਂ ਪੂਰੇ ਕਰੀਏ। ਹੁਣ ਇਹ ਹੈ ਕਿ ਜ਼ਿੰਦਗੀ ਦਾ ਆਨੰਦ ਕਿਸ ਤਰ੍ਹਾਂ ਭੋਗੀਏ। ਬਾਹਰਲੇ ਦੁਸ਼ਮਣਾਂ ਦੀ ਬੇਫਿਕਰੀ ਹੈ, ਸੁਖ ਹੈ, ਰੇਲ ਹੈ, ਤਾਰ ਹੈ, ਹਰ ਪ੍ਰਕਾਰ ਦੇ ਆਨੰਦ ਹਨ, ਹਸਪਤਾਲ, ਡਾਕਖਾਨੇ ਆਦਿ ਸਾਡੇ ਸੁੱਖਾਂ ਲਈ ਕੰਮ ਕਰ ਰਹੇ ਹਨ। ਇਹ ਬਰਕਤਾਂ ਕਿੱਥੋਂ ਆਈਆਂ ? ਭਾਈ ਵੀਰ ਸਿੰਘ, ਸਿੰਘ ਸਭਾ ਲਹਿਰ ਦਾ ਸਭ ਤੋਂ ਸ੍ਰੇਸ਼ਠ ਸਾਹਿਤਕਾਰ ਹੈ। ਉਹ ਅੰਗੇਜ਼ੀ ਰਾਜ ਦੀਆਂ ਪਦਾਰਥਕ ਸਹੂਲਤਾਂ ਨੂੰ 'ਬਰਕਤਾਂ' ਆਖ ਕੇ ਸਵੀਕਾਰ ਰਿਹਾ ਹੈ। ਸਪੱਸ਼ਟ ਹੈ

ਪਦਾਰਥਕ ਸਹੂਲਤਾਂ ਭੋਗ ਕੇ ਸਾਹਿਤਕਾਰ 'ਪਦਾਰਥਕ ਸਾਹਿਤ' ਹੀ ਰਚੇਗਾ। ਇਸੇ ਪਦਾਰਥਕ ਸਾਹਿਤ ਨੂੰ ਆਧੁਨਿਕ ਸਾਹਿਤ ਕਿਹਾ ਜਾਂਦਾ ਹੈ। ਜੋ ਮੱਧਕਾਲੀ 'ਪਰਮਾਰਥਕ ਸਾਹਿਤ' ਨਾਲੋਂ ਵੱਖਰਾ ਹੈ, ਜਿਸ ਦਾ ਕੇਂਦਰੀ ਧੁਰਾ ਯਥਾਰਥ ਦੀ ਥਾਂ ਅਧਿਆਤਕਵਾਦ ਜਾਂ ਆਦਰਸ਼ਵਾਦ ਹੈ। ਜੋ ਮਨੁੱਖ ਦੀ ਥਾਂ-ਥਾਂ ਪਰਾ-ਸਰੀਰਕ ਸ਼ਕਤੀਆਂ, ਪਰਾ-ਭੌਤਿਕ ਮਨੁੱਖਾਂ ਜਾਂ ਰੱਬ ਨੂੰ ਕੇਂਦਰ ਬਿੰਦੂ ਬਣਾਉਂਦਾ ਹੈ।

ਅੰਗਰੇਜ਼ਾਂ ਵੱਲੋਂ ਅਜਿਹੇ ਨਿਜ਼ਾਮ ਦੀ ਵਿਵਸਥਾ ਕੀਤੀ ਗਈ ਜੋ ਮੱਧਕਾਲੀ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਵਿਵਸਥਾ ਦੇ ਮੁਕਾਬਲੇ ਆਧੁਨਿਕ ਸੀ। ਮਿਸਾਲ ਵਜੋਂ ਮੱਧਕਾਲ ਵਿਚ ਖੇਤੀ ਮਾਨਸੂਨ ਉੱਤੇ ਆਧਾਰਿਤ ਸੀ ਪਰ ਅੰਗਰੇਜ਼ਾਂ ਨੇ ਨਹਿਰਾਂ ਦੀ ਵਿਵਸਥਾ ਕੀਤੀ। ਆਉਣ-ਜਾਣ ਲਈ ਕੱਚੇ ਰਸਤੇ ਪਰ ਅੰਗਰੇਜ਼ਾਂ ਨੇ ਸੜਕਾਂ ਤੇ ਰੇਲਾਂ ਦੀ ਵਿਵਸਥਾ ਕੀਤੀ। ਸੰਚਾਰ ਦਾ ਸਾਧਨ ਮੌਖਿਕ ਸੰਦੇਸ਼ੇ ਸਨ ਪਰ ਅੰਗਰੇਜ਼ਾਂ ਨੇ ਡਾਕ-ਤਾਰ ਦੀ ਵਿਵਸਥਾ ਕੀਤੀ। ਅੱਖਰ ਗਿਆਨ ਲਈ ਗੁਰਦੁਆਰੇ ਤੇ ਮਦਰੱਸੇ ਹੀ ਸਨ ਪਰ ਅੰਗਰੇਜ਼ਾਂ ਨੇ ਮਹਿਕਮਾ-ਏ-ਤਾਲੀਮ (ਸਿੱਖਿਆ ਵਿਭਾਗ) ਦੀ ਵਿਵਸਥਾ ਕਰਕੇ ਸਕੂਲ, ਕਾਲਜ ਅਤੇ ਯੂਨੀਵਰਸਿਟੀ ਨਾਮਕ ਵਿਦਿਅਕ ਸੰਸਥਾਵਾਂ ਖੋਲ੍ਹੀਆਂ। ਇਹ ਵੱਖਰੀ ਗੱਲ ਹੈ ਕਿ ਨਹਿਰਾਂ, ਰੇਲਾਂ, ਸੜਕਾਂ, ਡਾਕ-ਤਾਰ ਅਤੇ ਸਕੂਲ -ਕਾਲ਼ਜ ਦੀਆਂ ਸਹੂਲਤਾਂ ਪਿੱਛੇ ਉਹਨਾਂ ਦਾ ਸਵਾਰਥੀ ਉਦੇਸ਼ ਕਾਰਜਸ਼ੀਲ ਸੀ। ਇਸਦੇ ਫਲਸਰੂਪ ਪੰਜਾਬ ਦਾ ਪੇਂਡੂ ਸਭਿਆਚਾਰ, ਸ਼ਹਿਰੀ ਸਭਿਆਚਾਰ ਵਿਚ ਬਦਲ ਗਿਆ। ਇਹ ਪਰਿਵਰਤਨ ਬੜੀ ਤੇਜ਼ੀ ਨਾਲ ਵਾਪਰਿਆ ਅਤੇ ਕੁਝ ਦਹਾਕਿਆਂ ਵਿਚ ਹੀ ਪੰਜਾਬ ਦਾ ਹਰ ਵਸਨੀਕ ਇਸ ਪਰਿਵਰਤਨ ਦੀ ਪਕੜ ਵਿਚ ਆ ਗਿਆ। ਅੰਗਰੇਜ਼ੀ ਵਿਵਸਥਾ ਅਤੇ ਵਿਖਿਆ ਪ੍ਰਬੰਧ ਦੇ ਫਲਸਰੂਪ ਵਪਾਰ ਕਰਨ ਅਤੇ ਨੌਕਰੀ ਕਰਨ ਵਾਲੀ, ਸ਼ਹਿਰੀ ਮੱਧ ਸ਼੍ਰੇਣੀ ਹੋਂਦ ਵਿਚ ਆਈ। ਆਵਾਜਾਈ ਦੇ ਸਾਧਨਾਂ ਨੇ ਪਿੰਡਾਂ ਨੂੰ ਕਸਬਿਆਂ ਨਾਲ, ਕਸਬਿਆਂ ਨੂੰ ਸ਼ਹਿਰਾਂ ਨਾਲ, ਸ਼ਹਿਰਾਂ ਨੂੰ ਰਾਜਧਾਨੀਆਂ ਨਾਲ ਅਤੇ ਰਾਜਧਾਨੀਆਂ ਨੂੰ ਬੰਦਰਗਾਹਾਂ ਨਾਲ ਜੋੜ ਦਿੱਤਾ। ਇਉਂ ਪੰਜਾਬ ਮੰਡੀ ਦਾ ਹਿੱਸਾ ਬਣ ਗਿਆ।

ਨਵੀਆਂ ਸਮਾਜਿਕ-ਸਭਿਆਚਾਰਕ ਕਦਰਾਂ-ਕੀਮਤਾਂ ਕਲਾ ਦੇ ਖੇਤਰ ਵਿਚ ਨਵੀਆਂ ਵਿਧੀਆਂ, ਜੁਗਤਾਂ ਅਤੇ ਰੂਪਾਂ ਨੂੰ ਸਿਰਜਣ ਵਿਚ ਸਹਾਈ ਹੋਈਆਂ। ਆਧੁਨਿਕ ਸਾਹਿਤ, ਵਿਸ਼ੇ ਅਤੇ ਰੂਪਗਤ ਸਰੋਕਾਰ ਪੱਖੋਂ ਵੰਨ-ਸੁਵੰਨਤਾ ਨਾਲ ਭਰਪੂਰ ਹੈ। ਪੰਜਾਬੀ ਦਾ ਮੱਧਕਾਲ ਸਾਹਿਤ ਮੁੱਖ ਤੌਰ ਤੇ ਕਵਿਤਾ ਹੈ ਅਤੇ ਇਸ ਵਿਚ ਚਾਰ ਵੰਨਗੀਆਂ-ਗੁਰਮਤਿ ਕਾਵਿ, ਕਿੱਸਾ ਕਾਵਿ, ਸੂਫ਼ੀ ਕਾਵਿ ਅਤੇ ਵੀਰ ਕਾਵਿ ਹਨ। ਜੀਵਨੀ ਦੇ ਸ਼ਹਿਰੀਕਰਨ ਨੇ ਵਾਰਤਕ ਨੂੰ ਪ੍ਰਫੁੱਲਿਤ ਕੀਤਾ। ਇਉਂ ਸਾਹਿਤ ਵਿਚ ਯਥਾਰਥਵਾਦ ਦੀ ਰੁਚੀ ਨੂੰ ਬਲ ਮਿਲਿਆ। ਜਿੱਥੇ ਮੱਧਕਾਲ ਵਿਚ ਉਸ ਨੂੰ ਲੋਕਿਕ ਸੰਦਰਭਾਂ ਵਿਚ ਪੇਸ਼ ਕੀਤਾ ਜਾਣ ਲਗ ਪਿਆ। ਮੱਧਕਾਲੀ ਯੁੱਗ ਕਿਉਂਕਿ ਸਮੰਤਾ ਦਾ ਹੀ ਸੀ ਇਸ ਕਰਕੇ ਇਸ ਵਿਚ ਰਾਜਿਆਂ-ਮਹਾਰਾਜਿਆਂ ਜਾਂ ਯੋਧਿਆਂ ਦਾ ਹੀ ਬੋਲਬਾਲਾ ਸੀ। ਇਸ ਸਾਹਿਤ ਵਿਚ ਜਨ-ਸਾਧਾਰਨ ਲਈ ਕੋਈ ਥਾਂ ਨਹੀਂ ਸੀ। ਪੂੰਜੀਵਾਦੀ ਪ੍ਰਨਾਲੀ ਵਿਚ ਲੋਕਤੰਤਰੀ ਸ਼ਾਸਨ ਪ੍ਰਨਾਲੀ ਅਤੇ ਹਰ ਕਿਸੇ ਦੇ ਮੰਡੀ ਵਿਚ ਗ੍ਰਾਹਕ ਬਣ ਜਾਣ ਕਾਰਨ ਜਨ-ਸਧਾਰਨ ਦਾ ਮਹੱਤਵ ਵਧਿਆ। ਇਉਂ ਸਧਾਰਨ ਵਿਅਕਤੀ, ਸਾਹਿਤ ਵਿਚ ਨਾਇਕ ਬਣਾਏ ਜਾਣ ਲਗੇ।

ਆਪਣੇ ਮੁੱਢਲੇ ਰੂਪ ਵਿਚ ਪੂੰਜੀਵਾਦ ਕ੍ਰਾਂਤੀਕਾਰੀ ਰੋਲ ਨਿਭਾਉਂਦਾ ਹੈ। ਪਰ ਵਿਕਸਿਤ ਹੋ ਕੇ ਇਸ ਦਾ ਸੁਭਾਅ ਗੈਰ-ਮਾਨਵੀ ਹੋ ਜਾਂਦਾ ਹੈ। ਵੀਹਵੀਂ ਸਦੀ ਦੇ ਦੂਸਰੇ ਦਹਾਕੇ ਤੱਕ ਪੂੰਜੀਵਾਦ ਦੀ ਕਰੂਪਤਾ ਪ੍ਰਗਟ ਹੋਣ ਲਗ ਪਈ ਸੀ। ਜਿਸ ਦੇ ਵਿਰੋਧ ਵਿਚ ਕਈ ਅੰਦੋਲਨ ਹੋਂਦ ਵਿਚ ਆਏ। ਆਰਥਿਕ ਅਸਾਂਵੀ ਵੰਡ ਅਤੇ ਮੁਕਾਬਲੇ ਦੀ ਬਿਰਤੀ ਕਾਰਨ, ਪੂੰਜੀਵਾਦੀ ਅਰਥ ਵਿਵਸਥਾ ਵਿਚ ਜੀਵਨ ਵਧੇਰੇ ਸੰਘਰਸ਼ਮਈ ਅਤੇ ਸੰਕਟਮਈ ਬਣ ਜਾਂਦਾ ਹੈ। ਇਵੇਂ ਮੱਧਕਾਲ ਦੇ ਸਾਦੇ, ਸਧਾਰਨ ਅਤੇ ਇਕਹਰੇ ਜੀਵਨ ਦੇ ਮੁਕਾਬਲੇ ਆਧੁਨਿਕ ਜੀਵ, ਅਸਧਾਰਨ ਅਤੇ ਬਹੁਪਰਤੀ ਹੋ ਨਿਬੜਦਾ ਹੈ। ਇਸ ਕਰਕੇ ਸਾਹਿਤ ਦੀ ਵੀ ਦਸ਼ਾ ਅਤੇ ਦਿਸ਼ਾ ਬਦਲ ਜਾਂਦੀ ਹੈ। ਮਨੁੱਖ ਦਾ ਸਮਾਜ ਨਾਲ ਰਿਸ਼ਤਾ ਕੂਲਾ, ਸਹਿਜ ਅਤੇ ਸੁਭਾਵਿਕ ਨਾ ਰਹਿ ਕੇ, ਅਸੰਤੁਲਿਤ ਹੋ

ਨਿਬੜਦਾ ਹੈ।ਲੋੜ ਦੇ ਮੁਕਾਬਲੇ ਇੱਛਾਵਾਂ ਤੇ ਵਧੇਰੇ ਬਲ ਦੇਣ ਕਾਰਨ ਹਰ ਕੋਈ ਆਪਣੀਆਂ ਇੱਛਾਵਾਂ ਦੀ ਪੂਰਤੀ ਹਿਤ ਤਤਪਰ ਰਹਿਣ ਕਾਰਨ ਅੰਤਰਮੁਖੀ ਹੋ ਜਾਂਦਾ ਹੈ। ਇਸ ਨਾਲ ਸਦੀਵੀ ਸਦਭਾਵੀ ਅਤੇ ਹੰਢਣਸਾਰ ਰਿਸ਼ਤਿਆਂ ਦੀ ਸੰਭਾਵਨਾ ਮੁਕ ਜਾਂਦੀ ਹੈ। ਇਸ ਸਭਿਆਚਾਰਕ ਤਬਦੀਲੀ ਨੂੰ ਇਸ ਦੀਆਂ ਸਾਰੀਆਂ ਜਟਿਲਤਾਵਾਂ ਸਹਿਤ ਪ੍ਰਗਟਾਉਣ ਲਈ ਨਾਵਲ, ਨਾਟਕ, ਕਹਾਣੀ, ਇਕਾਂਗੀ, ਸਫ਼ਰਨਾਮਾ ਆਦਿ ਕਲਾ ਰੂਪ ਹੋਂਦ ਵਿਚ ਆਉਂਦੇ ਹਨ।

ਪੂੰਜੀਵਾਦ ਦੇ ਪ੍ਰਭਾਵ ਅਧੀਨ, ਸ਼ਹਿਰੀਕਰਨ ਨਾਲ ਉਪਜੀ ਮੱਧ-ਸ਼੍ਰੇਣੀ ਦਾ ਵਿਹਾਰ ਪਰੰਪਰਾਗਤ ਸਾਹਿਤ ਰੂਪਾਂ ਵਿਚ ਪੇਸ਼ ਕਰਨਾ ਸੰਭਵ ਨਹੀਂ ਸੀ, ਸਗੋਂ ਪੰਜਾਬ ਦੇ ਮੱਧ-ਸ਼੍ਰੇਣਿਕ ਨਾਵਲ-ਲੇਖਕਾਂ ਨੇ ਮੱਧ-ਸ਼੍ਰੇਣਿਕ ਸਮੱਸਿਆਵਾਂ ਨੂੰ ਮੱਧ-ਸ਼੍ਰੇਣੀ ਮੂਲਕ ਦ੍ਰਿਸ਼ਟੀਕੋਣ ਤੋਂ, ਮੱਧ-ਸ਼੍ਰੇਣੀ ਦੇ ਪਾਠਕਾਂ ਲਈ ਲਿਖਣਾ ਆਰੰਭ ਕੀਤਾ। ਸਾਹਿਤ ਦੇ ਨਵੇਂ ਰੂਪ ਸਭਿਆਚਾਰ ਪਰਿਵਰਤਨ ਦਾ ਅੰਗ ਸਨ ਕਿਉਂਕਿ ਸਾਹਿਤ ਨੂੰ ਸੁਣਨ ਦੀ ਥਾਂ ਪੜ੍ਹਨ ਦੀ ਰੁਚੀ ਬਲਵਾਨ ਹੋ ਗਈ ਸੀ।

## 5.4 Summary (ਨਿਸ਼ਕਰਸ਼)

ਨਿਸ਼ਕਰਸ਼ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਜਦੋਂ ਪੱਛਮ ਦੇ ਪ੍ਰਭਾਵ ਸਕਦਾ ਨਵੀਂ ਜੀਵਨ ਜਾਚ, ਚੇਤਨਾ ਅਤੇ ਕਾਰਜ ਸ਼ੈਲੀ ਪ੍ਰਭਾਵਿਤ ਹੋਈ ਅਤੇ ਭਾਰਤੀ ਚੇਤਨਾ ਦੇ ਪੁਰਾਣਾ ਵਿਚਾਰਾਂ ਨੂੰ ਤਿਆਗ ਦਿੱਤਾ ਗਿਆ।ਸਰਵ ਸ੍ਰੇਸ਼ਟ ਸ਼ਕਤੀ ਦੀ ਥਾਂ ਤੇ ਮਨੁੱਖ ਨੂੰ ਅਹਿਮਿਅਤ ਦਿੱਤੀ ਜਾਣ ਲਗ ਪਈ। ਵਿਅਕਤੀਗਤ ਰੁਚੀਆਂ ਨੂੰ ਉਤਸ਼ਾਹ ਮਿਲਿਆ।

## 5.5 Glossary (ਔਖੇ ਸ਼ਬਦਾਂ ਦੇ ਅਰਥ)

- ਚੌਗਿਰਦਾ – ਆਲਾ-ਦੁਆਲਾ
- ਸਮੂਹ – ਇਕੱਠ
- ਪਰਿਵਰਤਨ – ਬਦਲਾਅ

## 5.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

- ਮੱਧਕਾਲ ਅਤੇ ਆਧੁਨਿਕ ਬੋਧ ਤੋਂ ਕੀ ਭਾਵ ਹੈ ?
- ਮੱਧਕਾਲ ਅਤੇ ਆਧੁਨਿਕ ਬੋਧ ਵਿਚਲੇ ਅੰਤਰ ਉੱਤੇ ਵਿਸਤਾਰ ਸਹਿਤ ਨੋਟ ਲਿਖੋ।

## 5.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

1. ਆਧੁਨਿਕ ਪੰਜਾਬੀ ਸਾਹਿਤ ਦਾ ਜਨਮ ਕਦੋਂ ਹੋਇਆ।
2. ਅੰਗਰੇਜ਼ ਭਾਰਤ ਵਿਚ ਆਪਣੇ ਨਾਲ ਕਿਹੜਾ ਸਭਿਆਚਾਰ ਲੈ ਕੇ ਆਏ।
3. ਆਧੁਨਿਕ ਪੰਜਾਬੀ ਸਾਹਿਤ ਦੀਆਂ ਪ੍ਰਮੁੱਖ ਵੰਨਗੀਆਂ ਦੇ ਨਾਂ ਦੱਸੋ।

## 5.8 Suggested Reading ( ਸਹਾਇਕ ਪੁਸਤਕ ਸੂਚੀ)


1 ਡਾ. ਰਾਜਿੰਦਰ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ, ਲਾਹੌਰ ਬੁੱਕ ਸ਼ਾਪ ਲੁਧਿਆਣਾ, 2007

2. ਡਾ. ਪਰਿਮੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਓਰੋ, ਪੰਜਾਬੀ ਯੁਨੀਵਰਸਿਟੀ ਪਟਿਆਲਾ, 2011

# ਸਿੰਘ ਸਭਾ ਲਹਿਰ

**Structure :**

6.1 Objective (ਉਦੇਸ਼)

6.2 Introduction (ਜਾਣ-ਪਛਾਣ)

6.3 Content Section (ਵਿਸ਼ਾ ਪੱਖ)

6.4 Summary (ਨਿਸ਼ਕਰਸ਼)

6.5 Glossary (ਔਖੇ ਸ਼ਬਦਾਂ ਦੇ ਅਰਥ)

6.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

6.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

6.8 Suggested Reading ( ਸਹਾਇਕ ਪੁਸਤਕ ਸੂਚੀ)

## 6.1 Objective (ਉਦੇਸ਼)

- ਇਸ ਅਧਿਆਇ ਵਿਚ ਵਿਦਿਆਰਥੀਆਂ ਨੂੰ ਸਿੰਘ ਸਭਾ ਲਹਿਰ ਬਾਰੇ ਜਾਣੂ ਕਰਵਾਇਆ ਜਾਵੇਗਾ।
- ਸਿੰਘ ਸਭਾ ਲਹਿਰ ਦੀ ਸਥਾਪਨਾ ਅਤੇ ਇਸਦੇ ਮੁੱਖ ਮਨੋਰਥਾਂ ਬਾਰੇ ਚਰਚਾ ਕੀਤੀ ਜਾਵੇਗੀ।
- ਸਿੰਘ ਸਭਾ ਲਹਿਰ ਦਾ ਪੰਜਾਬੀ ਸਾਹਿਤ ਉੱਪਰ ਕੀ ਪ੍ਰਭਾਵ ਪਿਆ ਇਸ ਬਾਰੇ ਵੀ ਚਰਨਾ ਕੀਤੀ ਜਾਏਗੀ।

## 6.2 Introduction (ਜਾਣ-ਪਛਾਣ)

ਸਿੰਘ ਸਭਾ ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਦੇ ਵਿਦਵਾਨਾਂ ਦੀ ਅਜਿਹੀ ਜਥੇਬੰਦੀ ਸੀ ਜੋ ਇਸਾਈ ਮਿਸ਼ਨਰੀਆਂ ਦੇ ਸਿੱਖ ਧਰਮ ਵਿਰੋਧੀ ਪ੍ਰਚਾਰ ਦੇ ਵਿਰੋਧ ਵਜੋਂ ਹੋਂਦ ਵਿਚ ਆਈ ਸੀ। 1873 ਈ. ਨੂੰ ਅੰਮ੍ਰਿਤਸਰ ਵਿਖੇ ਸਿੰਘ ਸਭਾ ਦੀ ਸਥਾਪਨਾ ਕੀਤੀ ਗਈ। ਸਿੰਘ ਸਭਾ ਦਾ ਮੁੱਖ ਮਨੋਰਥ ਧਰਮ ਸੁਧਾਰ, ਵਿਦਿਅਕ ਸੁਧਾਰਾਂ ਅਤੇ ਸਮਾਜ ਸੁਧਾਰ ਸੀ। ਸਿੰਘ ਸਭਾ ਵਿਚ ਗਿਆਨੀ ਸਰਦੂਲ, ਗਿਆਨੀ ਗਿਆਨ ਸਿੰਘ, ਗਿਆਨੀ ਦਿੱਤ ਸਿੰਘ, ਕੰਵਰ ਬਿਕ੍ਰਮ ਸਿੰਘ ਫ਼ਰੀਕੋਟ, ਗਿਆਨੀ ਹਜਾਰਾ ਸਿੰਘ, ਡਾ. ਚਰਨ ਸਿੰਘ ਆਦਿ ਵਰਗੇ ਵਿਦਵਾਨ ਸ਼ਾਮਿਲ ਸਨ।

## 6.3 Content Section (ਵਿਸ਼ਾ ਪੱਖ)

ਸਿੰਘ ਸਭਾ ਲਹਿਰ ਇਕ ਸਿੱਖ ਲਹਿਰ ਸੀ ਜੋ ਪੰਜਾਬ ਵਿਚ ਈਸਾਈਆਂ, ਹਿੰਦੂ ਸੁਧਾਰ ਲਹਿਰਾਂ (ਬ੍ਰਹਮ ਸਮਾਜੀਆਂ, ਆਰੀਆਂ ਸਮਾਜ) ਦੀਆਂ ਧਰਮ ਦੀਆਂ ਗਤੀਵਿਧੀਆਂ ਦੇ ਧਰਮ ਵਜੋਂ ਸ਼ੁਰੂ ਹੋਈ ਸੀ। ਇਸ ਲਹਿਰ ਦੀ ਸਥਾਪਨਾ 1873 ਈ. ਵਿਚ ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਅਤੇ ਗਿਆਨੀ ਗਿਆਨ ਸਿੰਘ ਦੇ ਯਤਨਾਂ ਨਾਲ ਹੋਈ। ਇਸ ਲਹਿਰ ਦੀ ਸਥਾਪਨਾ ਇਕ ਅਜਿਹੇ ਦੌਰ ਵਿਚ ਕੀਤੀ ਗਈ ਸੀ ਜਦੋਂ ਸਿੱਖ ਸਮਾਜ ਨੂੰ ਭੰਗ ਕਰ ਦਿੱਤਾ ਗਿਆ ਸੀ, ਖਾਲਸਾ ਆਪਣਾ ਮਾਣ ਗੁਆ ਚੁੱਕਾਂ ਸੀ ਅਤੇ ਮੁੱਖ ਧਾਰਾ ਦੇ ਸਿੱਖ ਤੇਜ਼ੀ ਨਾਲ ਦੂਜੇ ਧਰਮਾਂ ਵਿਚ ਤਬਦੀਲ ਹੋ ਰਹੇ ਸਨ। ਇਸ ਲਹਿਰ ਦਾ ਉਦੇਸ਼ "ਸੱਚੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਅਤੇ ਸਿੱਖ ਧਰਮ ਵਿਚ ਪੁਰਾਤਨ ਸ਼ਾਸਨ ਨੂੰ ਬਹਾਲ ਕਰਨਾ, ਸਿੱਖਾਂ ਦੀਆਂ ਇਤਿਹਾਸਕ ਅਤੇ ਧਾਰਮਿਕ ਪੁਸਤਕਾਂ ਨੂੰ ਲਿਖਣਾ ਅਤੇ ਵੇਰਵਾ ਅਤੇ ਰਸਾਲਿਆਂ ਅਤੇ ਮੀਡੀਆ ਦੁਆਰਾ ਗੁਰਮੁਖੀ ਪੰਜਾਬੀ ਦਾ ਪ੍ਰਚਾਰ ਕਰਨਾ ਸੀ। ਇਸ ਲਹਿਰ ਨੇ ਸਿੱਖ ਧਰਮ ਨੂੰ ਸੁਧਾਰਨ ਅਤੇ ਦੂਜੇ ਧਰਮਾਂ ਵਿਚ ਪਰਿਵਰਤਿਤ ਹੋਏ ਧਰਮ-ਤਿਆਗੀ ਲੋਕਾਂ ਨੂੰ ਸਿੱਖੀ ਵਿਚ ਵਾਪਿਸ ਲਿਆਉਣ ਦੀ ਕੋਸ਼ਿਸ ਕੀਤੀ, ਨਾਲ ਹੀ ਸਿੱਖ ਭਾਈਚਾਰੇ ਨੂੰ ਅੱਗੇ ਵਧਾਉਣ ਲਈ ਪ੍ਰਭਾਵਸ਼ਾਲੀ ਬ੍ਰਿਟਿਸ਼ ਅਧਿਕਾਰੀਆਂ ਦੀ ਦਿਲਚਸਪੀ ਲਈ। ਆਪਣੀ ਸਥਾਪਨਾ ਦੇ ਸਮੇਂ, ਸਿੰਘ ਸਭਾ ਦੀ ਨੀਤੀ ਦੂਜੇ ਧਰਮਾਂ ਅਤੇ ਰਾਜਨੀਤਿਕ ਮਾਮਲਿਆਂ ਦੀ ਆਲੋਚਨਾ ਤੋਂ ਬਚਣ ਦੀ ਸੀ।

ਸਿੰਘ ਸਭਾ ਲਹਿਰ ਦੀ ਸਭ ਤੋਂ ਮਹੱਤਵਪੂਰਨ ਦੇਣ, ਵਿਦਿਅਕ ਤੇ ਸਾਹਿਤਕ ਖੇਤਰਾਂ ਵਿਚ ਹੈ। ਵਿਦਿਆ ਦੇ ਪਾਸਾਰ ਨੂੰ ਪੁਸਤਕਾਂ, ਟਰੈਕਟਾਂ, ਰਸਾਲੇ ਤੇ ਅਖਬਾਰਾਂ ਦੀ ਛਪਾਈ ਨੂੰ ਉਤੇਜਿਤ ਤੇ ਉਤਸਾਹਤ ਕੀਤਾ। ਸਿੱਖ ਗੁਰੂ ਸਾਹਿਬਾਨ ਤੋਂ ਪਿੱਛੋਂ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਉੱਨਤੀ ਵਲ ਜਥੇਬੰਧਕ ਤੇ ਸੁਚੇਤ ਰੂਪ ਸਿੰਘ ਸਭਾ ਲਹਿਰ ਤੋਂ ਪਹਿਲਾਂ ਕਦੇ ਵੀ ਯਤਨ ਨਹੀਂ ਹੋਇਆ।ਸਿੰਘ ਸਭਾ ਲਹਿਰ ਦੇ ਆਗੂਆਂ ਨੇ ਪੂਰੀ ਤਰ੍ਹਾਂ ਅਨੁਭਵ ਕੀਤਾ ਕਿ ਸਾਮਜਿਕ ਤੇ ਧਾਰਮਿਕ ਸੁਧਾਰ ਲਈ ਮਾਤ-ਭਾਸ਼ਾ ਹੀ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਹੈ। ਸਿੰਘ ਸਭਾ ਦੀ ਸਥਾਪਨਾ ਨਾਲ ਭਾਸ਼ਾਈ ਤੇ ਸਾਹਿਤਕ ਪੁਨਰ-ਉਥਾਨ ਦਾ ਇਕ ਨਵਾਂ ਯੁੱਗ ਆਰੰਭ ਹੋਇਆ। ਸਾਹਿਤ ਦੀ ਉਪਜ ਤੇ ਪ੍ਰਫੁਲਤ ਲਈ ਸਭ ਤੋਂ ਪਹਿਲੀ ਤੇ ਮੁੱਢਲੀ ਲੋੜ ਸਾਹਿਤ ਪੜ੍ਹ ਸਕਣ ਵਾਲੇ ਜਾਂ ਪੜ੍ਹਨ ਦੇ ਇੱਛੁਕ ਪਾਠਕਾਂ ਦੀ ਹੁੰਦੀ ਹੈ, ਇਸ ਲਈ ਸਿੰਘ ਸਭਾ ਦਾ ਪਹਿਲਾ ਕੰਮ ਵਿਦਿਅਕ ਪ੍ਰਚਾਰ ਦੀ ਮੁਹਿੰਮ ਨੂੰ ਫਲਾਉਣਾ ਸੀ।

ਸਿੰਘ ਸਭਾ ਦੇ ਆਗੂਆਂ ਦੇ ਉੱਦਮ ਤੇ ਪ੍ਰਚਾਰ ਨਾਲ ਨਾ ਕੇਵਲ ਪੰਜਾਬੀ ਦੇ ਮਹੱਤਵ ਨੂੰ ਸਵੀਕਾਰ ਕੀਤਾ ਜਾਣ ਲਗਾ ਸਗੋਂ ਇਹਦੇ ਸਾਹਿਤਕ ਮਿਆਰ ਨੂੰ ਉੱਚਾ ਚੁਕੱਣ ਤੇ ਇਸ ਨੂੰ ਬਾਕੀ ਭਾਸ਼ਾਵਾਂ ਦੇ ਹਾਣੀ ਬਣਾਉਣ ਲਈ ਸੁਚੇਤ ਯਤਨ ਅਰੰਭੇ ਗਏ, ਜਿਸ ਨਾਲ ਇਸਦੇ ਭਾਸ਼ਾਈ ਇਤਿਹਾਸ ਦਾ ਇਕ ਨਵਾਂ ਦੌਰ ਆਰੰਭ ਹੋਇਆ ਤੇ ਇਸ ਨੇ ਨਵੇਂ ਪ੍ਰਭਾਵਾਂ ਨੂੰ ਗ੍ਰਹਿਣ ਕਰਨਾ ਸ਼ੁਰੂ ਕੀਤਾ। ਸਿੰਘ ਸਭਾ ਦਾ ਆਸ਼ਾ ਤਾਂ ਭਾਵੇ ਨਿਰੋਲ ਧਾਰਮਿਕ ਸੀ ਪਰ ਧਾਰਮਿਕ ਵਿਲਖੱਣਤਾ ਲਈ ਭਾਸ਼ਾ ਤੇ ਸਾਹਿਤ ਦੀ ਵਿਲੱਖਣਤਾ ਜ਼ਰੂਰੀ ਸੀ। ਇਸੇ ਵਿਲੱਖਣਤਾ ਨੂੰ ਕਾਇਮ ਰੱਖਣ ਲਈ ਹਿੰਦੂ ਹਿੰਦੀ ਦੀ ਸ਼ਰਨ ਲੈਣ ਲਗੇ ਅਤੇ ਮੁਸਲਮਾਨ ਉਰਦੂ ਦੇ ਅਨੁਯਾਈ ਬਣ ਗਏ। ਸਿੱਖਾਂ ਨੇ ਪੰਜਾਬੀ ਨੂੰ ਏਸੇ ਸਭਿਆਚਾਰਕ ਵਿਲੱਖਣਤਾ ਤੇ ਇਕ ਸੁਤੰਤਰ ਕੌਮ ਵਜੋਂ ਆਪਣੀ ਹੋਂਦ ਦੀ ਸਥਾਪਨਾ ਲਈ ਅਪਣਾਇਆ ਤੇ ਇਸ ਦੇ ਸਰਬ-ਪੱਖੀ ਵਿਕਾਸ ਲਈ ਹਰ ਸੰਭਵ ਯਤਨ ਕੀਤਾ। ਸਿੰਘ ਸਭਾ ਲਹਿਰ ਦੀ ਪੰਜਾਬੀ ਭਾਸ਼ਾ ਨੂੰ ਸਭ ਤੋਂ ਵੱਡੀ ਦੇਣ ਹੈ। 19ਵੀਂ ਸਦੀ ਦੇ ਅਖੀਰ ਤੱਕ ਇਸ ਉਤੇ ਬ੍ਰਜੀ ਦਾ ਪ੍ਰਭਾਵ ਪੂਰੀ ਤਰ੍ਹਾਂ ਹਟ ਗਿਆ ਅਤੇ ਇਸ ਨੂੰ ਇਕ ਸੰਪੂਰਨ ਤੇ ਵਿਕਸਿਤ ਸਾਹਿਤਕ ਭਾਸ਼ਾ ਦਾ ਦਰਜਾ ਮਿਲ ਗਿਆ।

ਬਹੁਤ ਸਾਰੇ ਪੱਛਮ ਦੇ ਸਾਹਿਤ ਰੂਪ ਪੰਜਾਬੀ ਵਿਚ ਆਉਣ ਲਗੇ ਜਿਵੇਂ ਕਵਿਤਾ, ਨਾਵਲ, ਕਹਾਣੀ, ਜੀਵਨੀ ਆਦਿ।

ਪੰਜਾਬੀ ਗਲਪ ਦੇ ਖੇਤਰ ਵਿਚ ਪਹਿਲ ਈਸਾਈ ਮਿਸ਼ਨਰੀਆਂ ਨੇ ਕੀਤੀ ਤੇ 'ਪਿਲਗ੍ਰਿਮਜ ਪ੍ਰਗਰੈਸ' ਦਾ ਪੰਜਾਬੀ ਅਨੁਵਾਦ (1849) ਕਰਕੇ ਛਪਵਾਇਆ। ਪਿੱਛੋਂ ਜਯੋਤ੍ਰਉ ਦੇ ਨਾਂ ਦਾ ਮੌਲਿਕ ਨਾਵਲ ਵੀ ਪਹਿਲੀ ਵਾਰ ਲੁਧਿਆਣਾ ਮਿਸ਼ਨ ਨੇ ਹੀ ਛਾਪਿਆ। ਭਾਈ ਵੀਰ ਸਿੰਘ ਦੇ ਪੰਜਾਬੀ ਗਲਪ ਖੇਤਰ ਵਿਚ ਪ੍ਰਵੇਸ਼ ਤੋਂ ਪਹਿਲਾਂ ਕੁਝ ਕੁ ਅਨੁਵਾਦਤ ਤੇ ਮੌਲਿਕ ਨਾਵਲ ਛੱਪ ਚੁੱਕੇ ਸਨ। ਭਾਈ ਵੀਰ ਸਿੰਘ ਜੀ ਦੀ ਸਾਹਿਤਕ ਸਿਰਜਣਾ ਦਾ ਮੁੱਖ ਆਧਾਰ ਤਾਂ ਸਿੰਘ ਸਭਾ ਲਹਿਰ ਅਤੇ ਆਪਣੇ ਪਰਿਵਾਰ ਦੀਆਂ ਸਾਹਿਤਕ ਸਰਗਰਮੀਆਂ ਤੇ ਘਾਲਨਾਵਾਂ ਤੋਂ ਗ੍ਰਹਿਣ ਕੀਤਾ ਸਾਹਿਤਕ ਵਿਰਸਾ ਸੀ। ਸੁੰਦਰੀ ਭਾਈ ਵੀਰ ਸਿੰਘ ਦੀ ਪਹਿਲੀ ਨਾਵਲ ਰਚਨਾ ਹੈ, ਜੋ 1898 ਈ. ਵਿਚ ਪ੍ਰਕਾਸ਼ਤ ਹੋਈ। ਇਸ ਦੇ ਲਿਖੇ ਤੇ ਪ੍ਰਕਾਸ਼ਤ ਕੀਤੇ ਜਾਣ ਦੀ ਉਦੇਸ਼ ਨੂੰ ਸਿੰਘ ਸਭਾ ਦੇ ਆਸ਼ਿਆਂ ਅਨੁਕੂਲ, ਸਪੱਸ਼ਟ ਸ਼ਬਦਾਂ ਵਿਚ ਇਸ ਤਰ੍ਹਾਂ ਅੰਕਿਤ ਕੀਤਾ ਗਿਆ ਹੈ :

"ਇਸ ਪੁਸਤਕ (ਸੁੰਦਰੀ) ਦੇ ਲਿਖਣ ਤੋਂ ਸਾਡਾ ਤਾਤਪਰਯ ਇਹ ਹੈ ਕਿ ਪੁਰਾਣੇ ਸਮਾਚਾਰ ਪੜ੍ਹ ਸੁਣ ਕੇ, ਸਿੱਖ ਆਪਣੇ ਧਰਮ ਵਿਚ ਪੱਕੇ ਹੋਣ, ਪ੍ਰਮੇਸ਼ਰ ਦੀ ਭਗਤੀ ਤੇ ਜਗਤ ਦੇ ਵਿਹਾਰ ਦੋਹਾਂ ਨੂੰ ਨਿਭਾਉਣ, ਕੁਰੀਤੀਆਂ ਦਾ ਤਿਆਗ ਹੋਵੇ, ਧਰਮ ਦਾ ਵਾਧਾ ਹੋਵੇ ਅਤੇ ਸਿੱਖਾਂ ਨੂੰ ਆਪਣੇ ਉੱਚਤਮ ਅਸੂਲ ਪਿਆਰੇ ਲਗਣ, ਆਪਣੇ ਵਿਚ ਜੱਥੇਬੰਦ ਹੋ ਕੇ, ਸਿੰਘ ਦੂਜੀਆਂ ਕੌਮਾਂ ਨੂੰ ਇਕ-ਰਸ ਜਾਣ ਕੇ, ਕਿਸੇ ਨਾਲ ਅਤਿ ਵੈਰ ਤੇ ਕਿਸੇ ਨਾਲ ਅਤਿ ਮੋਹ ਨਾ ਕਰਨ ਸਗੋਂ "ਮਾਨਸ ਕੀ ਜਾਤਿ ਸਭੈ ਏਕੋ ਪਹਿਚਾਨਬ" ਵਾਲੀ ਗੁਰੂ ਸਿੱਖਿਆਂ ਪੁਰ ਦੁਰ ਕੇ ਅਟੱਲ ਰਹਿਣ।"

ਇਸੇ ਤਰ੍ਹਾਂ ਭਾਈ ਸਾਹਿਬ ਦੇ ਦੂਜੇ ਨਾਵਲ 'ਬਿਜੈ ਸਿੰਘ' ਦੀ ਭੂਮਿਕਾ ਵਿਚ ਵੀ ਉਪਰੋਕਤ ਉਦੇਸ਼ ਨੂੰ ਹੀ ਦੁਹਰਾਇਆ ਗਿਆ ਹੈ ਤੇ ਇਹ ਵੀ ਸਿੰਘ ਸਭਾ ਦੇ ਆਸ਼ਿਆਂ ਤੇ ਸਮੇਂ ਦੀ ਮੰਗ ਦੇ ਅਨੁਕੂਲ ਹੈ।

"ਪੁਸਤਕ ਲਿਖਣ ਦਾ ਪ੍ਰਯੋਜਨ ਕੋਈ ਸੁਆਰਥ ਨਹੀਂ, ਨਾ ਕੋਈ ਵਿਦਿਅਕ ਦਿਖਾਵਾ ਹੈ। ਪੰਥਕ ਢੱਠੀ ਪਈ ਇਮਾਰਤ ਦੀ ਉਸਾਰੀ ਵਿਚ, ਰਾਮ ਚੰਦਰ ਜੀ ਦੇ ਪੁਲ ਪਰ ਗਾਲੜਾਂ ਦੇ ਮਿੱਟੀ ਪਾਉਣ ਦੇ ਜਤਨ ਵਾਂਗੂ, ਸੇਵਾ ਵਿਚ ਇਕ ਨਿੱਕਾ ਜਿਹਾ ਫਰਜ਼ ਅਦਾ ਕਰਨ ਦਾ ਤਰਲਾ ਹੈ।"

ਭਾਈ ਵੀਰ ਸਿੰਘ ਦਾ ਤੀਜਾ ਨਾਵਲ ਵੀ ਇਸੇ ਦੌਰ ਤੇ ਇਸੇ ਰੁਚੀ ਤੇ ਆਸ਼ੇ ਦਾ ਲਖਾਇਕ ਹੈ। 19ਵੀਂ ਸਦੀ ਦੇ ਅਖੀਰ ਤੱਕ ਲਿਖੇ ਗਏ ਭਾਈ ਸਾਹਿਬ ਦੇ ਇਨ੍ਹਾਂ ਨਾਵਲਾਂ ਨੇ ਜਿੱਥੇ ਇਸ ਪੱਛਮੀ ਕਲਾ-ਰੂਪ ਨੂੰ ਸਾਧਨ ਵਜੋਂ ਆਪਣਾ ਕੇ ਹਰਮਨ ਪਿਆਰਾ ਕੀਤਾ ਅਤੇ ਪੰਜਾਬੀ ਪਾਠਕਾਂ ਦਾ ਘੇਰਾ ਵਿਸ਼ਾਲ ਕੀਤਾ। ਉਸੇ ਪੰਜਾਬੀ ਵਿਚ ਇਹਿਾਸਕ ਨਾਵਲ ਦਾ ਮੁੱਢ ਬੰਨ੍ਹਿਆ ਅਤੇ ਮੱਧ-ਕਾਲ ਦੇ ਸਿੱਖ ਇਤਿਹਾਸ ਨੂੰ ਅਧਾਰ ਬਣਾ ਕੇ, ਸਿੱਖੀ ਸਪਿਰਟ, ਯਥਾ ਧਰਮ ਵਿਚ ਨਿਸਚਾ, ਦਲੇਰੀ, ਕੁਰਬਾਨੀ ਤੇ ਜ਼ੁਲਮ ਦਾ ਟਾਕਰਾ ਕਰਕੇ ਗਰੀਬਾਂ, ਨਿਭਾਇਆ ਤੇ ਬੇਬਸਾਂ ਦੀ ਹਰ ਸੰਭਵ ਸਹਾਇਤਾ ਦੇ ਲਕਸ਼ਾਂ ਨੂੰ ਝਿੜਕਿਆ। ਇਸ ਤਰ੍ਹਾਂ ਇਤਿਹਾਸ ਦੇ ਚੌਖਟੇ ਵਿਚ ਰੱਖਕੇ ਸਿੱਖ ਆਚਰਨ ਦੀ ਉੱਚਤਾ ਦਰਸਾ ਕੇ ਨਵੇਂ ਯੁੱਗ ਦੇ, ਢੇਰੀ ਢਾਹ ਚੁੱਕੇ ਜਾਂ ਪਤਿਤ ਹੋ ਰਹੇ ਸਿੱਖਾਂ ਨੂੰ ਮੁੜ ਸਿੱਖੀ ਜੀਵਨ ਨਾਲ ਜੋੜਨਾ, ਇਨ੍ਹਾਂ ਨਾਵਲਾਂ ਦਾ ਮਨੋਰਥ, ਜਿਹੜਾ ਕੇ ਸਿੰਘ ਸਭਾ ਦੇ ਮੂਲ ਮਨੋਰਥਾਂ ਦਾ ਪ੍ਰਤਿ ਪਾਲਨ ਹੀ ਸੀ।

ਭਾਈ ਸਾਹਿਬ ਦਾ ਚੌਥਾ ਨਾਵਲ 'ਬਾਬਾ ਨੌਧ ਸਿੰਘ' ਵੀ ਸਿੰਘ ਸਭਾ ਦੇ ਪ੍ਰਭਾਵ ਹੇਠ ਹੀ ਲਿਖਿਆ ਗਿਆ।

ਸਿੰਘ ਸਭਾ ਲਹਿਰ ਦੇ ਆਗੂ ਨਾ ਕੇਵਲ ਨਾਟਕਾਂ ਦੇ ਸਮਰਥਕ ਹੀ ਸਨ, ਸਗੋਂ ਇਨਾਮ ਦੇ ਹੋਰ ਢੰਗਾਂ ਨਾਲ ਨਾਵਲਾਂ ਦੀ ਸਹਾਇਤਾ ਕਰਨ ਦੇ ਵੀ ਇੱਛੁਕ ਸਨ। ਅੰਗਰੇਜ਼ਾਂ ਦੇ ਆ ਜਾਣ ਨਾਲ ਹੋਰ ਸਾਹਿਤਕ ਰੂਪਾਂ ਦੇ ਨਾਲ-ਨਾਲ ਨਾਟਕ ਦਾ ਚਰਚਾ ਵੀ ਹੋਣ ਲਗ ਪਿਆ। ਸੁਰੂ-ਸ਼ੁਰੂ ਵਿਚ ਨਾਟਕ ਦਾ ਸ਼ੋਕ ਕੇਵਲ ਪਾਰਸੀ ਥੀਏਟਰ ਕੰਪਨੀਆਂ ਪੂਰਾ ਕਰਦੀਆਂ ਸਨ, ਜਿਹੜੀਆਂ ਉਰਦੂ ਦੇ ਮੌਲਿਕ ਨਾਟਕ, ਧਾਰਮਿਕ ਤੇ ਪੈਰਾਵਿਕ

ਬ੍ਰਿਤਾਂਤ ਤੇ ਅੰਗਰੇਜ਼ੀ ਨਾਟਕਾਂ ਦੇ ਉਰਦੂ ਅਨੁਵਾਦ ਲੈ ਕੇ, ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਇਹ ਨਾਟਕ ਪੇਸ਼ ਕਰਦੀਆਂ ਸਨ।

ਨਾਟਕੀ ਕਿਸਮ ਦੀਆਂ ਰਚਨਾਵਾਂ, ਜਿਹਾ ਕਿ ਗਿਆਨੀ ਦਿੱਤ ਸਿੰਘ ਰਚਿਤ "ਡਰਪੋਕ ਸਿੰਘ" (1895) ਅਤੇ 'ਸੱਚਾ ਧਰਮੀ' ਅਰਥਾਤ ਭਾਈ ਸ਼ਾਹਿਬ ਸਿੰਘ ਜੀ ਦਾ ਬ੍ਰਿਤਾਂਤ ਲਿਖੀਆਂ ਗਈਆਂ।

ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਵੱਖੋ-ਵੱਖ ਦੇਸੀ ਸੰਸਥਾਵਾਂ ਵਿਚ ਚਿੱਠੀ ਪੱਤਰ ਵੀ ਪੰਜਾਬੀ ਜ਼ੁਬਾਨ ਵਿਚ ਹੋਣ ਲਗ ਪਿਆ। ਦਫ਼ਤਰੀ ਕਾਰਵਾਈ ਪੰਜਾਬੀ ਵਿਚ ਹੋਣ ਨਾਲ ਇਹ ਬੋਲੀ ਜਾਣ ਵਾਲੀ ਭਾਸ਼ਾ ਦੇ ਨਾਲ-ਨਾਲ ਲਿਖੀ ਜਾਣ ਵਾਲੀ ਭਾਸ਼ਾ ਵਜੋਂ ਵੀ ਸਥਾਪਤ ਹੋਣ ਲਗੀ। 1885 ਈ. ਵਿਚ ਸਿੰਘ ਸਭਾ ਵੱਲੋਂ ਖਾਲਸਾ ਪ੍ਰੈਸ ਲਗਾ ਲਿਆ ਗਿਆ। ਇਸ ਵੱਲੋਂ ਪ੍ਰੋ. ਗੁਰਮੁਖ ਸਿੰਘ ਦੀ ਅਗਵਾਈ ਵਿਚ 'ਖਾਲਸਾ ਸਮਾਚਾਰ' ਨਾਂ ਦਾ ਇਕ ਅਖਬਾਰ ਵੀ ਕੱਢਿਆ ਜਾਣ ਲਗ ਪਿਆ। ਇਸ ਤਰ੍ਹਾਂ ਪੰਜਾਬੀ ਲਿਖਤੀ ਭਾਸ਼ਾ ਦੇ ਨਾਲ-ਨਾਲ ਅਖਬਾਰੀ ਭਾਸ਼ਾ ਦੀ ਬਣ ਗਈ। ਅਖਬਾਰਾਂ, ਚੌਪੱਤਰਿਆਂ ਅਤੇ ਟ੍ਰੈਕਟਾਂ ਵਿਚ ਵਰਤੀ ਜਾਣ ਕਰਕੇ ਅਤੇ ਪੰਜਾਬੀ ਨਾਲ ਪੜ੍ਹੇ-ਲਿਖੇ ਵਿਦਵਾਨਾਂ ਦੇ ਜੁੜਨ ਕਰਕੇ ਇਸ ਦਾ ਰੂਪ ਨਿਖਰ ਗਿਆ ਸੀ। ਪੰਜਾਬੀ ਵਿਚ ਭਾਈ ਕਾਨ੍ਹ ਸਿੰਘ ਨੇ 'ਮਹਾਨ ਕੋਸ਼'ਰਚਿਆ। ਪ੍ਰੋ. ਗੁਰਮੁਖ ਸਿੰਘ ਨੇ 'ਖਾਲਸਾ ਸਮਾਚਾਰ' ਅਖਬਾਰ ਚਲਾਇਆ ਅਤੇ ਭਾਈ ਵੀਰ ਸਿੰਘ ਨੇ ਨਿੱਕੀਆਂ ਨਿੱਕੀਆਂ ਸੁਹਜਾਤਮਕ ਕਵਿਤਾਵਾਂ ਅਤੇ ਨਾਵਲ ਰਚੇ।

ਸਿੰਘ ਸਭਾ ਦੇ ਮੰਚ ਅਧੀਨ ਜਦੋਂ ਬਹੁਤ ਸਾਰੇ ਸੂਝਵਾਨ ਅਤੇ ਵਿਦਵਾਨ ਇਕੱਠੇ ਹੋਏ ਤਾਂ ਇਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਸਮਾਜ ਦੇ ਸੁਧਾਰ ਲਈ ਕਲਮਾਂ ਵਾਹੀਆਂ। ਇਨ੍ਹਾਂ ਲਿਖਤੀਆਂ ਵਜੋਂ ਹੀ ਬਹੁਤ ਸਾਰੇ ਲਿਖਾਰੀ ਸਾਹਿਤਕਾਰ ਬਣ ਗਏ। ਇਨ੍ਹਾਂ ਵਿਚ ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ ਅਤੇ ਡਾ. ਚਰਨ ਸਿੰਘ ਨੇ ਅਨੇਕਾਂ ਪੁਸਤਕਾਂ ਲਿਖੀਆਂ। ਭਾਈ ਵੀਰ ਸਿੰਘ, ਸਿੰਘ ਸਭਾ ਵਿਚੋਂ ਜਨਮਿਅ ਸਭ ਤੋਂ ਸ੍ਰੇਸ਼ਠ ਕਵੀ ਹੈ। ਪੰਜਾਬੀ ਸਾਹਿਤ ਵਿਚ ਉਹ 'ਨਿੱਕੀ ਕਵਿਤਾ ਦੇ ਵੱਡੇ ਕਵੀ' ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਈਸਾਈ ਮਿਸ਼ਨਰੀ ਦੇ ਪ੍ਰਚਾਰ ਦਾ ਜਵਾਬ ਪ੍ਰਚਾਰ ਨਾਲ ਅਤੇ ਵਿਧਾ ਦਾ ਜਵਾਬ ਵਿਧਾ ਨਾਲ ਦਿੱਤਾ। ਪ੍ਰਤੀਕਰਮ ਪੱਖੋਂ ਭਾਈ ਸਾਹਿਬ ਦੇ ਨਾਵਲ, ਈਸਾਈ ਮਿਸ਼ਨਰੀਆਂ ਦੇ ਨਾਵਲਾਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। ਸਿਰਫ਼ ਨਾਵਲ ਹੀ ਨਹੀਂ ਸਿੰਘ ਸਭਾ ਦੇ ਕਵੀ ਲੇਖਕਾਂ ਨੇ ਆਧੁਨਿਕ ਸਾਹਿਤ ਦੇ ਸਾਰੇ ਹੀ ਰੂਪਾਂ ਉਤੇ ਹੱਥ ਅਜ਼ਮਾਇਆ। ਵੀਰ ਸਿੰਘ ਨੇ ਨਾਵਲ ਤੇ ਨਿੱਕੀ ਕਵਿਤਾ ਰਚੀ। ਭਾਈ ਕਾਨ੍ਹ ਸਿੰਘ ਨਾਭਾ ਨੇ ਸਫ਼ਰਨਾਮੇ ਰਚੇ। ਲਘੂ-ਜੀਵਨੀਆਂ ਤੇ ਟ੍ਰੈਕਟ ਵੀ ਰਚੇ ਗਏ। ਸਾਹਿਤ ਨੂੰ ਪ੍ਰਚਾਰ ਦੇ ਸਾਧਨ ਵਜੋਂ ਵਰਤਣ ਵਿਚ ਸਿੰਘ ਸਭਾ ਦੇ ਵਿਦਵਾਨ ਈਸਾਈ ਮਿਸ਼ਨਰੀਆਂ ਤੋਂ ਕਿਸੇ ਤਰ੍ਹਾਂ ਵੀ ਪਿੱਛੇ ਨਹੀਂ ਰਹੇ। 1892 ਈ. ਵਿਚ ਬਣਾਇਆ ਖਾਲਸਾ ਕਾਲਜ ਅੰਮ੍ਰਿਤਸਰ ਇਨ੍ਹਾਂ ਸਾਰੇ ਲੇਖਕਾਂ ਦੀਆਂ ਗਤੀ ਵਿਧੀਆਂ ਦਾ ਕੇਂਦਰ ਬਣਿਆ ਰਿਹਾ।

ਇਨ੍ਹਾਂ ਸਾਧਨਾਂ ਤੋਂ ਇਲਾਵਾ ਸਿੰਘ ਸਭਾ ਦੇ ਪ੍ਰਚਾਰਕਾਂ ਨੇ ਕਵੀ ਦਰਬਾਰਾਂ ਨੂੰ ਵੀ ਆਪਣੇ ਧਰਮ ਪ੍ਰਚਾਰ ਦਾ ਮਹੱਤਵਪੂਰਨ ਸਾਧਨ ਬਣਾਇਆ। ਗੁਰਪੁਰਬਾਂ ਅਤੇ ਸਲਾਨਾ ਇਕੱਠ ਮੌਕੇ ਕਵੀ ਦਰਬਾਰ ਆਯੋਜਿਤ ਕੀਤੇ ਜਾਂਦੇ ਹਨ। ਇਨ੍ਹਾਂ ਕਵੀ ਦਰਬਾਰਾਂ ਵਿਚ ਧਰਮ ਪ੍ਰਚਾਰ ਤੇ ਸਮਾਜ ਸੁਧਾਰ ਨਾਲ ਸੰਬੰਧਿਤ ਵਿਸ਼ਿਆਂ ਉਤੇ ਕਵਿਤਾਵਾਂ ਪੜ੍ਹੀਆਂ ਅਤੇ ਮਾਣੀਆਂ ਜਾਂਦੀਆਂ ਸਨ। ਇੱਥੇ ਹੀ ਬਸ ਨਹੀਂ ਕਵੀਆਂ ਤੇ ਲੇਖਕਾਂ ਦੀ ਹੌਸਲਾ ਅਫਜਾਈ ਲਈ ਇਨ੍ਹਾਂ ਨੂੰ ਇਨਾਮ ਵੀ ਦਿੱਤੇ ਜਾਂਦੇ ਸਨ।

ਸਿੰਘ ਸਭਾ ਦੇ ਵੱਖ-ਵੱਖ ਵਿਦਵਾਨਾਂ ਦੀਆਂ ਗਤੀ ਵਿਧੀਆਂ ਸਿਰਫ਼ ਧਰਮ ਅਤੇ ਸਮਾਜ ਸੁਧਾਰ ਤੱਕ ਸੀਮਿਤ ਸਨ। ਉਨ੍ਹਾਂ ਨੇ ਰਾਜਨੀਤਿਕ ਚੇਤਨਾ ਜਾਂ ਰਾਜਨੀਤਿਕ ਬਦਲਾਅ ਨਾਲ ਸੰਬੰਧਿਤ ਕੋਈ ਗੱਲ ਨਹੀਂ ਛੇੜੀ। ਉਹ ਤਾਂ ਅੰਗਰੇਜ਼ੀ ਸਾਮਰਾਜ ਦੀਆਂ ਬਰਕਤਾਂ ਦੇ ਗੁਣ ਗਾਉਂਦੇ ਸਨ। ਭਾਈ ਵੀਰ ਸਿੰਘ ਨੇ ਤਾਂ

'ਖਾਲਸਾ ਸਮਾਚਾਰ' ਵਿਚ 'ਅੰਗਰੇਜ਼ੀ ਰਾਜ ਦੀਆਂ ਬਰਕਤਾਂ' ਸਿਰਲੇਖ ਹੇਠ ਇਕ ਲੇਖ ਵੀ ਲਿਖਿਆ ਸੀ। ਵੀਹਵੀਂ ਸਦੀ ਤੋਂ ਪਹਿਲਾਂ ਦੇਸ਼ ਭਗਤੀ ਦੇ ਭਾਵ ਸਿੰਘ ਸਭਾ ਲਹਿਰ ਵਿਚ ਵੇਖਣ ਨੂੰ ਨਹੀਂ ਮਿਲਦੇ ਪਰ ਇਨ੍ਹਾਂ ਸੀਮਾਵਾਂ ਦੇ ਬਾਵਜੂਦ ਵੀ ਸਿੰਘ ਸਭਾ ਲਹਿਰ ਨੇ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ, ਸਿੱਖ ਧਰਮ ਅਤੇ ਪੰਜਾਬੀ ਸਮਾਜ ਦੇ ਵਿਕਾਸ ਵਿਚ ਬੜਾ ਮਹੱਤਵਪੂਰਨ ਯੋਗਦਾਨ ਪਾਇਆ ਹੈ।

## 6.4 Summary (ਨਿਸ਼ਕਰਸ਼)

ਨਿਸ਼ਕਰਸ਼ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਇਸਈ ਮਿਸ਼ਨਰੀਆਂ ਦੇ ਕੂੜ-ਪ੍ਰਚਾਰ ਅਤੇ ਪ੍ਰਭਾਵ ਤੋਂ ਸਿੱਖ ਧਰਮ ਦੀ ਰੱਖਿਆ ਕਰਨ ਲਈ ਸਿੰਘ ਸਭਾ ਦੀ ਸਥਾਪਨਾ ਕਤਿ ਗਈ। ਇਸ ਸੰਸਥਾ ਨੇ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ, ਸਿੱਖ ਧਰਮ ਅਤੇ ਪੰਜਾਬੀ ਸਮਾਜ ਦੇ ਵਿਕਾਸ ਵਿਚ ਬੜਾ ਮਹੱਤਵਪੂਰਨ ਯੋਗਦਾਨ ਪਾਇਆ ਹੈ।

## 6.5 Glossary (ਔਖੇ ਸ਼ਬਦਾਂ ਦੇ ਅਰਥ)

- ਚੇਤਨਾ – ਜਾਗਰੂਕਤਾ
- ਯੋਗਦਾਨ – ਹਿੱਸਾ
- ਉੱਨਤੀ – ਤਰੱਕੀ

## 6.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

- ਸਿੰਘ ਸਭਾ ਲਹਿਰ ਦੀ ਸਥਾਪਨਾ ਪਿੱਛੇ ਕਾਰਜਸ਼ੀਲ ਕਾਰਨਾਂ ਬਾਰੇ ਦਸੋ ?
- ਸਿੰਘ ਸਭਾ ਲਹਿਰ ਬਾਰੇ ਵਿਸਤਾਰ ਸਹਿਤ ਚਰਚਾ ਕਰੋ ?

## 6.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

1. ਸਿੰਘ ਸਭਾ ਲਹਿਰ ਦੇ ਪ੍ਰਮੁੱਖ ਆਗੂ ਦਾ ਨਾਂ ਦੱਸੋ।
2. ਸਿੰਘ ਸਭਾ ਲਹਿਰ ਦੀ ਸਥਾਪਨਾ ਕਦੋਂ ਹੋਈ।
3. ਸਿੰਘ ਸਭਾ ਲਹਿਰ ਦਾ ਮੁੱਖ ਮਨੋਰਥ ਕੀ ਸੀ।

## 6.8 Suggested Reading ( ਸਹਾਇਕ ਪੁਸਤਕ ਸੂਚੀ)


1. ਡਾ. ਰਾਜਿੰਦਰ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ, ਲਾਹੌਰ ਬੁੱਕ ਸ਼ਾਪ ਲੁਧਿਆਣਾ, 2007
2. ਡਾ. ਪਰਿਮੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਓਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2011

# ਕੂਕਾ ਲਹਿਰ

**Structure :**

7.1 Objective (ਉਦੇਸ਼)
7.2 Introduction (ਜਾਣ-ਪਛਾਣ)
7.3 Content Section (ਵਿਸ਼ਾ ਪੱਖ)
7.4 Summary (ਨਿਸ਼ਕਰਸ਼)
7.5 Glossary (ਔਖੇ ਸ਼ਬਦਾਂ ਦੇ ਅਰਥ)
7.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)
7.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)
7.8 Suggested Reading ( ਸਹਾਇਕ ਪੁਸਤਕ ਸੂਚੀ)

## 7.1 Objective (ਉਦੇਸ਼)

- ਇਸ ਅਧਿਆਇ ਵਿਚ ਵਿਦਿਆਰਥੀਆਂ ਨੂੰ ਕੂਕਾ ਲਹਿਰ ਬਾਰੇ ਜਾਣਕਾਰੀ ਦਿੱਤੀ ਜਾਵੇਗੀ ।
- ਕੂਕਾ ਲਹਿਰ ਦੀ ਸਥਾਪਨਾ ਅਤੇ ਇਸ ਲਹਿਰ ਦੀ ਧਾਰਮਿਕ ਅਤੇ ਰਾਜਸੀ ਭੂਮਿਕਾ ਬਾਰੇ ਵੀ ਚਰਚਾ ਕੀਤੀ ਜਾਵੇਗੀ।

## 7.2 Introduction (ਜਾਣ-ਪਛਾਣ)

ਕੂਕਾ ਲਹਿਰ ਦੇ ਸੰਸਥਾਪਕ ਬਾਬਾ ਬਾਲਕ ਸਿੰਘ ਸਨ। ਸ਼ੁਰੂ ਵਿਚ ਇਹ ਲਹਿਰ ਨਿਰੋਲ ਧਾਰਮਿਕ ਸੀ ਪਰੰਤੂ ਸਮਾਂ ਪਾ ਕੇ ਇਸ ਲਹਿਰ ਨੇ ਰਾਜਸੀ ਰੂਪ ਅਖਤਿਆਰ ਕਰ ਲਿਆ। 'ਕੂਕਾ' ਲਹਿਰ ਨੂੰ ਨਾਮਧਾਰੀ ਲਹਿਰ ਵੀ ਕਿਹਾ ਜਾਂਦਾ ਹੈ। ਕੂਕਾ ਸ਼ਬਦ ਉਨ੍ਹਾਂ ਲੋਕਾਂ ਲਈ ਵਰਤਿਆ ਜਾਂਦਾ ਹੈ ਜੋ ਇਹ ਲੋਕ ਪ੍ਰਮਾਤਮਾ ਦਾ ਜਸ ਗਾਇਨ ਕਰਦਿਆਂ ਵਿਸਮਾਦ ਦੀ ਅਵੱਸਥਾ ਵਿਚ ਆ ਕੇ ਕੂਕਾਂ ਮਾਰਦੇ ਹਨ। ਨਾਮਧਾਰੀਆਂ ਨੇ ਅੰਗਰੇਜ਼ਾਂ ਨਾਲ ਨਾ-ਮਿਲਵਰਤਨ ਦੀ ਇਕ ਬੜੀ ਜਬਰਦਸਤ ਲਹਿਰ ਚਲਾਈ।

## 7.3 Content Section (ਵਿਸ਼ਾ ਪੱਖ)

ਕੂਕਾ ਲਹਿਰ ਬਾਬਾ ਬਾਲਕ ਸਿੰਘ ਨੇ 1857 ਈ. ਦੇ ਗਦਰ ਤੋਂ ਪਿੱਛੋਂ ਚਲਾਈ। ਨਾਮਧਾਰੀਆਂ ਨੂੰ 'ਕੂਕੇ' ਵੀ ਕਿਹਾ ਜਾਂਦਾ ਹੈ ਕਿਉਂਕਿ ਪਰਮਾਤਮਾ ਦਾ ਜਸ ਗਾਇਨ ਕਰਦਿਆਂ ਹੋਇਆਂ ਵਿਸਮਾਦ ਵਿਚ ਆ ਕੇ ਇਹ ਲੋਕ ਉੱਚੀ-ਉੱਚੀ ਕੂਕਾਂ ਮਾਰਨ ਲੱਗ ਪੈਂਦੇ ਸਨ। ਮਸਤੀ ਦੀ ਇਸੇ ਅਵਸਥਾ ਨੂੰ ਸੂਫ਼ੀ ਸ਼ਬਦਾਵਲੀ

ਵਿਚ 'ਹਾਲ' ਦੀ ਅਵਸਥਾ ਕਿਹਾ ਜਾਂਦਾ ਹੈ, ਕੂਕੇ ਵੀ ਇਸੇ ਅਵਸਥਾ ਵਿਚੋਂ ਗੁਜਰਦੇ ਸਨ।

ਆਰੰਭ ਵਿਚ ਇਹ ਲਹਿਰ ਨਿਰੋਲ ਧਾਰਮਿਕ ਸੀ ਪਰੰਤੂ ਬਾਬਾ ਰਾਮ ਸਿੰਘ ਨੇ ਇਸ ਨੂੰ ਰਾਜਨੀਤਿਕ ਰੰਗ ਵੀ ਦੇ ਦਿੱਤਾ। ਬਾਬਾ ਰਾਮ ਸਿੰਘ ਦੀ ਅਗਵਾਈ ਵਿਚ ਨਾਮਧਾਰੀਆਂ ਨੇ ਅੰਗਰੇਜ਼ਾਂ ਨਾਲ ਨਾ-ਮਿਵਰਤਨ ਦੀ ਇਕ ਬੜੀ ਜਬਰਦਸਤ ਲਹਿਰ ਚਲਾਈ। ਸਵਦੇਸ਼ੀ ਹੋਣ ਦੇ ਗੌਰਵ ਦਾ ਪ੍ਰਚਾਰ ਕੀਤਾ ਅਤੇ ਗਊ-ਹੱਤਿਆ ਕਰਨ ਵਾਲੇ ਮੁਸਲਮਾਨਾਂ ਦੇ ਵਿਰੁੱਧ ਇਕ ਵਿਆਪਕ ਅੰਦੋਲਨ ਖੜਾ ਕਰ ਦਿੱਤਾ। ਮਲੇਰਕੋਟਲਾ ਅਤੇ ਕਈ ਹੋਰ ਸ਼ਹਿਰਾਂ ਵਿਚ ਗਊ-ਹੱਤਿਆ ਨੂੰ ਰੋਕਣ ਲਈ ਇਨ੍ਹਾਂ ਕੂਕਾ ਯੋਧਿਆਂ ਨੇ ਹਮਲੇ ਵੀ ਕੀਤੇ, ਅੰਗਰੇਜ਼ ਹਕੂਮਤ ਨੇ ਬਹੁਤ ਸਾਰੇ ਕੂਕਿਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਅਤੇ ਬਾਬਾ ਰਾਮ ਸਿੰਘ ਨੂੰ ਕੈਦ ਕਰਕੇ ਰੰਗੂਨ ਭੇਜ ਦਿੱਤਾ।

ਉਨ੍ਹਾਂ ਤੋਂ ਪਿੱਛੋਂ ਬਾਬਾ ਹਰੀ ਸਿੰਘ ਉਰਫ਼ ਬਾਬਾ ਬੁੱਧ ਸਿੰਘ, ਬਾਬਾ ਪ੍ਰਤਾਪ ਸਿੰਘ ਅਤੇ ਬਾਬਾ ਜਗਜੀਤ ਸਿੰਘ ਇਸ ਲਹਿਰ ਦੀਆਂ ਅਗਵਾਈ ਕਰਦੇ ਰਹੇ ਹਨ। ਕੂਕਾ ਸੰਪ੍ਰਦਾਇ, ਦੇਹਧਾਰੀ ਗੁਰੂ ਦੇ ਸੰਕਲਪ ਨੂੰ ਪ੍ਰਵਾਨ ਕਰਦੀ ਹੈ, ਇਸ ਲਈ ਸਿੱਖ ਪੰਥ ਨਾਲ ਇਸਦਾ ਵਿਰੋਧ ਰਿਹਾ ਹੈ।

ਕੂਕਿਆਂ ਨੇ ਨਾ ਮਿਲਵਰਤਨ ਅਤੇ ਸੁਦੇਸ਼ੀ ਦਾ ਪ੍ਰਚਾਰ ਕਰਕੇ ਅੰਗ੍ਰੇਜ਼ ਹਕੂਮਤ ਦੇ ਵਿਰੁੱਧ ਪੰਜਾਬ ਵਿਚੋਂ ਪਹਿਲੇ ਜਨਤਕ ਪ੍ਰੋਟੈਸਟ ਦੀ ਘੋਸ਼ਨਾ ਨੂੰ ਵਿਅਕਤ ਕੀਤਾ। ਇਸ ਕਾਰਨ ਰਾਸ਼ਟਰਵਾਦ ਦੇ ਪ੍ਰਸੰਗ ਵਿਚ ਇਸ ਲਹਿਰ ਦਾ ਵੱਡਾ ਯੋਗਦਾਨ ਰਿਹਾ ਹੈ। ਸੰਤ ਇੰਦਰ ਸਿੰਘ ਚਰਕਰਵਰਤੀ, ਪ੍ਰੋ. ਕਿਰਪਾਲ ਸਿੰਘ ਕਸੇਲ ਅਤੇ ਸਰਦਾਰ ਗੁਰਦੇਵ ਸਿੰਘ ਜਏ ਆਦਿ ਲੇਖਕਾਂ ਨੇ ਇਸ ਲਹਿਰ ਦੇ ਮਹੱਤਵ ਬਾਰੇ ਬਹੁਤ ਸਾਰੀਆਂ ਲਿਖਤਾਂ ਪ੍ਰਕਾਸ਼ਿਤ ਕੀਤੀਆਂ।

ਕੂਕਾ ਸ਼ਬਦ ਨਾਮਧਾਰੀਆਂ ਲਈ ਵਰਤਿਆ ਜਾਂਦਾ ਹੈ। ਕਿਉਂਕਿ ਨਾਮਧਾਰੀ ਸਿੰਘ ਨਾਮ ਸਿਮਰਨ ਦੇ ਨਾਲ-ਨਾਲ ਗੁਰਬਾਣੀ ਦਾ ਗਾਇਨ ਅਤੇ ਕੀਰਤਨ ਉੱਚੀ-ਉੱਚੀ ਕੂਕਾਂ ਮਾਰਨ ਲੱਗ ਪੈਂਦੇ ਸਨ। ਇਸ ਲਈ ਉਨ੍ਹਾਂ ਦਾ ਨਾਂ ਕੂਕਾ ਪੈ ਗਿਆ। ਕੂਕਾਂ ਲਹਿਰ ਅਸਲ ਵਿਚ ਨਾਮਧਾਰੀ ਅੰਦੋਲਨ ਦਾ ਸਮਾਨਾਰਥਕ ਹੈ। 19ਵੀਂ ਸਦੀ ਦੇ ਉਤਰਾਧ ਵਿਚ ਜਿਹੜੀਆਂ ਧਾਰਮਿਕ ਅਤੇ ਸਮਾਜਿਕ ਲਹਿਰਾਂ ਪੰਜਾਬ ਵਿਚ ਪੈਦਾ ਹੋਈਆਂ ਅਤੇ ਜਿਨ੍ਹਾਂ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਮਹੱਤਵਪੂਰਨ ਹਿੱਸਾ ਪਾਇਆ ਕੂਕਾ ਲਹਿਰ ਉਨ੍ਹਾਂ ਵਿਚੋਂ ਇਕ ਹੈ।

ਕੂਕਾ ਲਹਿਰ ਲਗਭਗ ਧਾਰਮਿਕ ਲਹਿਰ ਸੀ ਪਰ ਅੰਗਰੇਜ਼ ਅਫ਼ਸਰ ਸ਼ਾਹੀ ਨੇ ਇਸ ਨੂੰ ਰਾਜਸੀ ਲਹਿਰ ਦਾ ਨਾਂ ਦੇ ਕੇ ਕੁਚਲਨ ਦੀ ਕੋਸ਼ਿਸ਼ ਕੀਤੀ ਅਤੇ ਪੰਜਾਬ ਵਿਚ ਇਸ ਲਹਿਰ ਦੀ ਕਾਰਵਾਈ ਉੱਤੇ ਸਖ਼ਤ ਨਜ਼ਰ ਰੱਖੀ ਗਈ। ਬਾਬਾ ਬਾਲਕ ਸਿੰਘ ਇਸ ਲਹਿਰ ਦਾ ਮੋਢੀ ਸੀ। ਜੋ ਸਾਈਂ ਜਵਾਹਰ ਮੱਕ ਦਾ ਪੱਕਾ ਸ਼ਰਧਾਲੂ ਪੈਰੋਕਾਰ ਸੀ। ਬਾਬਾ ਬਾਲਕ ਸਿੰਘ ਤੋਂ ਬਾਅਦ ਬਾਬਾ ਰਾਮ ਸਿੰਘ ਇਨ੍ਹਾਂ ਦਾ ਗੱਦੀ ਨਸ਼ੀਨ ਬਣਿਆਂ ਜੋ ਲੁਧਿਆਣਾ ਜ਼ਿਲ੍ਹੇ ਦੇ ਵਸਨੀਕ ਸਨ। ਇਹ ਪੇਸ਼ੇ ਵਜੋਂ ਤਰਖਾਣ ਸਨ। ਉਨ੍ਹਾਂ ਨੇ ਆਪ ਅੰਮ੍ਰਿਤ ਛਕਿਆ ਅਤੇ ਅੰਮ੍ਰਿਤ ਦਾ ਪ੍ਰਚਾਰ ਕੀਤਾ। ਉਨ੍ਹਾਂ ਨੇ ਸਿੱਖ ਔਰਤਾਂ ਵਿਚ ਪਰਦੇ ਦੇ ਰਿਵਾਜ ਦਾ ਵਿਰੋਧ ਕੀਤਾ। ਉਨ੍ਹਾਂ ਦੇ ਪੈਰੋਕਾਰ ਸਫੈਦ ਰੰਗ ਦੀ ਸਿੱਧੀ ਪੱਗ ਬੰਨ੍ਹਦੇ ਸਨ ਅਤੇ ਉਸਦੀ ਮਾਲਾ ਫੇਰਦੇ ਸਨ। ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਹਦਾਇਤ ਦਿੱਤੀ ਸੀ ਕਿ ਉਹ ਉਨ੍ਹਾਂ ਨੂੰ 'ਗੁਰੂ' ਨਾ ਕਹਿਣ ਪਰ ਫਿਰ ਵੀ ਕੁਝ ਲੋਕ ਉਨ੍ਹਾਂ ਨੂੰ ਆਪਣਾ ਧਾਰਮਿਕ ਆਦਰਸ਼ ਸਮਝ ਕੇ ਆਪਣਾ ਗੁਰੂ ਕਹਿੰਦੇ ਰਹੇ। ਵਜਦ ਵਿਚ ਆ ਕੇ ਉਹ ਆਪਣੀ ਪੱਗੜੀ ਉਤਾਰ ਲੈਂਦੇ ਸਨ ਅਤੇ ਕੂਕਾਂ ਮਾਰਦੇ ਸਨ।

1870 ਵਿਚ ਕੁਝ ਕੂਕਿਆਂ ਨੇ ਅੰਮ੍ਰਿਤਸਰ ਦੇ ਬੁੱਚੜਾਂ ਉੱਤੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਵਿਚੋਂ ਚਾਰ ਨੂੰ ਮਾਰ ਦਿੱਤਾ ਜਿਸ ਕਰਕੇ ਚਾਰ ਕੂਕਿਆਂ ਨੂੰ ਫਾਂਸੀ ਲਾ ਦਿੱਤਾ ਗਿਆ ਅਤੇ ਦੋ ਨੂੰ ਕਾਲੇ ਪਾਣੀ ਭੇਜ ਦਿੱਤਾ

ਗਿਆ। 1857 ਈ. ਵਿਚ ਵਿਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਪੰਥਦੀ ਨੀਂਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਸੂਲਾਂ ਦੇ ਅਨੁਕੂਲ ਰੱਖੀ ਗਈ। ਇਸ ਸਮਪ੍ਰਦਾਇ ਦੇ ਮੁੱਖ ਉਦੇਸ਼ਾਂ ਵਿਚ ਲੋਕਾਂ ਅੰਦਰ ਧਾਰਮਿਕ ਵਿਸ਼ਵਾਸਾਂ ਨੂੰ ਪੈਦਾ ਕਰਨਾ, ਦੇਸ਼ ਨੂੰ ਆਜ਼ਾਦੀ ਦਿਲਵਾਉਣਾ ਅਤੇ ਸਮਾਜਿਕ ਸੁਧਾਰ ਲਾਗੂ ਕਰਨਾ ਸੀ।

ਇਸ ਦੇ ਪ੍ਰੋਗਰਾਮ ਵਿਚ ਵਿਦੇਸ਼ੀ ਸ਼ਾਸਨ ਨੂੰ ਮਿਲਵਰਤਨ ਨਾ ਦੇਣਾ, ਸੁਦੇਸ਼ੀ ਵਸਤੂਆਂ ਦੀ ਵਰਤੋਂ ਕਰਨਾ, ਨਾਮ ਸਿਮਰਨ ਕਰਨਾ, ਨਸ਼ਿਆ ਤੋਂ ਪਰਹੇਜ਼ ਕਰਨਾ ਆਦਿ ਸ਼ਾਮਿਲ ਸੀ। ਸਮਾਜ ਸੁਧਾਰ ਦੇ ਪੱਖ ਤੋਂ ਨਾਮਧਾਰੀ ਅੰਦੋਲਨ ਨੇ ਵਿਧਵਾ ਵਿਆਹ, ਬਾਲ ਵਿਆਹ, ਬਾਲ ਹੱਤਿਆ ਨਾ ਕਰਨਾ ਅਤੇ ਬਿਨਾਂ ਦਹੇਜ ਵਿਆਹ ਕਰਨਾ ਉੱਪਰ ਜ਼ੋਰ ਦਿੱਤਾ।

ਨਾਮਧਾਰੀ ਅੰਦੋਲਨ ਨੇ ਆਪਣੇ 140 ਸਾਲਾਂ ਦੇ ਅਧਿਆਤਮਕ ਸਮਾਜਿਕ ਤੇ ਰਾਜਨੀਤਿਕ ਸਫ਼ਰ ਦੌਰਾਨ ਬਹੁਤ ਸਾਰੇ ਸਾਹਿਤ ਦੀ ਸਿਰਜਨਾ ਕੀਤੀ। ਇਸ ਅੰਦੋਲਨ ਦੀ ਸਾਹਿਤਿਕ ਖੇਤਰ ਵਿਚ ਢੁੱਕ ਕੇ ਮਹਾਨਤਾ ਬਾਰੇ ਗੱਲ ਕਰਦੇ ਹੋਏ ਕਿਹਾ ਜਾ ਸਕਦਾ ਹੈ ਕਿ ਅਧਿਐਨ ਅਤੇ ਅਭਿਆਸ ਦੇ ਬਲ ਨਾਲ ਸਤਿਗੁਰੂ ਰਾਮ ਸਿੰਘ ਦੇ ਮੌਖਿਕ ਪ੍ਰਗਟਾਅ ਅਤੇ ਲਿਖਤੀ ਪ੍ਰਗਟਾਅ ਵਿਚ ਚੌਖੀ ਰਵਾਨੀ, ਸਰਲਤਾ ਤੇ ਸਪੱਸ਼ਟਤਾ ਆ ਚੁੱਕੀ ਸੀ। ਚੌਦਾਂ ਸਾਲ ਪਰਦੇਸ ਵਿਚ ਬੈਠ ਕੇ ਉਨ੍ਹਾਂ ਵੱਲੋਂ ਮਿੱਥੇ ਗਏ ਹੁਮਕਨਾਮੇ ਤੇ ਅਰਦਾਸ ਉਨ੍ਹੀਵੀ ਸਦੀ ਦੀ ਪੰਜਾਬੀ ਵਾਰਤਕ ਲਿਖਤ ਦਾ ਉੱਤਮ ਨਮੂਨਾ ਮੰਨੇ ਜਾਂਦੇ ਹਨ। ਸਾਹਿਤ ਦੇ ਨਾਲ-ਨਾਲ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਵੀ ਇਕ ਅੰਦੋਲਨ ਦੀ ਭੂਮਿਕਾ ਮਹੱਤਵਪੂਰਨ ਹੈ। ਇਸ ਅੰਦੋਲਨ ਦੇ ਹਰੇਕ ਬੱਚੇ ਵਾਸਤੇ ਇਸ ਦਾ ਗਿਆਨ ਜ਼ਰੂਰੀ ਸਮਝਿਆ ਜਾਂਦਾ ਰਿਹਾ ਹੈ। ਪ੍ਰਦੇਸ਼ ਵਿਚ ਬੈਠੇ ਲਹਿਰ ਦੇ ਆਗੂ ਆਪਣੀਆਂ ਚਿੱਠੀਆਂ ਰਾਹੀ ਇਸ ਬਾਰੇ ਸੰਗਤ ਨੂੰ ਸੁਚੇਤ ਕਰਦੇ ਰਹੇ ਹਨ। ਸੰਗੀਤ ਜਿਸ ਨੂੰ ਸਿੱਖ ਸਮਾਜ ਵਿਚ ਕੀਰਤਨ ਕਿਹਾ ਜਾਂਦਾ ਹੈ। ਗੁਰੂ ਘਰ ਦੀ ਇਕ ਸਾਧਨਾ ਪਧੱਤੀ ਹੈ ਅਤੇ ਇਸ ਨੂੰ ਕੂਕਾ ਲਹਿਰ ਨੇ ਵੀ ਕਾਇਮ ਰੱਖਿਆ।

ਇਸ ਤਰ੍ਹਾਂ ਭਾਰਤੀ ਇਤਿਹਾਸ ਵਿਚ ਕੂਕਾ ਅੰਦੋਲਨ ਦਾ ਆਪਣਾ ਇਕ ਵਿਲੱਖਣ ਸਥਾਨ ਅਤੇ ਮਹੱਤਵ ਹੈ। ਕੂਕਾ ਅੰਦੋਲਨ ਦੀ ਆਪਣੇ ਤੌਰ ਇਕ ਇਤਿਹਾਸਕ ਦੇਣ ਵੀ ਹੈ ਤੇ ਮਹੱਤਤਾ ਵੀ।

### 7.4 Summary (ਨਿਸ਼ਕਰਸ਼)

ਨਿਸ਼ਕਰਸ਼ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਕੂਕਾ ਲਹਿਰ ਬਾਬਾ ਬਾਲਕ ਸਿੰਘ ਵਲੋਂ ਚਲਾਈ ਇਕ ਧਾਰਮਿਕ ਲਹਿਰ ਸੀ। ਇਸ ਲਹਿਰ ਨੇ ਬਾਬਾ ਰਾਮ ਸਿੰਘ ਦੀ ਅਗਵਾਈ ਵਿਚ ਇਸ ਲਹਿਰ ਨੇ ਰਾਜਨੀਤਿਕ ਰੂਪ ਵੀ ਅਖਤਿਆਰ ਕੀਤਾ। 140 ਸਾਲਾਂ ਦੇ ਅਧਿਆਤਮਿਕ ਸਮਾਜਿਕ ਤੇ ਰਾਜਨੀਤਿਕ ਸਫ਼ਰ ਦੌਰਾਨ ਬਹੁਤ ਸਾਰੇ ਸਾਹਿਤ ਦੀ ਸਿਰਜਣਾ ਵੀ ਕੀਤੀ।

### 7.5 Glossary (ਔਖੇ ਸ਼ਬਦਾਂ ਦੇ ਅਰਥ)

1. ਜਸ – ਪ੍ਰਸ਼ੰਸਾ
2. ਵਿਰੁੱਧ – ਖਿਲਾਫ਼
3. ਸੁਦੇਸ਼ੀ – ਸਵਦੇਸ਼ੀ

### 7.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

- ਕੂਕਾ ਲਹਿਰ ਦੇ ਸੰਸਥਾਪਕ ਕੌਣ ਸੀ।
- ਕੂਕਾ ਲਹਿਰ ਦੀ ਸਥਾਪਨਾ ਕਦੋਂ ਹੋਈ।
- ਕੂਕਾ ਲਹਿਰ ਨੂੰ ਹੋਰ ਕਿਸ ਲਹਿਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

**7.7 Lesson End Exercise, Examination Oriented Questions**

**(ਅਭਿਆਸ ਅਰਥ ਪ੍ਰਸ਼ਨ)**

1. ਕੂਕਾ ਲਹਿਰ ਤੇ ਨੋਟ ਲਿਖੋ।
2. ਕੂਕਾ ਲਹਿਰ ਅਤੇ ਸਿੰਘ ਸਭਾ ਲਹਿਰ ਵਿਚਲਾ ਅੰਤਰ ਸਪਸ਼ਟ ਕਰੋ।

**7.8 Suggested Reading ( ਸਹਾਇਕ ਪੁਸਤਕ ਸੂਚੀ)**


- ਡਾ. ਰਾਜਿੰਦਰ ਸਿੰਘ ਸ਼ੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ, ਲਹਿਰ ਬੁਕ ਸ਼ਾਪ, ਲੁਧਿਆਣਾ, 2007.
- ਪ੍ਰੋ. ਬ੍ਰਹਮ ਜਗਦੀਸ਼ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ ਵਾਰਿਸ ਸ਼ਾਹ ਫਾਓਂਡੇਸ਼ਨ, ਅਮ੍ਰਿਤਸਰ, 2007.

**M.A.Semester 2nd** | **Lesson No.8**
**Unit-II** | **Course No: Pbi204**

# ਈਸਾਈ ਮਿਸ਼ਨਰੀ ਲਹਿਰ

**Structure :**

8.1 Objective (ਉਦੇਸ਼)

8.2 Introduction (ਜਾਣ-ਪਛਾਣ)

8.3 Content Section (ਵਿਸ਼ਾ ਪੱਖ)

8.4 Summary (ਨਿਸ਼ਕਰਸ਼)

8.5 Glossary (ਔਖੇ ਸ਼ਬਦਾਂ ਦੇ ਅਰਥ)

8.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

8.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

8.8 Suggested Reading ( ਸਹਾਇਕ ਪੁਸਤਕ ਸੂਚੀ)

## 8.1 Objective (ਉਦੇਸ਼)

- ਇਸ ਅਧਿਆਏ ਵਿਚ ਵਿਦਿਆਰਥੀਆਂ ਨੂੰ ਈਸਾਈ ਮਿਸ਼ਨਰੀ ਲਹਿਰ ਬਾਰੇ ਜਾਣੂ ਕਰਵਾਇਆ ਜਾਏਗਾ।
- ਈਸਾਈ ਮਿਸ਼ਨਰੀਆਂ ਦੇ ਪੰਜਾਬ ਵਿਚ ਵਿਕਸਿਤ ਹੋਣ ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਸਮਝਣ ਦਾ ਯਤਨ ਕੀਤਾ ਜਾਵੇਗਾ।
- ਈਸਾਈ ਮਿਸ਼ਨਰੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਵੀ ਚਰਚਾ ਕੀਤੀ ਜਾਵੇਗੀ।

## 8.2 Introduction (ਜਾਣ-ਪਛਾਣ)

ਈਸਾਈ ਮਿਸ਼ਨਰੀਆਂ ਦਾ ਮੁੱਖ ਮਨੋਰਥ ਪੰਜਾਬ ਵਿਚ ਈਸਾਈ ਧਰਮ ਦਾ ਪ੍ਰਚਾਰ ਕਰਨਾ, ਦੂਸਰਾ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਦਾ ਅੰਗ ਬਣਾ ਕੇ ਇੱਥੇ ਆਪਣੇ ਬਸਤੀਵਾਦੀ ਸਾਮਰਾਜ ਦੀਆਂ ਜੜ੍ਹਾਂ ਮਜ਼ਬੂਤ ਕਰਨਾ ਸੀ। ਅੰਗਰੇਜ਼ਾਂ ਦੇ ਪੰਜਾਬ ਦੇ ਲੋਕਾਂ ਦੀ ਮਾਨਸਿਕਤਾ ਨੂੰ ਸਮਝਣ ਅਤੇ ਇਸ ਨੂੰ ਅੰਗਰੇਜ਼ਾਂ ਦੇ ਬਸਤੀਵਾਦੀ ਸਿਸਟਮ ਦੇ ਹੱਕ ਵਿਚ ਬਦਲਣ ਲਈ ਉਹਨਾਂ ਨੇ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ, ਲੋਕਧਾਰਾ ਅਤੇ ਸਭਿਆਚਾਰ ਵਿਚ ਰੁਚੀ ਦਿਖਾਈ। ਈਸਾਈ ਮਿਸ਼ਨਰੀ ਪਾਦਰੀਆਂ ਨੇ ਵਿਭਿੰਨ ਰੂਪਾਂ ਜਿਵੇਂ ਕਵਿਤਾ, ਨਾਵਲ, ਨਾਟਕ, ਕਹਾਣੀਆਂ, ਜੀਵਨੀਆਂ ਅਤੇ ਅਨੁਵਾਦ ਰਾਹੀਂ ਵੀ ਆਪਣੇ ਲੁਕਵੇਂ ਮਨੋਰਥ ਨੂੰ ਉਜਾਗਰ ਕੀਤਾ।

## 8.3 Content Section (ਵਿਸ਼ਾ ਪੱਖ)

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਹਿਲਾਂ ਬੇਸ਼ੱਕ ਅੰਗਰੇਜ਼ ਪੰਜਾਬ ਵਿਚ ਨਹੀਂ ਵੜ ਸਕੇ। ਪਰ ਉਹ ਇਕ ਤਰ੍ਹਾਂ ਨਾਲ ਮਹਾਰਾਜੇ ਦੀ ਮੌਤ ਦੀ ਉਡੀਕ ਹੀ ਕਰ ਰਹੇ ਸਨ। ਮਹਾਰਾਜੇ ਦੀ ਮੌਤ ਤੋਂ ਪਹਿਲਾਂ ਹੀ ਅੰਗਰੇਜ਼ ਪਾਦਰੀਆਂ ਨੇ ਈਸਾਈ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਤਿਆਰੀ ਕਰ ਲਈ ਸੀ। ਇਸ ਮੰਤਵ ਲਈ ਉਨ੍ਹਾਂ ਨੇ ਬੰਗਾਲ ਨੂੰ ਧਰਮ ਪ੍ਰਚਾਰ ਦਾ ਕੇਂਦਰ ਬਣਾ ਲਿਆ ਸੀ। ਇਸੇ ਤਰ੍ਹਾਂ ਹੀ ਇਕ ਕੇਂਦਰ ਲੁਧਿਆਣਾ ਵਿਖੇ ਵੀ ਸਥਾਪਤ ਕਰ ਲਿਆ ਸੀ। ਇਸਦੀ ਸਥਾਪਨਾ 1834 ਈ. ਵਿਚ ਪਾਦਰੀ ਜਾਨ ਲੋਰੀ ਵੱਲੋਂ ਕੀਤੀ ਗਈ ਸੀ। ਇਹ ਕੇਂਦਰ 1838 ਈ. ਤੱਕ ਬਹੁਤ ਕਿਰਿਆਸ਼ੀਲ ਨਹੀਂ ਸੀ। ਇਸ ਸਮੇਂ ਦੌਰਾਨ ਪੰਜਾਬ ਵਿਚ ਈਸਾਈ ਮੱਤ ਦੇ ਪ੍ਰਚਾਰ ਦਾ ਕੰਮ ਬੰਗਾਲ ਵਿਚ ਕਲਕੱਤਾ ਨੇੜੇ ਸੀਰਾਪੁਰ ਦੇ ਕੇਂਦਰ ਦੇ ਜ਼ਿੰਮੇ ਸੀ। ਇੱਥੇ ਵਿਲੀਅਮ ਕੇਰੀ ਦੀ ਅਗਵਾਈ ਵਿਚ ਗੁਰਮੁਖੀ ਦੀ ਟਾਈਪ ਤਿਆਰ ਕੀਤੀ ਜਾ ਚੁੱਕੀ ਸੀ। ਇੱਥੇ ਹੀ ਬਸ ਨਹੀਂ 1809 ਈ. ਤੱਕ ਤਾਂ ਇਸਨੇ ਬਾਈਬਲ ਦਾ ਅਨੁਵਾਦ ਵੀ ਕਰ ਦਿੱਤਾ ਸੀ। ਮਹਾਰਾਜੇ ਦੀ ਮੌਤ ਤੋਂ ਤੁਰੰਤ ਬਾਅਦ 1842 ਵਿਚ ਲੁਧਿਆਣੇ ਦੇ ਧਰਮ ਪ੍ਰਚਾਰ ਕੇਂਦਰ ਲਈ ਵੀ ਗੁਰਮੁਖੀ ਦੇ ਟਾਈਪ ਦੀ ਵਿਵਸਥਾ ਕਰ ਦਿੱਤੀ ਗਈ ਸੀ। ਇਸ ਤੋਂ ਬਾਅਦ ਇਹ ਕੇਂਦਰ ਬੜਾ ਕਿਰਿਆਸ਼ੀਲ ਹੋ ਗਿਆ। 1837 ਤੋਂ 1849 ਤੱਕ ਇਸ ਕੇਂਦਰ ਵੱਲੋਂ ਦੋ ਦਰਜਨ ਦੇ ਲਗਭਗ ਪੁਸਤਕਾਂ ਅਤੇ ਹਜ਼ਾਰਾਂ ਟ੍ਰੇਕਟ ਪ੍ਰਕਾਸ਼ਿਤ ਕੀਤੇ ਗਏ। ਅੰਗਰੇਜ਼ ਇਹ ਸਾਰਾ ਕੁਝ ਪੰਜਾਬੀ ਭਾਸ਼ਾ ਜਾਂ ਸਾਹਿਤ ਦੀ ਭਲਾਈ ਲਈ ਨਹੀਂ ਕਰ ਰਹੇ ਸਨ ਸਗੋਂ ਉਨ੍ਹਾਂ ਦੇ ਦੋ ਮਨੋਰਥ ਸਨ। ਪਹਿਲਾ ਪੰਜਾਬ ਵਿਚ ਇਸਾਈ ਧਰਮ ਦਾ ਪ੍ਰਚਾਰ ਕਰਨਾ, ਦੂਸਰਾ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਦਾ ਅੰਗ ਬਣਾ ਕੇ ਇੱਥੇ ਆਪਣੇ ਬਸਤੀਵਾਦ ਸਾਮਰਾਜ ਦੀਆਂ ਜੜ੍ਹਾਂ ਮਜ਼ਬੂਤ ਕਰਨਾ। ਪੰਜਾਬ ਦੇ ਲੋਕਾਂ ਦੀ ਮਾਨਸਿਕਤਾ ਨੂੰ ਸਮਝਣ ਅਤੇ ਇਸਨੂੰ ਅੰਗਰੇਜ਼ਾਂ ਦੇ ਬਸਤੀਵਾਦ ਸਿਸਟਮ ਦੇ ਹੱਕ ਵਿਚ ਬਦਲਣ ਲਈ ਉਨ੍ਹਾਂ ਨੇ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ, ਲੋਕਧਾਰਾ ਅਤੇ ਸਭਿਆਚਾਰ ਵਿਚ ਰੁਚੀ ਦਿਖਾਈ। ਇਸ ਮੰਤਵ ਲਈ ਨਾ ਕੇਵਲ ਪਾਦਰੀਆਂ, ਰਿਚਰਡ ਟੈਂਪਲ, ਸਰ ਬੈਂਮਪਬੈਨਮ, ਮਿਸਟਰ ਨਾਇਕ, ਮਿਸਟਰ ਟਰੰਪ ਆਦਿ ਨੇ ਵੀ ਵੱਡਮੁੱਲਾ ਯੋਗਦਾਨ ਪਾਇਆ। ਆਪਣੇ ਪੂਰਵ ਨਿਰਧਾਰਿਤ ਉਦੇਸ਼ ਦੀ ਪ੍ਰਾਪਤੀ ਲਈ ਅੰਗਰੇਜ਼ਾਂ ਨੇ ਛਾਪਾਖਾਨਾ ਸਾਹਿਤ, ਕੋਸ਼ਕਾਰੀ, ਵਿਆਕਰਨ, ਸਿੱਖਿਆ, ਪੱਤਰਕਾਰੀ ਜਿਹੇ ਆਧੁਨਿਕ ਸਾਧਨਾਂ ਦੀ ਸਹਾਇਤਾ ਲਈ। ਇਸ ਨਾਲ ਉਹ ਆਪਣੇ ਮਨੋਰਥ ਵਿਚ ਤਾਂ ਕਾਮਯਾਬ ਹੋਏ ਹੀ ਨਾਲ-ਨਾਲ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਮਾਨਸਿਕਤਾ ਵਿਚ ਵਿਕਾਸ ਦੇ ਮਹੱਤਵਪੂਰਨ ਕਾਰਨ ਬਣੇ।

1809 ਈ. ਵਿਚ ਬਾਈਬਲ ਦਾ ਪਹਿਲਾ ਅਨੁਵਾਦ ਛੱਪ ਕੇ ਆ ਚੁੱਕਾ ਸੀ ਤਾਂ 1812 ਵਿਚ ਵਿਲੀਅਮ ਕੇਰੀ ਨੇ ਪੰਜਾਬੀ ਦਾ ਪਹਿਲਾ ਵਿਆਕਰਨ ਲਿਖਿਆ ਸੀ। ਈਸਾਈ ਮਿਸ਼ਨਰੀ ਵਿਚ ਉਸ ਦਾ ਯੋਗਦਾਨ ਬਹੁਤ ਜ਼ਿਆਦਾ ਹੈ। ਉਸਦੇ ਇਸ ਮਹਾਨ ਯੋਗਦਾਨ ਨੂੰ ਧਿਆਨ ਵਿਚ ਰੱਖਦਿਆਂ ਹੀ ਪ੍ਰੋ. ਪ੍ਰੀਤਮ ਸਿੰਘ ਨੇ ਇਕ ਲੇਖ, 'ਪੰਜਾਬੀ ਦਾ ਪਹਿਲਾ ਅੰਗਰੇਜ਼ ਲੇਖਕ ਵਿਲੀਅਮ ਕੇਰੀ- ਜੀਵਨ ਤੇ ਰਚਨਾ ਲਿਖਿਆ ਹੈ। ਉਨ੍ਹਾਂ ਨੇ ਸਭ ਤੋਂ ਪਹਿਲਾ ਪੂਰੇ ਭਾਰਤ ਵਿਚ ਗੁਰਮੁੱਖੀ ਦਾ ਟਾਈਪ ਤਿਆਰ ਕਰਵਾਇਆ ਇਕ ਛੋਟਾ ਜਿਹਾ ਵਿਆਕਰਨ ਲਿਖਿਆ, ਬਾਈਬਲ ਦਾ ਅਨੁਵਾਦ ਪੰਜਾਬੀ ਭਾਸ਼ਾ ਵਿਚ ਕੀਤਾ। 1838 ਈ. ਵਿਚ ਸੀ. ਬੀ. ਲੀਚ ਨੇ ਪੰਜਾਬੀ ਦੀ ਇਕ ਹੋਰ ਨਿੱਕੀ ਜਿਹੀ ਵਿਆਕਰਨ ਲਿਖੀ। 1849 ਈ. ਵਿਚ ਕੈਪਟਨ ਸਟਾਰਕੀ ਨੇ ਬਸਾਵਾ ਸਿੰਘ ਦੇ ਸਹਿਯੋਗ ਨਾਲ ਅੰਗਰੇਜ਼ੀ-ਪੰਜਾਬੀ ਸ਼ਬਦਾਵਲੀ ਅਤੇ ਅੰਗਰੇਜ਼ੀ-ਪੰਜਾਬੀ ਗੱਲਬਾਤ ਰਚੀ। ਪਰ ਪੰਜਾਬੀ ਦੀ ਪਹਿਲੀ ਵਿਵਸਥਿਤ ਅਤੇ ਸਰਵ-ਪ੍ਰਵਾਨਤ ਵਿਅਕਰਨ Grammer of the Punjabi Language ਜਾਹਨ ਨਿਊਟਨ ਵੱਲੋਂ 1852 ਈ. ਵਿਚ ਲਿਖੀ ਗਈ।

ਵਿਆਕਰਨ ਦੇ ਨਾਲ-ਨਾਲ ਕੁਝ ਵਿਦਵਾਨਾਂ ਨੇ ਪੰਜਾਬੀ ਕੋਸ਼ਕਾਰੀ ਵੱਲ ਵੀ ਧਿਆਨ ਦਿੱਤਾ। ਪੰਜਾਬੀ ਦਾ ਪਹਿਲਾ ਕੋਸ਼ 1854 ਈ. ਵਿਚ ਪ੍ਰਕਾਸ਼ਤ ਕੀਤਾ ਗਿਆ। ਇਸ ਵਿਚ ਤਰਤੀਬ ਗੁਰਮੁਖੀ ਵਰਨਮਾਲਾ

ਅਨੁਸਾਰ ਰੱਖੀ ਗਈ। ਇਸ ਵਿਚਲੇ ਸ਼ਬਦਾਂ ਦੀ ਗਿਣਤੀ 28000 ਦੇ ਲਗਭਗ ਸੀ। ਮਈਆ ਸਿੰਘ ਨੇ ਕਈ ਪਾਰਟੀਆਂ ਅਤੇ ਵੇਲੇ ਦੀ ਪੰਜਾਬ ਸਰਕਾਰ ਦੇ ਸਹਿਯੋਗ ਨਾਲ 1895 ਈ. ਵਿਚੋਂ ਇਕ ਵੱਡੇ ਆਕਾਰ ਦਾ ਕੋਸ਼ ਤਿਆਰ ਕੀਤਾ। ਇਸ ਕੋਸ਼ ਲਈ ਚੁਣੇ ਗਏ ਸ਼ਬਦ ਵੱਖ-ਵੱਖ ਉਪਭਾਸ਼ਾਵਾਂ ਵਿਚ ਲਏ ਗਏ ਹਨ।

ਕਈ ਵਿਦਵਾਨਾਂ ਨੇ ਪੰਜਾਬੀ ਲੋਕਧਾਰਾ ਦੇ ਖੇਤਰ ਨੂੰ ਆਪਣਾ ਕੇ ਇਸਦੀ ਪਛਾਣ ਕੀਤੀ। ਮਿਸਾਲ ਵਜੋਂ ਸ਼ਬਦ ਨੇ ਆਪਣੀ ਪੁਸਤਕ "ਬੈਲਡਜ਼ ਐਂਡ ਲੀਜੈਂਡਸ ਆਫ਼ ਪੰਜਾਬ" ਵਿਚ ਲੋਕ-ਵਾਰਾਂ ਅਤੇ ਕਥਾ-ਕਹਾਣੀਆਂ ਇਕੱਠੀਆਂ ਕੀਤੀਆਂ। ਸਵਿਨਰਟਨ ਨੇ 1803 ਈ. ਵਿਚ ਆਪਣੀ ਪੁਸਤਕ 'ਰੋਮਾਂਟਿਕ ਟੇਲਜ਼ ਆਫ਼ ਪੰਜਾਬ' ਨਾਲ ਕਾਫ਼ੀ ਪ੍ਰਸਿੱਧੀ ਖੱਟੀ। ਪਰ ਇਸ ਖੇਤਰ ਵਿਚ ਸਭ ਤੋਂ ਵਧੇਰੇ ਨਾਮ ਸਰ ਰਿਚਰਡ ਟੈਂਪਲ ਦਾ ਹੈ। ਉਨ੍ਹਾਂ ਨੇ ਲੋਕਧਾਰਾ ਨਾਲ ਸੰਬੰਧਿਤ ਦੋ ਪੁਸਤਕਾਂ ਦੀ ਰਚਨਾ ਕੀਤੀ। ਪਹਿਲੀ ਪੁਸਤਕ ਦਾ ਨਾਂ 'ਟੇਲਜ਼ ਆਫ਼ ਪੰਜਾਬ' ਹੈ ਅਤੇ ਦੂਸਰੀ ਪੁਸਤਕ 'ਲੀਜੈਂਡਜ਼ ਆਫ਼ ਪੰਜਾਬ' ਹੈ।

ਇਨ੍ਹਾਂ ਖੇਤਰਾਂ ਤੋਂ ਇਲਾਵਾ ਈਸਾਈ ਮਿਸ਼ਨਰੀ ਪਾਦਰੀਆਂ ਨੇ ਵੱਖ-ਵੱਖ ਸਾਹਿਤ ਰੂਪਾਂ ਜਿਵੇਂ ਕਵਿਤਾ, ਨਾਵਲ, ਨਾਟਕ, ਕਹਾਣੀਆਂ, ਜੀਵਨੀਆਂ ਅਤੇ ਅਨੁਵਾਦ ਰਾਹੀਂ ਵੀ ਆਪਣੇ ਲੁਕਵੇਂ ਮਨੋਰਥ ਨੂੰ ਉਜਾਗਰ ਕੀਤਾ। ਪਰ ਕਵਿਤਾ ਦੀ ਬਜਾਏ ਵਾਰਤਕ ਦੀ ਪ੍ਰਧਾਨਤਾ ਰਹੀ। ਸਾਹਿਤ ਰੂਪਾਂ ਵਿਚ ਨਾਵਲ ਸਭ ਤੋਂ ਵਧੇਰੇ ਕਾਰਗਰ ਹਥਿਆਰ ਸਾਬਤ ਹੋਇਆ। ਜਾਹਨ ਬਨੀਅਮ ਨੇ ਅੰਗਰੇਜ਼ੀ ਨਾਵਲ 'ਪਿਲੀਰਾਰਿਮਜ਼ ਪ੍ਰੋਗਰੈਸ' ਨੂੰ ਪੰਜਾਬੀ ਵਿਚ'ਅਮੀਰੀ ਮੁਸਾਫਿਰ ਦੀ ਯਾਤਰਾ' ਨਾਮ ਹੇਠ ਅਨੁਵਾਦਿਆ ਗਿਆ। ਇਸ ਨਾਵਲ ਵਿਚ ਪ੍ਰਭੂ, ਯਸੂ ਮਸੀਹ ਦੀ ਸਵਰਗ ਯਾਤਰਾ ਦਾ ਕਾਲਪਨਿਕ ਵਰਣਨ ਹੈ। ਇਸਦੀ ਪ੍ਰਕਾਸ਼ਨਾ 1858 ਈ. ਵਿਚ ਹੋਈ। ਇਹ ਪੰਜਾਬੀ ਦਾ ਪਹਿਲਾਂ ਅਨੁਵਾਦਤ ਨਾਵਲ ਮੰਨਿਆ ਜਾਂਦਾ ਹੈ। ਦੂਸਰਾ ਨਾਵਲ 1882 ਈ. ਵਿਚ 'ਜਯੋਤਿਰੁਦਯ' (ਜਿੱਤ ਦਾ ਉਦੈ ਹੋਣਾ) ਨਾਂ ਹੇਠ ਪ੍ਰਕਾਸ਼ਿਤ ਹੋਇਆ। ਇਸ ਨਾਵਲ ਬਾਰੇ ਇਹੋ ਅਨੁਮਾਨ ਲਗਾਇਆ ਜਾਂਦਾ ਹੈ ਕਿ ਇਹ ਕਿਸੇ ਪਾਦਰੀ ਵਲੋਂ, ਬੰਗਾਲੀ ਵਿਚ ਲਿਖੇ ਕਿਸੇ ਨਾਵਲ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਗਿਆ ਹੋਵੇ।

ਬਾਈਬਲ ਦੇ ਅਨੁਵਾਦ ਅਤੇ ਨਾਵਲਾਂ ਤੋਂ ਇਲਾਵਾ ਯਸੂ ਮਸੀਹ ਦੀਆਂ ਜੀਵਨੀਆਂ ਵੀ ਰਚੀਆ ਗਈਆਂ। ਮਿਸਾਲ ਵਜੋਂ 1850 ਈ. ਵਿਚ ਲੁਧਿਆਣੇ ਦੀ ਮਿਸ਼ਨ ਪ੍ਰੇਸ ਵੱਲੋਂ 'ਇੰਜੀਲ ਸਾਰ' ਨਾਂ ਦੀ ਪੁਸਤਕ ਪ੍ਰਕਾਸ਼ਿਤ ਕੀਤੀ ਗਈ। ਇਹ ਪੁਸਤਕ ਯਿਸੂ ਮਸੀਹ ਦਾ ਜੀਵਨ ਸਾਰ ਹੈ। 1892 ਈ. ਵਿਚ ਇਸੇ ਪੁਸਤਕ ਦੀ ਇਕ ਹੋਰ ਪੁਸਤਕ 'ਜੀਵਨੀ ਪੁਸਤਕ ਯਿਸੂ ਮਸੀਹ' ਨਾਮ ਹੇਠ ਪ੍ਰਕਾਸ਼ਿਤ ਹੋਈ। ਇਸ ਜੀਵਨੀ ਪੁਸਤਕ ਵਿਚ ਯਸੂ ਮਸੀਹ ਦੇ ਜੀਵਨ ਨੂੰ ਵੱਖ-ਵੱਖ ਕਾਂਡਾਂ ਵਿਚ ਵੰਡ ਕੇ ਵਿਸਥਾਰ ਪੂਰਵਕ ਪੇਸ਼ ਕੀਤਾ ਗਿਆ ਹੈ। ਇਸ ਪੁਸਤਕ ਨੇ ਸਿੰਘ ਸਭਾ ਲਹਿਰ ਦੇ ਲੇਖਕਾਂ ਨੂੰ ਗੁਰੂਆਂ ਦੀਆਂ ਜੀਵਨੀਆਂ ਲਿਖਣ ਦੀ ਪ੍ਰੇਰਨਾ ਦਿੱਤੀ।

ਐਸ. ਐਸ. ਬਚਿੰਤਰ ਨੇ ਇਸਾਈ ਮਿਸ਼ਨਰੀ ਦੇ ਕਹਿਣ ਤੇ ਇਕ ਲਘੂ-ਨਾਟਕ 'ਮਲਕਾ ਅਸਤਰ' ਦੀ ਰਚਨਾ ਕੀਤੀ। ਇਹ ਲਘੂ ਨਾਟਕ ਅਸਲ ਵਿਚ ਇਕ ਇਕਾਂਗੀ ਹੈ। ਕੇਂਦਰੀ ਪੰਜਾਬੀ ਭਾਸ਼ਾ ਵਿਚ ਲਿਖੀ ਇਸ ਨਾਟ-ਕ੍ਰਿਤ ਵਿਚ ਈਸਾਈ ਧਰਮ ਨੂੰ ਬੜੇ ਲੁਕਵੇਂ ਢੰਗ ਨਾਲ ਗਰੀਬਾਂ ਅਤੇ ਦੱਬੇ-ਕੁਚਲੇ ਮਜਬੂਰ ਲੋਕਾਂ ਦਾ ਰੱਖਿਅਕ ਦੱਸ ਕੇ ਉਨ੍ਹਾਂ ਨੂੰ ਇਹ ਧਰਮ ਗ੍ਰਹਿਨ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ। ਪਾਦਰੀ ਨਿਉਟਨ ਨੇ ਪੰਡਿਤ ਸ਼ਰਧਾ ਰਾਮ ਫਿਲੌਰੀ ਨੂੰ ਤਾਂ ਆਪਣੇ ਕੋਲ ਨੌਕਰੀ ਤੇ ਹੀ ਰੱਖ ਲਿਆ ਸੀ। ਉਸਦੀ ਪ੍ਰੇਰਨਾ ਨਾਲ ਉਸਨੇ ਸਿੱਖ ਰਾਜ ਦੀ ਵਿਥਿਆ (1886) ਅਤੇ ਪੰਜਾਬੀ ਬਾਤਚੀਤ (1876) ਦੇ ਪੁਸਤਕਾਂ ਦੀ ਰਚਨਾ ਕੀਤੀ। ਇਹੀ ਉਹ ਸ਼ਰਧਾ ਰਾਮ ਸੀ ਜਿਸਨੇ 'ਓਮ ਜੈ ਜਗਦੀਸ਼ ਹਰੇ' ਵਾਲੀ ਆਰਤੀ ਦੀ ਰਚਨਾ ਕੀਤੀ ਸੀ। ਸ਼ਰਧਾ ਰਾਮ ਫਿਲੌਰੀ ਦੀਆਂ ਇਨ੍ਹਾਂ ਦੋ ਪੁਸਤਕਾਂ ਨੂੰ ਮੱਧਕਾਲੀ ਪੰਜਾਬੀ ਵਾਰਤਕ ਅਤੇ ਆਧੁਨਿਕ ਪੰਜਾਬੀ ਵਾਰਤਕ ਦੇ ਵਿਚਕਾਰ ਮੰਨਿਆ ਜਾਂਦਾ ਹੈ। ਇਨ੍ਹਾਂ ਲੇਖਕਾਂ ਵਾਂਗ ਹੀ ਬਿਸ਼ਨ ਦਾਸ ਪੁਰੀ ਤੋਂ 'ਪੰਜਾਬੀ ਵਿਆਕਣ' ਅਤੇ

ਭਾਈ ਕਾਨ੍ਹ ਸਿੰਘ ਨਾਭਾ ਤੋਂ ਅੰਗਰੇਜ਼ਾਂ ਨੇ ਪੰਜਾਬੀ ਦਾ ਪਹਿਲਾ 'ਗਿਆਨ ਕੋਸ਼' ਲਿਖਵਾਇਆ।

ਵਾਰਤਕ ਤੋਂ ਇਲਾਵਾ ਈਸਾਈ ਮਿਸ਼ਨਰੀਆਂ ਵੱਲੋਂ ਨਿੱਕੇ-ਨਿੱਕੇ ਟਰੈਕਟਾਂ ਦੇ ਰੂਪ ਵਿਚ ਕਹਾਣੀਆਂ ਵੀ ਲਿਖੀਆਂ ਗਈਆਂ। ਇਨ੍ਹਾਂ ਦੀ ਗਿਣਤੀ ਸੌ ਦੇ ਲਗਭਗ ਦੱਸੀ ਜਾਂਦੀ ਹੈ। 1877 ਈ. ਵਿਚ ਲੁਧਿਆਣਾ ਦੀ ਮਿਸ਼ਨ ਪ੍ਰੈਸ ਵੱਲੋਂ 'ਬੈਬਲ ਦੀਆਂ ਕਹਾਣੀਆਂ' ਨਾਂ ਦਾ ਇਕ ਨਿੱਕਾ ਜਿਹਾ ਸੰਗ੍ਰਹਿ ਵੀ ਪ੍ਰਕਾਸ਼ਿਤ ਕੀਤਾ ਗਿਆ।

ਉਪਰੋਕਤ ਉਦਾਹਰਨਾਂ ਤੋਂ ਸਪੱਸ਼ਟ ਹੈ ਕਿ ਅੰਗਰੇਜ਼ਾਂ ਵੱਲੋਂ ਕੀਤੇ ਗਏ ਕੰਮਾਂ ਦਾ ਉਦੇਸ਼ ਪੰਜਾਬੀ ਭਾਸ਼ਾ ਜਾਂ ਸਾਹਿਤ ਦਾ ਵਿਕਾਸ ਨਹੀਂ ਸੀ ਪਰ ਫਿਰ ਵੀ ਉਨ੍ਹਾਂ ਵੱਲੋਂ ਕੀਤੇ ਗਏ ਇਨ੍ਹਾਂ ਮੁੱਢਲੇ ਯਤਨਾਂ ਨਾਲ ਪੰਜਾਬੀ ਭਾਸ਼ਾ, ਸਾਹਿਤ, ਲੋਕਧਾਰਾ, ਸਭਿਆਚਾਰ ਅਤੇ ਪੰਜਾਬੀ ਮਾਨਸਿਕਤਾ ਦਾ ਮਹੱਤਵਪੂਰਨ ਵਿਕਾਸ ਹੋਇਆ। ਈਸਾਈ ਮਿਸ਼ਨਰੀ ਦੇ ਕੀਤੇ ਕੰਮਾਂ ਦਾ ਪੰਜਾਬੀ ਸਾਹਿਤ ਉਤੇ ਦੋ ਕਿਸਮ ਦਾ ਪ੍ਰਭਾਵ ਪਿਆ। ਪਹਿਲਾ, ਉਨ੍ਹਾਂ ਵੱਲੋਂ ਲਿਖੇ ਗਏ ਸਾਹਿਤ ਨਾਲ ਪੰਜਾਬੀ ਸਾਹਿਤ ਵਿਚ ਨਾ ਕੇਵਲ ਗਿਣਾਤਮਕ ਪੱਖੋਂ ਸਗੋ ਗੁਣਾਤਮਕ ਪੱਖੋਂ ਵਾਧਾ ਹੋਇਆ। ਦੂਜਾ ਪੰਜਾਬ ਦੇ ਲੋਕ ਆਪਣੇ ਧਰਮ, ਵਿਰਸੇ ਅਤੇ ਸਭਿਆਚਾਰ ਪ੍ਰਤੀ ਸੁਚੇਤ ਹੋ ਗਏ।

ਅੰਗਰੇਜ਼ਾਂ ਦੇ ਪੰਜਾਬ ਵਿਚ ਆਗਮਨ ਤੱਕ ਪੰਜਾਬੀ ਸਾਹਿਤ ਵਿਚ ਕਵਿਤਾ ਦੀ ਪ੍ਰਧਾਨਤਾ ਸੀ ਪਰ ਅੰਗਰੇਜ਼ਾਂ ਨੇ ਨਾਵਲ, ਨਾਟਕ, ਸਫ਼ਰਨਾਮਾ, ਕਹਾਣੀ, ਜੀਵਨੀ ਆਦਿ ਵਾਰਤਕ ਪ੍ਰਧਾਨ ਸਾਹਿਤ ਰੂਪਾਂ ਦੀ ਸਿਰਜਣਾ ਦੀ ਪਿਰਤ ਪਾਈ। ਅੰਗਰੇਜ਼ਾਂ ਵੱਲੋਂ ਲਿਖੇ ਦੋ ਨਾਵਲਾਂ ਨੂੰ ਪੜ੍ਹ ਕੇ ਭਾਈ ਵੀਰ ਸਿੰਘ ਨੇ ਚਾਰ ਨਾਵਲ ਰਚੇ। 'ਏਸ਼ੀਆ ਦਾ ਸੈਲ' ਸਫ਼ਰਨਾਮੇ ਦੇ ਕਾਰਨ 20ਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਲਾਲ ਸਿੰਘ ਨੇ ਆਪਣਾ ਵਿਲਾਇਤੀ ਸਫ਼ਰਨਾਮਾ ਅਤੇ ਉਸ ਤੋਂ ਪਹਿਲਾਂ ਕਾਨ੍ਹ ਸਿੰਘ ਨਾਭਾ ਨੇ ਆਪਣੇ ਸਫ਼ਰਨਾਮੇ ਰਚੇ।

ਅੰਗਰੇਜ਼ਾਂ ਵੱਲੋਂ ਸਿਖਿਆ ਮਹਿਕਮੇ ਦੀ ਨੀਂਹ ਰੱਖਣ ਨਾਲ ਪੰਜਾਬੀ ਵਿਦਵਾਨਾਂ ਨੇ ਪੰਜਾਬੀ ਵਿਚ ਇਸਤਰੀ ਲਈ ਸਿਖਿਆ ਦੀ ਵਿਵਸਥਾ ਕਰਵਾਈ। ਸਕੂਲ-ਕਾਲਜ ਖੁਲ੍ਹਣ ਨਾਲ ਲੋਕਾਂ ਵਿਚ ਚੇਤਨਾ ਦਾ ਵਿਕਾਸ ਹੋਇਆ। ਵਿਦਿਆ ਦੇ ਚਾਨਣ ਨਾਲ ਪੰਜਾਬੀ ਦੇ ਪਾਠਕਾਂ ਵਿਚ ਵੀ ਵਾਧਾ ਹੋਇਆ। ਖਾਲਸਾ ਕਾਲਜ ਅੰਮ੍ਰਿਤਸਰ ਜਿਹੀਆਂ ਵਿਦਿਆ ਸੰਸਥਾਵਾਂ ਪੰਜਾਬੀ ਲੇਖਕਾਂ ਦੀਆਂ ਗਤੀਵਿਧੀਆਂ ਦਾ ਕੇਂਦਰ ਬਣੀਆਂ। ਇੱਥੇ ਹੀ ਬਸ ਨਹੀਂ ਮੈਕਾਲਫ਼ ਵਿਲੀਅਮ ਕੇਰੀ, ਜਾਹਨ ਨਿਊਟਨ ਜਿਹੇ ਵਿਦਵਾਨਾਂ ਤੋਂ ਪੰਜਾਬੀ-ਪੱਖੀ ਆਗੂਆਂ ਨੇ ਮਿਸ਼ਨਰੀ ਭਾਵਨਾ ਸਿਖੀ। ਇਸ ਮਿਸ਼ਨਰੀ ਭਾਵਨਾ ਅਧੀਨ ਹੀ ਉਨ੍ਹਾਂ ਨੇ ਨਾਵਲ, ਜੀਵਨੀ, ਸਫ਼ਰਨਾਮਾ, ਕਹਾਣੀ ਜਿਹੇ ਨਿਵੇਕਲੇ ਸਾਹਿਤ ਰੂਪਾਂ ਨੂੰ ਅਪਣਾਇਆ। ਭਾਈ ਕਾਨ੍ਹ ਸਿੰਘ ਨਾਭਾ ਵੱਲੋਂ ਰਚੇ ਕੋਸ਼ ਨੂੰ ਅੱਜ ਵੀ 'ਮਹਾਨ ਕੋਸ਼' ਵੱਜੋਂ ਯਾਦ ਕੀਤਾ ਜਾਂਦਾ ਹੈ। ਭਾਈ ਵੀਰ ਸਿੰਘ ਦੇ ਮਿਸ਼ਨਰੀ ਭਾਵਨਾ ਨਾਲ ਲਿਖੇ ਨਾਵਲਾਂ ਨੇ ਸਿੱਖਾਂ ਦੀ ਅਗਿਆਨਤਾ ਅਤੇ ਗਿਰਾਵਟ ਨੂੰ ਦੂਰ ਕੀਤਾ।

ਕੁੱਲ ਮਿਲਾ ਕੇ ਈਸਾਈ ਮਿਸ਼ਨਰੀ ਜਿੱਥੇ ਆਪਣੇ ਪੂਰਵ ਨਿਰਧਾਰਤ ਮਿਸ਼ਨ ਵਿਚ ਕਾਮਯਾਬ ਹੋਏ ਉੱਥੇ ਉਨ੍ਹਾਂ ਨੇ ਛਾਪਾਖਾਨਾ, ਪੱਤਰਕਾਰੀ, ਸਿੱਖਿਆ, ਸਾਹਿਤ ਦੇ ਨਿਵੇਕਲੇ ਰੂਪ, ਸਾਹਿਤ ਨੂੰ ਪ੍ਰਚਾਰ ਦਾ ਸਾਧਨ ਬਣਾਉਣ ਦੀ ਚੇਤਨਾ ਜਿਹੇ ਆਧੁਨਿਕ ਸਾਧਨ ਦੇ ਕੇ ਐਸੀ ਚਿਣਗ ਪੈਦਾ ਕੀਤੀ ਜਿਸ ਨਾਲ ਉਹ ਆਪ ਤਾਂ ਕਾਮਯਾਬ ਹੋਏ ਹੀ ਨਾਲੋ-ਨਾਲ ਸਿੰਘ ਸਭਾ ਵਰਗੀ ਮਿਸ਼ਨਰੀ ਜੱਥੇਬੰਦੀ ਹੋਂਦ ਵਿਚ ਆ ਗਈ।ਪੱਛਮ ਤੇ ਈਸਾਈ ਮਿਸ਼ਨਰੀ ਲਹਿਰ ਸਦਕਾ ਹੀ ਨਵੀਆਂ ਵਿਧਵਾਂ ਦੇ ਵਿਚ ਪੰਜਾਬੀ ਸਾਹਿਤਕਾਰਾਂ ਨੇ ਹੱਥ ਅਜਮਾਇਆ ਤੇ ਪੰਜਾਬੀ ਸਾਹਿਤ ਨੂੰ ਬਾਕੀ ਸਾਹਿਤਾਂ ਦੇ ਮੌਢੇ ਨਾਲ ਮੌਢਾ ਜੋੜ੍ਹ ਕੇ ਖੜ੍ਹਾ ਕਰਨ ਦਾ ਬਖਸ਼ਿਆ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਇਸਾਈ ਮਿਸ਼ਨਰੀ ਲਹਿਰ ਨੇ ਪੰਜਾਬੀ ਸਾਹਿਤ ਨੂੰ ਪੁਰਾਤਨ ਲੀਹਾਂ ਤੋਂ ਚੁੱਕ ਕੇ ਨਵੀਆਂ ਲੀਹਾਂ ਤੇ ਪਾਉਣ ਤੇ ਆਧੁਨਿਕ ਬਣਾਨ ਵਿਚ ਬਣਦਾ ਯੋਗਦਾਨ ਪਾਇਆ।

## 8.4 Summary (ਨਿਸ਼ਕਰਸ਼)

ਨਿਸ਼ਕਰਸ਼ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ ਪਾਦਰੀਆਂ ਨੇ ਈਸਾਈ ਧਰਮ ਦਾ ਪ੍ਰਚਾਰ ਪੰਜਾਬ ਵਿਚ ਸ਼ੁਰੂ ਕਰ ਦਿੱਤਾ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਸਿੱਖਾਂ ਦੀ ਵਧੇਰੇ ਗਿਣਤੀ ਧਰਮ ਪਰਿਵਰਤਨ ਕਰਨ ਲਗੀ। ਕੁੱਲ ਮਿਲਾ ਕੇ ਈਸਾਈ ਮਿਸ਼ਨਰੀ ਜਿੱਥੇ ਆਪਣੇ ਇਸ ਮਨੋਰਥ ਦੀ ਪੂਰਤੀ ਵਿਚ ਕਾਮਯਾਬ ਹੋਏ ਉੱਤੇ ਉਹਨਾਂ ਨੇ ਛਾਪਾਖਾਨਾ, ਪੱਤਰਕਾਰੀ, ਸਿੱਖਿਆ, ਸਾਹਿਤ ਦੇ ਨਿਵੇਕਲੇ ਰੂਪ, ਸਾਹਿਤ ਨੂੰ ਪ੍ਰਚਾਰ ਦਾ ਸਾਧਨ ਬਣਾਉਣ ਦੀ ਚੇਤਨਾ ਵੀ ਪੰਜਾਬੀ ਸਾਹਿਤ ਦੀ ਝੋਲੀ ਪਾ ਗਈ।

## 8.5 Glossary (ਔਖੇ ਸ਼ਬਦਾਂ ਦੇ ਅਰਥ)

- ਮਨੋਰਥ :ਇੱਛਾ
- ਪਾਦਰੀ :ਫਾਦਰ
- ਸ੍ਰੇਸ਼ਠ : ਉੱਤਮ

## 8.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

- ਈਸਾਈ ਮਿਸ਼ਨਰੀ ਲਹਿਰ ਦੀ ਸਥਾਨਪਨਾ ਪਿੱਛੇ ਕਾਰਜਸ਼ੀਲ ਮਾਨਤਾਵਾਂ ਬਾਰੇ ਚਰਚਾ ਕਰੋ ?
- ਈਸਾਈ ਮਿਸ਼ਨਰੀ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਨੋਟ ਲਿਖੋ ?

## 8.7 Lesson End Exercise, Examination Oriented Questions

### (ਅਭਿਆਸ ਅਰਥ ਪ੍ਰਸ਼ਨ)

* ਈਸਾਈ ਮਿਸ਼ਨਰੀ ਲਹਿਰ ਦਾ ਮੁਖ ਮਨੋਰਥ ਕੀ ਸੀ ?
* ਪੰਡਿਤ ਸ਼ਰਧਾ ਰਾਮ ਫਿਲੌਰੀ ਦੀਆਂ ਕੋਈ ਦੋ ਪੁਸਤਕਾਂ ਦੇ ਨਾਂ ਦੱਸੋ ?
* ਪੰਜਾਬੀ ਦਾ ਪਹਿਲਾ ਕੋਸ਼ ਕਦੋਂ ਪ੍ਰਕਾਸ਼ਿਤ ਹੋਇਆ।

## 8.8 Suggested Reading ( ਸਹਾਇਕ ਪੁਸਤਕ ਸੂਚੀ)


- ਪ੍ਰੋ. ਬ੍ਰਹਮ ਜਗਦੀਸ਼ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2007.
- ਡਾ. ਰਾਜਿੰਦਰ ਸਿੰਘ ਸ਼ੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, 2007

# ਆਧੁਨਿਕ ਪੰਜਾਬੀ ਕਵਿਤਾ

**Structure :**

9.1 Objective (ਉਦੇਸ਼)
9.2 Introduction (ਜਾਣ-ਪਛਾਣ)
9.3 Content Section (ਵਿਸ਼ਾ ਪੱਖ)
9.4 Summary (ਨਿਸ਼ਕਰਸ਼)
9.5 Glossary (ਔਖੇ ਸ਼ਬਦਾਂ ਦੇ ਅਰਥ)
9.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)
9.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)
9.8 Suggested Reading ( ਸਹਾਇਕ ਪੁਸਤਕ ਸੂਚੀ)

## 9.1 Objective (ਉਦੇਸ਼)

੧. ਵਿਦਿਆਰਥੀ ਆਧੁਨਿਕ ਕਵਿਤਾ ਦੇ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣਗੇ।

੨. ਵਿਦਿਆਰਥੀ ਵੱਖ-ਵੱਖ ਕਾਵਿ ਪ੍ਰਵਿਰਤੀਆਂ ਬਾਰੇ ਵਿਸਤਾਰ ਸਾਹਿਤ ਜਾਣਕਾਰੀ ਪ੍ਰਾਪਤ ਕਰ ਸਕਣਗੇ।

## 9.2 ਜਾਣ ਪਛਾਣ (Introduction)

ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ ਵੀਹਵੀਂ ਸਦੀ ਦੇ ਆਰੰਭ ਨਾਲ ਹੀ ਹੋ ਜਾਂਦਾ ਹੈ। ਆਧੁਨਿਕ ਪੰਜਾਬੀ ਕਾਵਿ ਦਾ ਖੇਤਰ ਅਤਿਅੰਤ ਵਿਆਪਕ ਹੈ। ਇਸ ਵਿਚ ਆਧੁਨਿਕ ਯੁੱਗ ਦੀ ਸਾਰੀ ਕਾਵਿ ਰਚਨਾ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਜੇਕਰ ਭਾਈ ਵੀਰ ਸਿੰਘ ਨੂੰ ਆਧੁਨਿਕ ਕਵਿਤਾ ਦੇ ਮੌਢੀ ਕਵੀ ਮੰਨ ਲਿਆ ਜਾਂਦਾ ਹੈ ਤਾਂ ਉਹਨਾਂ ਤੋਂ ਮਗਰੋਂ ਦਾ ਸਾਰਾ ਹੀ ਕਾਵਿ ਆਧੁਨਿਕ ਕਾਵਿ ਮੰਨਿਆ ਜਾਵੇਗਾ। ਆਧੁਨਿਕ ਕਾਵਿ ਵਿਗਿਆਨ ਅਤੇ ਤਕਨਾਲੋਜੀ ਤੋਂ ਪ੍ਰਭਾਵਿਤ ਹੈ। ਇਸ ਵਿਚ ਇਤਿਹਾਸਕ ਅਤੇ ਪਦਾਰਥਕ ਚੇਤਨਾ ਨੂੰ ਪ੍ਰਾਥਮਿਕਤਾ ਪ੍ਰਾਪਤ ਹੈ। ਇਹ ਪਰੰਪਰਾਗਤ ਵਿਸ਼ਵਾਸਾਂ, ਰਿਵਾਜ਼ਾਂ ਤੇ ਸੰਸਕਾਰਾਂ ਦੀ ਥਾਂ ਨਵੇਂ ਵਿਗਿਆਨਕ ਸੋਚ ਵਾਲੇ ਵਰਤਾਰਿਆਂ ਦੀ ਹਮਾਇਤ ਕਰਦਾ ਹੈ। ਭੂਤ ਤੇ ਭਵਿੱਖ ਨਾਲੋਂ ਵਰਤਮਾਨ ਨੂੰ ਵਧੇਰੇ ਮਹੱਤਤਾ ਦਿੰਦਾ ਹੈ। ਇਸਤਰੀ ਸੁਤੰਤਰਤਾ ਦੀ ਵਕਾਲਤ ਕਰਦਾ ਹੈ। ਇਹ ਕਾਵਿ ਵਰਗ-ਸੰਘਰਸ਼ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੈ।

## 9.3 Content Section (ਵਿਸ਼ਾ ਪੱਖ)

ਕਵਿਤਾ ਇਕ ਅਜਿਹੀ ਵਿਧਾ ਹੈ ਜੋ ਆਦਿ ਕਾਲ ਤੋਂ ਚਲੀ ਆ ਰਹੀ ਹੈ ਪਰ ਕਵਿਤਾ ਉਰਦੂ (ਰੁਬਾਈ, ਗਜ਼ਲ) ਫ਼ਾਰਸੀ ਪਰੰਪਰਾ ਤੋਂ ਆਈਆਂ ਹਨ ਤੇ ਹਾਈਕੂ ਜਾਪਾਨ ਖੁੱਲੀ ਕਵਿਤਾ ਹੀ ਅੰਗਰੇਜ਼ੀ ਤੋਂ ਆਈ ਹੈ। ਆਧੁਨਿਕ ਵਿਧਾਵਾਂ ਅੰਗਰੇਜ਼ੀ ਤੋਂ ਪ੍ਰਭਾਵਿਤ ਹੋ ਕੇ ਸ਼ੁਰੂ ਹੋਈਆਂ ਹਨ ਪਰ ਪੰਜਾਬੀ ਕਵਿਤਾ ਦਾ ਨਿਖੇੜਾ 1847 ਤੋਂ ਕੀਤਾ ਗਿਆ ਹੈ।ਆਧੁਨਿਕ ਪੰਜਾਬੀ ਕਵਿਤਾ ਨੂੰ ਤਿੰਨ ਕਾਲਾਂ ਵਿਚ ਵੰਡਿਆ ਹੈ।

**ਪਹਿਲਾ ਪੜਾਅ–ਮੁੱਢਲਾ ਬਸਤੀਵਾਦੀ ਕਾਲ (1849–1900)**

**ਦੂਜਾ ਪੜਾਅ–ਬਸਤੀਵਾਦੀ ਕਾਲ (1900–1947)**

**ਤੀਜਾ ਪੜਾਅ–ਉਤਰ ਬਸਤੀਵਾਦੀ ਕਾਲ (1947–2005)**

**ਪਹਿਲਾ ਪੜਾਅ–** ਮੁੱਢਲਾ ਬਸਤੀਵਾਦੀ ਕਾਲ ਹੈ। ਇਹ ਕਾਲ ਧਾਰਮਿਕ, ਰਾਜਸੀ ਕਾਰਨਾਂ ਪੱਖੋਂ ਵਿਸ਼ੇਸ਼ਤਾ ਰੱਖਦਾ ਹੈ। ਅੰਗਰੇਜ਼ਾਂ ਦੇ ਆਉਣ ਨਾਲ ਆਈਆਂ ਤਬਦੀਲੀਆਂ ਨਵੀਂ ਸਿੱਖਿਆ ਪ੍ਰਣਾਲੀ ਮੁੱਢਲੇ ਕਾਲ ਦਾ ਆਰੰਭ ਬੰਨਦੀਆਂ ਹਨ। ਇਸ ਸਮੇਂ ਸਿੱਖਿਆ ਪੁਸਤਕਾਂ ਆਧੁਨਿਕ ਚੇਤਨਾ ਦੇ ਪਸਾਰ ਲਈ ਲਿਖੀਆਂ ਗਈਆਂ ਸਨ। ਇਸ ਸਮੇਂ 1850–1870 ਧਰਮ ਸੁਧਾਰ ਲਹਿਰ ਪੈਦਾ ਹੋਈ। ਦੂਜੀ ਵੱਡੀ ਲਹਿਰ ਨਾਮਧਾਰੀ ਲਹਿਰ ਪੈਦਾ ਹੋਈ। ਇਸ ਕਾਲ ਵਿਚ ਕਿੱਸਾ ਕਾਵਿ ਧਾਰਾ ਰੁਮਾਂਟਿਕ ਪਰਵਿਰਤੀ ਵਿਚ ਸਾਹਮਣੇ ਆਉਂਦੀ ਹੈ। ਮਾਹੀ ਕੰਬੋ, ਮੌਲਣੀ ਅਨਦੁਸਤਾਰ, ਫਜਲ ਸ਼ਾਹ, ਮੀਆਂ ਮੁਹੰਮਦ ਬਖ਼ਸ਼, ਕਿਸ਼ਨ ਸਿੰਘ ਆਰਿਫ, ਭਗਵਾਨ ਸਿੰਘ ਕਾਵਿ ਆਲੋਚਕਾਂ ਨੇ ਇਹਨਾਂ ਕਵੀਆਂ ਨਾਲ ਇਨਸਾਫ ਨਹੀਂ ਕੀਤਾ ਕਿਉਂਕਿ ਉਹ ਆਪ ਪੱਛਮੀ ਢੰਗ ਦੇ ਆਲੋਚਕ ਸਨ। ਇਸ ਨੂੰ ਰਵਾਇਤੀ ਕਵਿਤਾ ਕਹਿ ਕੇ ਛੱਡ ਦਿੱਤਾ ਪਰ ਇਸ ਕਿਤਾਬ ’ਚ ਇਹਨਾਂ ਕਵੀਆਂ ਬਾਰੇ ਜਾਣਕਾਰੀ ਦਿੱਤੀ ਹੈ ਤੇ ਇਨ੍ਹਾਂ ਦੀ ਕਲਾ ਕਵਿਤਾ ਵਿਸ਼ਿਆਂ ਬਾਰੇ ਦੱਸਿਆ ਗਿਆ ਹੈ। ਵਾਰ ਕਾਵਿ ਵਿਚ ਇਸ ਸਮੇਂ ਕਾਹਨ ਸਿੰਘ ਬੰਗਾ, ਮਟਕ, ਕਵੀ ਸੋਭਾ, ਖਜਾਨ ਸਿੰਘ ਆਦਿ ਕਵੀਆਂ ਬਾਰੇ ਦੱਸਿਆ ਗਿਆ ਹੈ। ਧਾਰਮਿਕ ਕਾਵਿ ਵਿਚ ਮੀਰਾ ਜਲੰਧਰੀ, ਖਵਾਜਾ ਗੁਲਾਮ ਫਰੀਦ, ਇਮਾਮ ਬਖ਼ਸ਼, ਨੂਰ ਮੁਹੰਮਦ ਨੂਰ ਆਦਿ ਕਵੀਆਂ ਦੇ ਨਾਂਵ ਆਉਂਦੇ ਹਨ। ਇਸ ਕਾਲ ਵਿਚ ਸਟੇਜੀ ਕਵਿਤਾ ਸ਼ੁਰੂ ਹੁੰਦੀ ਹੈ। 1872–73 ਵਿਚ ਇਸਦਾ ਆਰੰਭ ਹੋਇਆ। ਇਹ ਕਵੀ ਦਰਬਾਰ ਪਿਰਤ ਸਰਕਾਰੀ ਸਰਪਰਸਤੀ ਹੇਠ ਸ਼ੁਰੂ ਹੋਈ।

**ਦੂਜਾ ਪੜਾਅ–** ਬਸਤੀਵਾਦੀ ਕਾਲ ਹੈ। ਇਸ ਕਾਲ ਦਾ ਸਮਾਂ 1900–1947 ਤੱਕ ਰੱਖਿਆ ਗਿਆ ਹੈ ਜੋ ਕਿ ਇਤਿਹਾਸ ਦਾ ਬਹੁਤ ਹੀ ਮਹੱਤਵਪੂਰਨ ਸਮਾਂ ਹੈ। ਇਸ ਕਾਲ ਵਿਚ ਜ਼ਿਆਦਾ ਕਵਿਤਾ ਲਹਿਰਾਂ ਵਿਚ ਪੈਦਾ ਹੋਈ। ਖਿਲਾਵਰ ਲਹਿਰ, ਬੱਬਰ ਅਕਾਲੀ ਲਹਿਰ, ਕੌਮੀ ਆਜ਼ਾਦੀ ਦੀ ਲਹਿਰ। ਇਸ ਸਮੇਂ ਕਿੱਸਾਕਾਰੀ ਵੀ ਜਾਰੀ ਰਹੀ। ਸਟੇਜੀ ਕਾਵਿ ਇਸ ਕਾਲ ਵਿਚ ਰੰਗ ਫੜਦਾ ਹੈ। ਸਟੇਜੀ ਕਾਵਿ ਦੇ ਤਿੰਨ ਪੜਾਅ ਕੀਤੇ ਗਏ ਹਨ। ਮੁੱਢਲਾ ਕਾਲ, ਪ੍ਰਫੁੱਲਤ ਕਾਲ, ਸੁਤੰਤਰਤਾ ਉਪਰੰਤ ਕਾਲ ਤੋਂ ਅੱਗੇ। ਇਸ ਕਾਲ ਵਿਚ ਲਿਖੀ ਗਈ ਨਵੀਂ ਪੰਜਾਬੀ ਕਵਿਤਾ ਦੀ ਪ੍ਰਧਾਨਤਾ ਕਾਰਨ ਹਾਸ਼ੀਏ ਤੇ ਧੱਕੀ ਪੰਜਾਬੀ ਕਵਿਤਾ ਦਾ ਚਾਨਣਾ ਪਾਇਆ ਹੈ ਅਤੇ ਇਨ੍ਹਾਂ ਸਾਰੇ ਕਵੀਆਂ ਬਾਰੇ ਦੱਸਿਆ ਹੈ। ਨਵੀਂ ਪੰਜਾਬੀ ਕਵਿਤਾ ਦੀਆਂ ਦੋ ਪੀੜ੍ਹੀਆਂ ਹਨ। ਪਹਿਲੀ ਪੀੜ੍ਹੀ ਵਿਚ ਭਾਈ ਵੀਰ ਸਿੰਘ, ਪੂਰਨ ਸਿੰਘ, ਲਾਲਾ ਕਿਰਪਾ ਸਾਗਰ ਅਤੇ ਦੂਜੀ ’ਚ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ ਹਨ।

**ਤੀਜਾ ਪੜਾਅ–** ਉਤਰ ਬਸਤੀਵਾਦੀ ਕਵਿਤਾ ਹੈ। ਦੇਸ਼ ਵੰਡ ਤੋਂ ਬਾਅਦ ਪ੍ਰਯੋਗਵਾਦੀ ਕਵਿਤਾ, ਨਕਸਲਵਾਦੀ ਲਹਿਰ, ਪੰਜਾਬ ਸੰਕਟ, ਲਹਿਰਾਂ ਅਧੀਨ ਕਵੀ ਪੈਦਾ ਹੋਏ। ਪੰਜਾਬੀ ਕਵਿਤਾ ਨੇ ਨਵਾਂ ਰੰਗ ਫੜਿਆ। 1990 ਤੋਂ ਬਾਅਦ ਨਵ ਬਸਤੀਵਾਦ ਜਾਂ ਉੱਤਰ ਆਧੁਨਿਕਤਾ ਜਾਂ ਸਮਕਾਲੀ ਦੌਰ ਦੀ ਪਰਵਾਸੀ

ਪਾਕਿਸਤਾਨੀ ਕਵਿਤਾ ਹੋਂਦ ਵਿਚ ਆਈ। ਪ੍ਰਗਤੀਸ਼ੀਲ ਕਵਿਤਾ ਵਿਚ ਗੁਰਚਰਨ ਰਾਮਪੁਰੀ, ਹਰਭਜਨ ਹੁੰਦਲ, ਜਗਤਾਰ, ਪ੍ਰੀਤਮ ਸਿੰਘ ਰਾਹੀ ਆਦਿ ਕਵੀ ਵਰਣਨ ਕੀਤੇ ਹਨ। ਸਟੇਜੀ ਕਵੀਆਂ ਬਾਰੇ ਵੀ ਦੱਸਿਆ ਗਿਆ ਹੈ। ਇਸ ਦੌਰ ਵਿਚ ਹਜ਼ਾਰਾ ਸਿੰਘ ਗੁਰਦਾਸਪੁਰੀ, ਇੰਦਰਜੀਤ ਹਸਨਪੁਰੀ ਆਦਿ ਨਾਮ ਆਉਂਦੇ ਹਨ। ਪ੍ਰਯੋਗਵਾਦੀ ਲਹਿਰ ਦਾ ਆਰੰਭ ਤਾਂ ਜਸਵੀਰ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਡਲਹੌਜੀ 1961 ਵਿਚ ਹੋਏ ਸੈਮੀਨਾਰ ਤੋਂ ਮੰਨਿਆ ਜਾਂਦਾ ਹੈ। ਇਹ ਲਹਿਰ 1960–70 ਤੱਕ ਚਲੀ। ਅਜਾਇਬ ਕਮਲ, ਸੁਖਪਾਲਵੀਰ ਹਸਰਤ, ਰਵਿੰਦਰ ਰਵੀ ਆਦਿ ਕਵੀਆਂ ਦੇ ਨਾਂ ਵਰਣਨ ਕੀਤੇ ਗਏ ਹਨ। ਆਧੁਨਿਕ ਪੰਜਾਬੀ ਕਵਿਤਾ ਦੇ ਅਧੀਨ ਡਾ. ਹਰਭਜਨ ਸਿੰਘ, ਜਸਵੰਤ ਸਿੰਘ ਨੇਕੀ, ਸ਼ਿਵ ਕੁਮਾਰ ਬਟਾਲਵੀ ਆਦਿ ਕਵੀਆਂ ਨੂੰ ਰੱਖਿਆ ਹੈ। ਜੁਝਾਰਵਾਦੀ ਪ੍ਰਵਿਰਤੀ ਦੇ ਬਹੁਤ ਸਾਰੇ ਕਵੀ ਪ੍ਰਸਿੱਧ ਹੋਏ ਜਿਨ੍ਹਾਂ ਵਿਚ ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਅਮਰਜੀਤ ਚੰਦਰਨ, ਹਰਭਜਨ ਸਿੰਘ ਹਲਵਾਰਵੀ, ਅਵਤਾਰ ਪਾਸ਼ ਆਦਿ ਕਵੀਆਂ ਦਾ ਵਰਣਨ ਕੀਤਾ ਹੈ। ਇਸ ਸਮੇਂ ਦੇ ਕੁਝ ਹੋਰ ਕਵੀ ਜੋ ਪ੍ਰਮੁੱਖ ਕਵੀਆਂ ਦੀ ਗਿਣਤੀ ਵਿਚ ਆਉਂਦੇ ਹਨ ਜਿਵੇਂ ਕੇਸਰ ਸਿੰਘ ਅਤੇ ਸੁਰਜੀਤ ਪਾਤਰ ਦਾ ਨਾਮ ਆਉਂਦਾ ਹੈ। ਪੰਜਾਬੀ ਸੰਕਟ ਅਧੀਨ ਇਹਨਾਂ ਕਵੀਆਂ ਦੇ ਨਾਮ ਹਨ ਜਿਨ੍ਹਾਂ ਨੇ ਉਸ ਸਮੇਂ ਕਵਿਤਾ ਲਿਖੀ। ਅੱਜਕਲ ਪਰਵਾਸੀ ਸ਼ਾਇਰੀ ਵਿਚ ਨਵਾਂ ਨਾਂ ਡਾ. ਅਮਰਜੀਤ ਟਾਂਡਾ ਦਾ ਹੈ। ਉਹਨਾਂ 8 ਪੁਸਤਕਾਂ ਨਜ਼ਮਾਂ ਵਿਚ ਤੇ ਇਕ ਹਿੰਦੀ ਵਿਚ ਨਜ਼ਮਾਂ ਦੀ ਪੁਸਤਕਾਂ ਦੇ ਨਾਲ ਹੀ ਇਕ ਨਾਵਲ "ਨੀਲਾ ਸੁੱਕਾ ਸਮੁੰਦਰ" ਨਵੀਨ ਕਾਵਿਕ ਵਾਰਤਕ ਵਿਧੀ ਚ ਪਾਠਕਾਂ ਦੀ ਝੋਲੀ ਪਾਇਆ ਹੈ। ਉਹ ਨਜ਼ਮ ਦੇ ਸ਼ਾਇਰ ਹਨ। ਹਿੰਦੀ 'ਚ ਵੀ ਛਪ ਚੁੱਕੇ ਹਨ।

**ਪਾਕਿਸਤਾਨੀ ਕਵਿਤਾ–** ਪਾਕਿਸਤਾਨੀ ਪੰਜਾਬੀ ਕਵਿਤਾ ਦੀ ਇਤਿਹਾਸਕਾਰੀ ਵਿਚ 1947 ਦੀ ਦੇਸ਼ ਵੰਡ ਨੂੰ ਅਹਿਮ ਬਿੰਦੂ ਮੰਨਿਆ ਜਾ ਸਕਦਾ ਹੈ। ਦੇਸ਼ ਵੰਡ ਤੋਂ ਪਹਿਲਾਂ ਦਾ ਪੰਜਾਬੀ ਸਾਹਿਤ ਸੰਯੁਕਤ ਹੀ ਸੀ। ਪਾਕਿਸਤਾਨੀ ਪੰਜਾਬੀ ਕਵਿਤਾ ਦੀ ਇਤਿਹਾਸਕਾਰੀ ਕਰਨ ਸਮੇਂ ਕਈ ਸਮਸਿਆਵਾਂ ਆਉਂਦੀਆਂ ਹਨ। ਪਹਿਲੀ ਸਮੱਸਿਆ ਪੁਸਤਕ ਪ੍ਰਾਪਤੀ ਦੀ ਹੈ ਅਤੇ ਦੂਜੀ ਲਿਪੀ ਦੀ ਹੈ। ਫਿਰ ਵੀ ਇਸ ਪੁਸਤਕ ਵਿਚ ਤਕਰੀਬਨ ਬਹੁਤ ਸਾਰੇ ਪਾਕਿਸਤਾਨੀ ਪੰਜਾਬੀ ਸਾਹਿਤ ਨੂੰ ਬਿਆਨ ਕੀਤਾ ਗਿਆ ਹੈ। ਫੈਜ ਅਹਿਮਦ ਫੈਜ, ਸ਼ਰੀਫ ਕੁੰਜਾਰੀ ਬੁਕਾਰੀ, ਨਜਮ ਹੁਸੈਨ ਸੱਯਦ ਆਦਿ ਕਵੀਆਂ ਬਾਰੇ ਚੰਗੀ ਤਰ੍ਹਾਂ ਲਿਖਿਆ ਗਿਆ ਹੈ। ਲੇਖਕ ਨੇ ਇਸ ਕਵਿਤਾ ਨੂੰ ਚਾਰ ਪੜਾਵਾਂ ਵਿਚ ਵੰਡਿਆ ਹੈ। ਪਹਿਲਾ ਪੜਾਅ ਜਿਸ ਵਿਚ ਆਜ਼ਾਦੀ ਦੀ ਖ਼ੁਸ਼ੀ ਦੀ ਕਵਿਤਾ ਅਤੇ ਦੂਜੇ ਪਾਸੇ ਇਸੇ ਹੀ ਦੌਰ ਵਿਚ ਵਿਛੋੜੇ ਦਾ ਦਰਦ ਪੇਸ਼ ਕੀਤਾ ਗਿਆ ਹੈ। ਦੂਜੇ ਪੜਾਅ ਵਿਚ ਟੁੱਟੇ ਸੁਪਨਿਆਂ ਦੌਰਾਨ ਲਿਖੀ ਕਵਿਤਾ ਆਉਂਦੀ ਹੈ। ਤੀਜੇ ਦੌਰ ਵਿਚ ਜਦੋਂ ਪੰਜਾਬੀ ਨੂੰ ਮਾਨਤਾ ਪ੍ਰਾਪਤ ਹੋਈ ਨਵੇਂ ਕਾਵਿ ਰੂਪ ਲਿਖੇ ਗਏ। ਚੌਥਾ ਦੌਰ ਸਮਕਾਲੀ ਰੱਖਿਆ ਗਿਆ ਹੈ ਜਿਸ ਵਿਚ ਕਵਿਤਰੀਆਂ ਬਦਲ ਰਹੇ ਮਹੌਲ ਬਾਰੇ ਲਿਖਦੀਆਂ ਹਨ। ਅੱਜ ਦੋਹਾਂ ਪਾਸੇ ਕਵਿਤਾ ਦਾ ਲਿਪਿਅਾਂਤਰ ਹੋਣ ਲੱਗਾ ਹੈ ਜੋ ਪੰਜਾਬੀ ਸ਼ਾਇਰੀ ਦਾ ਨਵਾਂ ਰੁਝਾਨ ਹੈ।

**ਪਰਵਾਸੀ ਕਵਿਤਾ–** ਪਰਵਾਸੀ ਕਵਿਤਾ ਕੋਈ ਪ੍ਰਮੁੱਖ ਧਾਰਾ ਨਹੀਂ ਸਗੋਂ ਪੰਜਾਬੀ ਕਵਿਤਾ ਅੰਦਰ ਵਿਚਰਦੀਆਂ ਸਮਾਨਾਂਤਰ ਧਾਰਾਵਾਂ ਵਿਚੋਂ ਇਕ ਹੈ। ਇਹ ਵਿਦੇਸ਼ੀ ਧਰਤੀ ਤੇ ਰਹਿੰਦੇ ਕਵੀਆਂ ਵੱਲੋਂ ਲਿਖੀ ਕਵਿਤਾ ਹੈ। ਜਿਸ ਵਿਚ ਇਹਨਾਂ ਦੀਆਂ ਆਪਣੀਆਂ ਸਮੱਸਿਆਵਾਂ ਹਨ। ਸਾਰੀ ਪਰਵਾਸੀ ਕਵਿਤਾ ਇਕੋ ਜਿਹੀ ਨਹੀਂ ਹੈ। ਲੇਖਕ ਦੁਆਰਾ ਇਹ ਵੀ ਦਸਿਆ ਗਿਆ ਹੈ ਕਿ ਕਿਸ ਪ੍ਰਵਾਸੀ ਪੰਜਾਬੀ ਕਵਿਤਾ 'ਚ ਕਿਹੜੇ ਸ਼ਬਦਾਂ ਕਾਵਿ ਰੂਪਾਂ ਦਾ ਰੁਝਾਨ ਕਿਹੜੇ ਕਿਹੜੇ ਦੇਸ਼ਾਂ ਵਿਚ ਕਿਹੜੇ ਕਵੀ ਲਿਖ ਰਹੇ ਹਨ ਉਨ੍ਹਾਂ ਬਾਰੇ ਦਸਿਆ ਗਿਆ ਹੈ। ਦਰਸ਼ਨ ਸਿੰਘ ਗਿਆਨੀ, ਬੇਅੰਤ ਸਬਰਾ, ਨਵਤੇਜ ਭਾਰਤੀ, ਸਾਧੂ ਬਿਨਿੰਗ ਆਦਿ ਕਵੀਆਂ ਬਾਰੇ ਦਸਿਆ ਗਿਆ ਹੈ। ਪਰਵਾਸੀ ਸ਼ਾਇਰੀ ਵਿਚ ਆਸਟ੍ਰੇਲੀਆ ਤੋਂ ਸਭ ਤੋਂ ਮੂਹਰੇ ਨਾਂ ਡਾ. ਅਮਰਜੀਤ ਟਾਂਡਾ ਦਾ ਆਉਂਦਾ ਹੈ। ਉਹਨਾਂ 8 ਪੁਸਤਕਾਂ ਨਜ਼ਮਾਂ 'ਚ ਤੇ ਇਕ ਹਿੰਦੀ ਵਿਚ ਨਜ਼ਮਾਂ ਦੀ

ਕਿਤਾਬ ਦੇ ਨਾਲ ਹੀ ਇਕ ਨਾਵਲ ਨਵੀਨ ਵਿਧੀ 'ਚ ਪਾਠਕਾਂ ਦੇ ਝੋਲੀ ਪਾਇਆ ਹੈ। ਉਹਨਾਂ ਦੀ ਨਜ਼ਮ ਵਿਚ ਡਾ. ਹਰਿਭਜਨ ਸਿੰਘ ਵਰਗੀ ਉਮਦਾ ਸ਼ਾਇਰੀ ਦੀਆਂ ਪੈੜਾਂ ਹਨ।

**ਆਧੁਨਿਕ ਪੰਜਾਬੀ ਦੀਆਂ ਪ੍ਰਵਿਰਤੀਆਂ** :

ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ ਵੀਹਵੀਂ ਸਦੀ ਦੇ ਆਰੰਭ ਨਾਲ ਹੀ ਹੋ ਜਾਂਦਾ ਹੈ। ਇਸ ਦਾ ਖੇਤਰ ਅਤਿਅੰਤ ਵਿਆਪਕ ਹੈ। ਇਸ ਵਿਚ ਆਧੁਨਿਕ ਯੁੱਗ ਦੀ ਸਾਰੀ ਕਾਵਿ ਰਚਨਾ ਨੂੰ ਸ਼ਾਮਲ ਕੀਤਾ ਗਿਆ ਹੈ। ਭਾਈ ਵੀਰ ਸਿੰਘ ਨੂੰ ਆਧੁਨਿਕ ਕਵਿਤਾ ਦਾ ਮੋਢੀ ਕਵੀ ਮੰਨਦੇ ਹਨ ਤਾਂ ਉਹਨਾਂ ਤੋਂ ਬਾਅਦ ਦਾ ਸਾਰਾ ਕਾਵਿ ਆਧੁਨਿਕ ਕਾਵਿ ਕਿਹਾ ਜਾ ਸਕਦਾ ਹੈ। ਇਸ ਵਿਚ ਇਤਿਹਾਸਕ ਅਤੇ ਪਦਾਰਥਕ ਚੇਤਨਾ ਨੂੰ ਪ੍ਰਾਥਮਿਕਤਾ ਪ੍ਰਾਪਤ ਹੈ। ਇਹ ਕਾਵਿ ਵਿਗਿਆਨ ਅਤੇ ਤਕਨਾਲੋਜੀ ਤੋਂ ਪ੍ਰਭਾਵਿਤ ਹੈ। ਇਹ ਪਰੰਪਰਾਗਤ ਨਾਲੋਂ ਨਵੇਂ ਵਿਗਿਆਨਕ ਸੋਚ ਵਾਲੇ ਵਰਤਰਿਆਂ ਦੀ ਹਮਾਇਤ ਕਰਦਾ ਹੈ। ਇਹ ਕਾਵਿ ਵਰਗ-ਸੰਘਰਸ਼ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੈ। ਇਸ ਦਾ ਸੁਭਾਅ ਲੌਕਿਕ ਰੰਗਤ ਵਾਲਾ ਹੈ। ਆਧੁਨਿਕ ਪੰਜਾਬੀ ਕਵਿਤਾ ਆਪਣੇ ਬਿਰਤਾਂਤਕ ਲੱਛਣਾਂ ਨੂੰ ਤਿਆਗ ਕੇ ਪ੍ਰਤੀਕਾਤਮਿਕ ਹੋ ਗਈ ਹੈ। ਆਧੁਨਿਕ ਪੰਜਾਬੀ ਕਾਵਿ-ਧਾਰਾ ਨੂੰ ਹੇਠ ਲਿਖੇ ਮੁੱਖ ਭਾਗਾਂ ਵਿਚ ਵੰਡ ਕੇ ਦੇਖਿਆ ਜਾ ਸਕਦਾ ਹੈ :

**(ੳ) 1900 ਤੋਂ 1947 ਤੱਕ ਦੀ ਆਧੁਨਿਕ ਪੰਜਾਬੀ ਕਵਿਤਾ**

1. ਨਵ-ਰਹੱਸਬਦੀ ਕਾਵਿ-ਧਾਰਾ
2. ਰਾਸ਼ਟਰਵਾਦੀ ਕਾਵਿ-ਧਾਰਾ
3. ਰੁਮਾਂਸਵਾਦੀ ਕਾਵਿ-ਧਾਰਾ
4. ਪ੍ਰਗਤੀਵਾਦੀ ਕਾਵਿ-ਧਾਰਾ

**(ਅ) 1947 ਤੋਂ ਪਿਛੋਂ ਦੀ ਆਧੁਨਿਕ ਪੰਜਾਬੀ ਕਵਿਤਾ**

1. ਵੰਡ ਦੇ ਪ੍ਰਭਾਵ ਅਧੀਨ ਪੈਦਾ ਹੋਈ ਕਾਵਿ ਪ੍ਰਵਿਰਤੀ
2. ਰੁਮਾਂਸਵਾਦੀ ਪ੍ਰਗਤੀਵਾਦੀ ਕਾਵਿ ਪ੍ਰਵਿਰਤੀ
3. ਪ੍ਰਯੋਗਸ਼ੀਲ ਕਾਵਿ ਪ੍ਰਵਿਰਤੀ
4. ਸੁਹਜਵਾਦੀ ਕਾਵਿ ਪ੍ਰਵਿਰਤੀ
5. ਮਨੋਵਿਗਿਆਨਕ ਕਾਵਿ ਪ੍ਰਵਿਤਰੀ
6. ਜੁਝਾਰੂ ਕਾਵਿ ਪ੍ਰਵਿਰਤੀ
7. ਗ਼ਜ਼ਲ ਕਾਵਿ ਪ੍ਰਵਿਰਤੀ
8. ਪੰਜਾਬ ਸੰਕਟ ਨਾਲ ਸੰਬੰਧਿਤ ਕਾਵਿ ਪ੍ਰਵਿਰਤੀ

ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ ਵੀਹਵੀਂ ਸਦੀ ਦੇ ਮੁੱਢਲੇ ਦਹਾਕੇ ਵਿਚ ਹੋਇਆ ਹੈ। ਆਧੁਨਿਕ ਪੰਜਾਬੀ ਸਾਹਿਤ ਦਾ ਆਰੰਭ 1849 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਮਗਰੋਂ ਪੰਜਾਬ ਉੱਤੇ ਅੰਗਰੇਜ਼ਾਂ ਦੇ ਕਬਜ਼ੇ ਸਮੇਂ 1849 ਈ. ਵਿਚ ਹੀ ਹੋ ਗਿਆ ਸੀ। ਪਰੰਤੂ ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ 1900 ਈ. ਵਿਚ ਭਾਈ ਵੀਰ ਸਿੰਘ ਦੀਆਂ ਲਘੂ ਕਵਿਤਾਵਾਂ ਨਾਲ ਹੀ ਹੋਇਆ ਹੈ। ਭਾਈ ਵੀਰ ਸਿੰਘ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਆਕਾਰ ਵਿਚ ਭਾਵੇਂ ਦੋ ਸਤਰਾਂ ਵਿਚ ਸਮਾਪਤ ਹੋ ਜਾਂਦੀਆਂ ਹਨ, ਪਰੰਤੂ ਇਹ ਲਘੂ ਕਵਿਤਾਵਾਂ ਕਲਾ-ਕੌਸ਼ਲਤਾ ਦੀ ਦ੍ਰਿਸ਼ਟੀ ਤੋਂ ਵਧੇਰੇ ਸ੍ਰੇਸ਼ਟ ਮੰਨੀਆਂ ਗਈਆਂ ਹਨ।

ਪ੍ਰਤੀਕਾਤਮਕ ਲਹਿਜ਼ੇ ਵਿਚ ਆਪਣੀ ਗੱਲ ਕਹਿਣ ਦਾ ਹੁਨਰ ਭਾਈ ਵੀਰ ਸਿੰਘ ਤੋਂ ਹੀ ਆਰੰਭ ਹੁੰਦਾ ਹੈ। ਤਕਨੀਕੀ ਪੱਖ ਤੋਂ ਇਹ ਕਵਿਤਾਵਾਂ ਮੱਧਕਾਲੀ ਲੰਬੇ ਆਕਾਰ ਦੀਆਂ ਕਵਿਤਾਵਾਂ ਨਾਲੋਂ ਬਿਲਕੁਲ ਭਿੰਨ ਪ੍ਰਕਿਰਤੀ ਵਾਲੀਆਂ ਹਨ। ਇਨ੍ਹਾਂ ਕਵਿਤਾਵਾਂ ਵਿਚ ਨਾ ਤਾਂ ਮੱਧਕਾਲੀ ਆਦਰਸ਼ਵਾਦ ਦੇ ਅੰਸ਼ ਹਨ ਤੇ ਨਾ ਹੀ ਰਹੱਸਵਾਦ ਦੀ ਰੰਗਤ ਹੈ। ਰਵਾਇਤੀ ਵਿਚਾਰਧਾਰਕ ਦ੍ਰਿਸ਼ਟੀਕੋਣ, ਜਿਸ ਵਿਚ ਪਰਾਭੌਤਿਕ ਸ਼ਕਤੀਆਂ ਪ੍ਰਤੀ ਆਸਥਾ, ਇਸਤਰੀ ਨਿੰਦਾ, ਖੁਲ੍ਹੇ ਡੁਲ੍ਹੇ ਵਿਚਾਰਾਂ ਦਾ ਪ੍ਰਗਟਾਵਾ ਸ਼ਾਮਲ ਸੀ, ਉਹ ਆਧੁਨਿਕ ਸਮੇਂ ਵਿਚ ਜਾਂਦਾ ਰਿਹਾ। ਭਾਵੁਕਤਾ ਦੀ ਥਾਂ ਤਕਰਸ਼ੀਲਤਾ ਮਨੁੱਖਤਾ, ਸਾਧਾਰਨ ਮਨੁੱਖ ਦਾ ਮਹੱਤਵ, ਵਧੇਰੇ ਮੰਨਿਆ ਜਾਣ ਲੱਗ ਪਿਆ। ਇਸ ਤਰ੍ਹਾਂ ਆਧੁਨਿਕ ਪੰਜਾਬੀ ਕਵਿਤਾ ਕੁੱਲ ਮਿਲਾ ਕੇ ਉਸ ਆਧੁਨਿਕ ਭਾਵ ਬੋਧ ਵਿਚੋਂ ਪੈਦਾ ਹੋਈ ਕਵਿਤਾ ਹੈ, ਜਿਹੜੀ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਨਵੇਂ ਪ੍ਰਤਿਮਾਨ, ਨਵੀਂ ਕਾਵਿ ਸ਼ੈਲੀ ਅਤੇ ਨਵੇਂ ਕਾਵਿ-ਮੁਹਾਵਰੇ ਵਿਚ ਪ੍ਰਗਟ ਹੋਈ ਮਿਲਦੀ ਹੈ।

**ਸਟੇਜੀ ਕਵਿਤਾ**

ਪੁਰਾਣੇ ਸਮੇਂ ਵਿਚ ਕਵੀਸ਼ਰੀਕਾਰ ਜਿਸ ਕਿਸਮ ਦੀ ਕਾਵਿ ਰਚਨਾ ਅਖਾੜੇ ਦੇ ਰੂਪ ਵਿਚ ਪੇਸ਼ ਕਰਦੇ ਸਨ, ਓਸੇ ਦਾ ਵਿਕਸਿਤ ਰੂਪ ਸਟੇਜੀ ਕਵਿਤਾ ਮੰਨਿਆ ਜਾਂਦਾ ਹੈ। ਸਟੇਜੀ ਕਵਿਤਾ ਸਾਹਿਤ ਸਭਾਵਾਂ ਰਾਹੀਂ ਕੀਤੇ ਗਏ ਕਵੀ ਦਰਬਾਰਾਂ ਦੀ ਪੈਦਾਵਾਰ ਹੈ। ਪ੍ਰੋ. ਮੋਹਨ ਸਿੰਘ, ਹੀਰਾ ਸਿੰਘ ਦਰਦ, ਲਾਲਾ ਧਨੀ ਰਾਮ ਚਾਤ੍ਰਿਕ ਵਰਗੇ ਹੁਨਰਮੰਦ ਕਵੀ ਵੀ ਅਸਲ ਵਿਚ ਕਵੀ ਦਰਬਾਰਾਂ ਦੀ ਹੀ ਪੈਦਾਵਾਰ ਮੰਨੇ ਜਾਦੇ ਹਨ। ਪੰਜਾਬੀ ਕਵਿਤਾ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਸ਼ਿਵ ਕੁਮਾਰ ਬਟਾਲਵੀ ਵੀ ਕਾਲਜ ਮੰਚ, ਸਿਆਸੀ ਮੰਚ ਜਾਂ ਕਿਧਰੇ ਹੋਰ ਕਵੀ ਦਰਬਾਰਾਂ ਦੇ ਰੂਪ ਵਿਚ ਕੀਤੀਆਂ ਜਾ ਰਹੀਆਂ ਸਰਗਰਮੀਆਂ ਵਿਚ ਸ਼ਾਮਲ ਹੁੰਦੇ ਸਨ। ਸਟੇਜੀ ਕਵਿਤਾ ਵਿਚ ਨਵੇਂ ਪੁਰਾਣੇ ਹਰ ਤਰ੍ਹਾਂ ਦੇ ਸ਼ਾਇਰ ਸ਼ਾਮਲ ਹੁੰਦੇ ਸਨ। ਇਨ੍ਹਾਂ ਦੀ ਕਵਿਤਾ ਰਵਾਇਤੀ ਰੰਗਤ ਵਿਚ ਲਿਖੀ ਹੁੰਦੀ ਸੀ ਤੇ ਉਚਾਰ ਲਹਿਜਾ ਵੱਖਰਾ ਹੁੰਦਾ ਸੀ। ਵਿਸ਼ੇ-ਵਸਤੂ ਦੀ ਦ੍ਰਿਸ਼ਟੀ ਤੋਂ ਇਸ ਵੰਨਗੀ ਦੀ ਕਵਿਤਾ ਨੂੰ ਕਿਸੇ ਇਕ ਗਾਣ ਨਾਲ ਜੋੜ ਕੇ ਦੇਖਣਾ ਸੰਭਵ ਨਹੀਂ ਹੈ।

**ਨਵ-ਰਹੱਸਬਦੀ ਕਾਵਿ ਪ੍ਰਵਿਰਤੀ**

ਸਾਹਿਤ ਸਿਰਜਨ ਅਤੇ ਚਿੰਤਨ ਚੇਤਨਾ ਦੀ ਬਹੁਤ ਪੁਰਾਣੀ ਰਵਾਇਤ ਰਹੱਸਵਾਦੀ ਰਹੀ ਹੈ। ਮੱਧਕਾਲ ਵਿਚ ਰਹਿਸਵਾਦੀ ਪ੍ਰਵਿਰਤੀ ਭਾਰੂ ਰਹੀ ਹੈ। 'ਰਹੱਸਵਾਦ ਈਸ਼ਵਰ ਬਾਰੇ ਚਰਚਾ, ਆਤਮਾ, ਪਰਮਾਤਮਾ ਦੇ ਪਰਸਪਰ ਸੰਬੰਧਾਂ ਦੀ ਗੱਲ ਕਰਨ ਵਾਲਾ ਹੈ। ਇਹ ਰੁਝਾਨ ਸਾਧਾਰਨ ਬੁੱਧੀ ਵਾਲੇ ਲੋਕਾਂ ਦੀ ਸਮਝ ਤੋਂ ਬਾਹਰ ਹੁੰਦਾ ਹੈ। ਇਸੇ ਲਈ ਇਸ ਨੂੰ ਰਹੱਸ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਰਹੱਸਵਾਦ ਵਿਸ਼ੇਸ਼ ਤੌਰ ਤੇ ਭਾਰਤੀ ਸਾਹਿਤ ਦੀ ਮੂਲ ਪ੍ਰਵਿਰਤੀ ਹੈ। ਜਦੋਂ ਬੁਲ੍ਹੇਸ਼ਾਹ ਇਹ ਐਲਾਨ ਕਰਦਾ ਹੈ ਕਿ ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ, ਸੱਦੋ ਨੀ ਮੈਨੂੰ ਧੀਦੋ ਰਾਂਝਾ ਮੈਨੂੰ ਹੀਰ ਨਾ ਆਖੋ ਕੋਈ' ਤਾਂ ਇਹ ਅਦਵੈਤਵਾਦੀ ਸੋਚ ਅਸਲ ਵਿਚ ਰਹੱਸਵਾਦੀ ਰੁਝਾਨ ਦਾ ਹੀ ਪ੍ਰਗਟਾਵਾ ਹੈ, ਜਿਸ ਵਿਚ ਆਤਮਾ ਅਤੇ ਪਰਮਾਤਮਾ ਦੀ ਇਕਮਿਕਤਾ ਦੀ ਗੱਲ ਕੀਤੀ ਗਈ ਹੈ। ਪਰੰਤੂ ਨਵ-ਰਹੱਸਵਾਦ ਇਸ ਤੋਂ ਵੱਖਰੀ ਪ੍ਰਵਿਰਤੀ ਹੈ। ਇਸ ਪ੍ਰਵਿਰਤੀ ਦੌਰਾਨ ਵੀ ਈਸ਼ਵਰ ਦੀ ਹੋਂਦ ਦਾ ਅਹਿਸਾਸ ਦਰਸਾਇਆ ਗਿਆ ਹੈ, ਪਰੰਤੂ ਇਸ ਦੀ ਵਿਧੀ ਤੇ ਪ੍ਰਗਟਾਅ ਲਹਿਜਾ ਵੱਖਰਾ ਹੈ। ਕਾਵਿ ਮੁਹਾਵਰਾ ਤੇ ਦ੍ਰਿਸ਼ਟੀਕੋਣ ਵੱਖਰਾ ਹੈ। ਇਸ ਦਾ ਮੁੱਖ ਸ਼ਾਇਰ ਭਾਈ ਵੀਰ ਸਿੰਘ ਹੈ। ਇਸ ਵੱਖਰੀ ਕਿਸਮ ਦੇ ਅਨੁਭਵ ਵਾਲੀ ਕਵਿਤਾ ਨੂੰ ਨਵ-ਰਹੱਸਵਾਦੀ ਪ੍ਰਵਿਰਤੀ ਕਿਹਾ ਗਿਆ ਹੈ।

**ਰਾਸ਼ਟਰੀ ਚੇਤਨਾ ਦੀ ਪ੍ਰਵਿਰਤੀ**

ਅੰਗਰੇਜ਼ੀ ਰਾਜ ਸਮੇਂ ਰਾਸ਼ਟਰੀ ਚੇਤਨਾ ਵਾਲੀ ਕਵਿਤਾ ਦਾ ਆਰੰਭ ਹੋਇਆ। ਰਾਸ਼ਟਰੀ ਚੇਤਨਾ ਦੀ

ਪ੍ਰਵਿਰਤੀ ਮੂਲ ਰੂਪ ਵਿਚ ਦੋ ਪੱਖਾਂ ਤੋਂ ਪੇਸ਼ ਹੋਈ ਹੈ : (ੳ) ਸਾਂਸਕ੍ਰਿਤਕ ਚੇਤਨਾ ਦੀ ਪ੍ਰਵਿਰਤੀ ਨਾਲ ਸੰਬੰਧਿਤ ਪੰਜਾਬੀ ਦੇ ਦੋ ਕਵੀ ਹਨ ਪ੍ਰੋ. ਪੂਰਨ ਸਿੰਘ ਤੇ ਧਨੀ ਰਾਮ ਚਾਤ੍ਰਿਕ। ਪ੍ਰੋ. ਪੂਰਨ ਸਿੰਘ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮਦੱਈ ਰਹੇ ਹਨ। ਉਹ ਪੁਰਾਣੇ ਪੰਜਾਬ ਦੀ ਦਿਸ਼ਾ ਕਰਦੇ ਹਨ ਤੇ ਪੰਜਾਬੀ ਜੀਵਨ ਚਰਿੱਤਰ ਦੀ ਵਡਿਆਈ ਕਰਦੇ ਹਨ। ਧਨੀ ਰਾਮ ਚਾਤ੍ਰਿਕ ਪੰਜਾਬ ਦੇ ਭੂਗੋਲਿਕ ਚੌਗਿਰਦੇ ਤੇ ਇਸ ਦੇ ਰਹਿਣ ਸਹਿਣ ਦੀ ਪ੍ਰਸੰਸਾ ਕਰਦੇ ਹਨ। ਉਨ੍ਹਾਂ ਦੀ ਕਵਿਤਾ 'ਐ ਪੰਜਾਬ ਕਰਾਂ ਕੀ ਸਿਫ਼ਤ ਤੇਰੀ' ਇਸੇ ਲਹਿਜ਼ੇ ਨੂੰ ਪ੍ਰਗਟ ਕਰਦੀ ਹੈ (ਅ) ਦੂਜਾ ਦਿਲਚਸਪ ਰਾਜਸੀ ਚਰਨਾ ਨਾਲ ਸੰਬੰਧ ਰੱਖਦੀ ਹੈ। ਇਹ ਰਾਜਨੀਤੀ ਚੇਤਨਾ ਦੇ ਉਭਾਰ ਦੀ ਗੱਲ ਸ਼ਾਮਲ ਹੈ ਗੁਰਮੁਖ ਸਿੰਘ ਮੁਸਾਫਿਰ ਤੇ ਹੀਰਾ ਸਿੰਘ ਦਰਦ ਇਸ ਵੰਨਗੀ ਦੇ ਕਵੀ ਹਨ। ਇਹ ਕਵੀ ਅੰਗਰੇਜ਼ੀ ਸਾਮਰਾਜ ਦਾ ਵਿਰੋਧ ਕਰਦੇ ਹਨ।

**ਰੁਮਾਂਟਿਕ ਕਾਵਿ ਪ੍ਰਵਿਰਤੀ**

ਰੁਮਾਂਟਿਕ ਪ੍ਰਵਿਰਤੀ ਵੀ ਪੱਛਮੀ ਪ੍ਰਭਾਵ ਹੀਨ ਹੌ ਪੈਦਾ ਹੋਇਆ ਰੁਝਾਨ ਹੈ। ਅੰਗਰੇਜ਼ੀ ਭਾਸ਼ਾ ਦੇ ਕਵੀ ਵਰਡਜ਼ਵਰਥ ਅਤੇ ਰੁਸੋ ਵਰਗੇ ਕਵੀਆਂ ਨੂੰ ਉਦਯੋਗਿਕ ਕ੍ਰਾਂਤੀ ਤੋਂ ਤੋਬਾ ਕਰਕੇ ਕੁਦਰਤ ਵੱਲ ਵਾਪਸ ਪਰਤਣ ਦਾ ਨਾਅਰਾ ਲਗਾਇਆ ਸੀ ਤਾਂ ਉਸ ਸਮੇਂ ਹੀ ਰੁਮਾਂਸਵਾਦ ਦੀ ਨੀਂਹ ਰੱਖੀ ਗਈ ਸੀ। ਪੰਜਾਬੀ ਸਾਹਿਤ ਵਿਚ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਇਸ ਲਹਿਰ ਤੋਂ ਪ੍ਰਭਾਵਿਤ ਰਹੇ ਹਨ। ਪਰੰਤੂ ਇਸ ਨੂੰ ਇਕ ਪ੍ਰਵਿਰਤੀ ਵਜੋਂ ਸਥਾਪਤ ਕਰਨ ਵਾਲੇ ਕਵੀਆਂ ਵਿਚ ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰਤਿਮ, ਪ੍ਰੀਤਮ ਸਿੰਘ ਸਫ਼ੀਰ ਤੇ ਬਾਵਾ ਬਲਵੰਤ ਦਾ ਵਡੇਰਾ ਯੋਗਦਾਨ ਹੈ। ਇਸ ਵਨੰਗੀ ਦੀ ਕਵਿਤਾ ਵਿਚ ਕਵੀ ਦੇ ਆਪੇ ਦੀ ਪੇਸ਼ਕਾਰੀ ਹੁੰਦੀ ਹੈ। ਉੱਤਮ ਪੁਰਖ ਦਾ ਬਿਆਨ ਲਹਿਜਾ ਹੁੰਦਾ ਹੈ। ਵਰਤਮਾਨ ਨਾਲੋਂ ਭੂਤ ਤੇ ਭਵਿੱਖਤ ਕਾਲ ਦੀ ਪੇਸ਼ਕਾਰੀ ਵਧੇਰੇ ਹੁੰਦੀ ਹੈ। ਇਸ ਵੰਨਗੀ ਦੀ ਕਵਿਤਾ ਵਿਚ ਕਵੀ ਦੀ ਸ਼ਖ਼ਸੀਅਤ ਦੀ ਛਾਪ ਵਧੇਰੇ ਗਹਿਰੀ ਹੁੰਦੀ ਹੈ। ਕਲਪਨਾ ਤੇ ਭਾਵਾਂ ਦਾ ਵੇਗ ਤੀਬਰ ਹੁੰਦਾ ਹੈ। ਸਥਾਪਤ ਕਦਰਾਂ-ਕੀਮਤਾਂ ਦਾ ਵਿਰੋਧ ਹੁੰਦਾ ਹੈ। ਬਗਾਵਤ ਦੀ ਸੁਰ ਭਾਰੂ ਹੁੰਦੀ ਹੈ। ਇਸ ਵੰਨਗੀ ਦੀ ਕਵਿਤਾ ਅਵਾਰਗੀ ਦੀ ਹੱਦ ਤੱਕ ਆਪਮੁਹਾਰੇ ਤੇ ਮੂੰਹ ਜ਼ੋਰ ਹੁੰਦੀ ਹੈ। ਇਸੇ ਕਾਰਨ ਇਹ ਵਰਤਮਾਨ ਤੋਂ ਕਿਨਾਰਾਕਸ਼ੀ ਕਰਦੀ ਹੈ।

**ਪ੍ਰਗਤੀਵਾਦੀ ਕਾਵਿਧਾਰਾ**

1930 ਈ: ਤੋਂ ਮਗਰੋਂ ਜਦੋਂ ਸੰਸਾਰ ਪੱਧਰ ਦੇ ਦੇਸ਼ਾਂ ਦੀ ਰਾਜਨੀਤੀ ਵਿਚ ਵੱਡਾ ਪਰਿਵਰਤਨ ਆ ਰਿਹਾ ਸੀ ਤਾਂ ਯੂਰਪੀਨ ਸਾਹਿਤਕਾਰਾਂ ਨੇ ਨਵੇਂ ਸੰਗਠਨ ਬਣਾ ਕੇ ਨਵੀਂ ਸੇਧ ਅਪਨਾਉਣ ਦਾ ਯਤਨ ਕੀਤਾ ਸੀ। 1935 ਈ. ਵਿਚ ਪੈਰਿਸ ਵਿਖੇ ਸਾਹਿਤਕਾਰਾਂ ਦੇ ਵਿਸ਼ਾਲ ਇਕੱਠ ਵਿਚ ਮਾਰਕਸਵਾਦੀ ਫਿਲਾਸਫ਼ੀ ਨੂੰ ਅਪਣਾਉਣ ਦੇ ਸੁਚੇਤ ਜਤਨ ਕੀਤੇ ਗਏ ਸਨ। ਇਸ ਸਮੇਂ ਇਹ ਐਲਾਨ ਕੀਤਾ ਗਿਆ ਕਿ ਸਾਡਾ ਨਵਾਂ ਸਾਹਿਤ ਜੀਵਨ ਦੇ ਬੁਨਿਆਦ ਮਸਲਿਆਂ ਦੀ ਗੱਲ ਕਰੇਗਾ, ਜਿਸ ਵਿਚ ਭੁੱਖ, ਗ਼ਰੀਬੀ, ਅਨਪੜ੍ਹਤਾ ਤੇ ਸਮਾਜਕ ਸ਼ੋਸ਼ਣ ਵਰਗੇ ਮਸਲੇ ਸ਼ਾਮਲ ਹੋਣਗੇ। ਇਸੇ ਕਿਸਮ ਦਾ ਸਮਾਗਮ ਮੁਨਸ਼ੀ ਪ੍ਰੇਮ ਚੰਦ ਦੀ ਅਗਵਾਈ ਵਿਚ ਲਖਨਊ ਵਿਖੇ ਹੋਇਆ ਸੀ ਜਿਸ ਵਿਚ ਸੰਤ ਸਿੰਘ ਸੇਖੋਂ ਤੇ ਪ੍ਰੋ. ਮੋਹਨ ਸਿੰਘ ਸ਼ਾਮਲ ਹੋਏ ਸਨ। ਇਸ ਸਮਾਗਮ ਤੋਂ ਮਗਰੋਂ ਮਾਰਕਸਵਾਦੀ ਫਲਸਫ਼ੇ ਨੂੰ ਸੁਚੇਤ ਤੌਰ ਤੇ ਅਪਨਾਉਣ ਦੇ ਉਪਰਾਲੇ ਕੀਤੇ ਗਏ ਸਨ ਤੇ ਪ੍ਰਗਤੀਵਾਦੀ ਕਾਵਿਧਾਰਾ ਦਾ ਬੋਲਬਾਲਾ ਹੋ ਗਿਆ ਸੀ। ਇਸ ਵੰਨਗੀ ਦੇ ਸਾਹਿਤਕਾਰ ਵਿਸ਼ਵ ਨੂੰ ਇਕ ਭਾਈਚਾਰਾ ਸਮਝਦੇ ਹਨ। ਸਮਾਜਕ ਪ੍ਰਗਤੀ ਵਿਚ ਰੁਕਾਵਟ ਹਰ ਤਰ੍ਹਾਂ ਦੇ ਵਰਤਾਰੇ ਦਾ ਵਿਰੋਧ ਕਰਦੇ ਹਨ। ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਦੌਰ ਦੇ ਕਵੀ ਕਿਉਂਕਿ ਮੂਲ ਰੂਪ ਵਿਚ ਰੁਮਾਂਸਵਾਦੀ ਸਨ, ਇਸ ਲਈ ਉਨ੍ਹਾਂ ਦੀ ਕਵਿਤਾ ਦਾ ਸੁਭਾਅ ਬੁੱਧ ਰੂਪ ਵਿਚ ਪ੍ਰਗਤੀਵਾਦੀ ਨਾ ਬਣ ਸਕਿਆ ਸਗੋਂ ਰੁਮਾਂਟਿਕ ਰੰਗਤ ਵਾਲਾ ਹੀ ਰਿਹਾ। ਇਸੇ ਕਰਕੇ ਪੰਜਾਬੀ ਵਿਚ ਰੁਮਾਂਸਵਾਦੀ ਪ੍ਰਗਤੀਵਾਦੀ ਕਵਿਤਾ ਦਾ ਬੋਲਬਾਲਾ ਵਧੇਰੇ ਰਿਹਾ ਹੈ।

### ਪ੍ਰਯੋਗਵਾਦੀ ਕਾਵਿਧਾਰਾ

ਵਿਸ਼ਵ ਪੱਧਰ ਤੇ ਵਾਪਰੀਆਂ ਘਟਨਾਵਾਂ ਨੇ ਨਾ ਸਮਾਜਕ ਪਿੜ ਤਿਆਰ ਕਰ ਦਿੱਤਾ। ਸਹਿਜ ਸੁਭਾ ਹੀ ਭਾਸ਼ਾ, ਅਲੰਕਾਰ, ਪ੍ਰਤੀਕ, ਕਾਵਿ ਬੋਲੀ ਅਤੇ ਸਮੁੱਚੇ ਰਚਨਾਤਮਿਕ ਅਮਲ ਵਿਚ ਨਵੀਨਤਾ ਆ ਗਈ। ਲਗਾਤਾਰ ਤਬਦੀਲੀ ਦੇ ਅਮਨ ਵਿਚ ਲੰਘਦੀ ਕਵਿਤਾ ਇਕ ਨਵੀਂ ਪ੍ਰਵਿਰਤੀ ਬਣ ਗਈ। ਪੰਜਾਬੀ ਕਾਵਿ ਖੇਤਰ ਵਿਚ ਪੈਦਾ ਇਸ ਨਵੀਂ ਪ੍ਰਵਿਰਤੀ ਨੂੰ ਪਹਿਲਾਂ ਯੋਗਵਾਨ ਵਲੋਂ ਯੋਗਸ਼ੀਲਤਾ ਦਾ ਨਾਂ ਦਿੱਤਾ ਗਿਆ। ਡਾ. ਜਸਬੀਰ ਸਿੰਘ ਆਹਲੂਵਾਲੀਆ ਇਸ ਪ੍ਰਵਿਰਤੀ ਦਾ ਮੁੱਖ ਸਮਰਥਕ ਸੀ। ਸੁਖਪਾਲਵੀਰ ਸਿੰਘ ਹਸਰਤ ਨੇ ਉਸ ਦਾ ਸਾਥ ਦਿੱਤਾ। 1956–57 ਤੋਂ ਇਹ ਨਵੀਂ ਪ੍ਰਵਿਰਤੀ ਆਰੰਭ ਹੋਈ। ਸਮੇਂ-ਸਮੇਂ ਇਸ ਬਾਰੇ ਚਰਚਾ ਵੀ ਹੁੰਦੀ ਰਹੀ। ਇਹ ਲਹਿਰ ਬੁਨਿਆਦੀ ਤੌਰ ਤੇ ਮੋਹਨ ਸਿੰਘ, ਅੰਮ੍ਰਿਤ ਪ੍ਰੀਤਮ ਪਰੰਪਰਾ ਦੀ ਕਵਿਤਾ ਦੇ ਵਿਰੋਧ ਵਿਚ ਪੈਦਾ ਹੋਈ ਸੀ। ਇਸ ਲਹਿਰ ਦਾ ਉਸ ਸਮੇਂ ਬੇਹੱਦ ਪ੍ਰਭਾਵ ਸੀ। ਇਥੋਂ ਤਕ ਕਿ ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਉੱਤੇ ਵੀ ਇਸ ਰੁਚੀ ਦਾ ਪ੍ਰਭਾਵ ਦੇਖਿਆ ਗਿਆ ਹੈ। ਰਵਿੰਦਰ ਰਵੀ, ਅਜਾਇਬ ਕਮਲ, ਤਾਰਾ ਸਿੰਘ, ਪ੍ਰੀਤਮ ਸਿੰਘ, ਸੋਹਣ ਸਿੰਘ ਮੀਸ਼ਾ ਅਤੇ ਸੁਰਿੰਦਰ ਗਿੱਲ ਆਦਿ ਕਵੀ ਪ੍ਰਯੋਗਸ਼ੀਲ ਅਖਾਉਣ ਵਿਚ ਫਖਰ ਮਹਿਸੂਸ ਕਰਨ ਲਗੇ। ਇਥੋਂ ਤੱਕ ਕਿ ਡਾ. ਹਰਿਭਜਨ ਸਿੰਘ ਵਰਗੇ ਚਿੰਤਕ ਵੀ ਪ੍ਰਯੋਗਸ਼ੀਲ ਲਹਿਰ ਦੇ ਸਮਰਥਕ ਹੋਣ ਵਿਚ ਮਾਣ ਮਹਸੂਸ ਕਰਨ ਲਗੇ। ਪ੍ਰਯੋਗਸ਼ੀਲ ਕਵਿਤਾ ਦੇ ਵਿਸ਼ਿਆਂ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਸ ਧਾਰਾ ਦੇ ਕਵੀਆਂ ਦਾ ਦ੍ਰਿਸ਼ਟੀਕੋਣ ਇਕ ਨਹੀਂ ਸੀ। ਇਨ੍ਹਾਂ ਦਾ ਇਕ ਟੀਚਾ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਦਾ ਵਿਰੋਧ ਕਰਨਾ ਹੀ ਸੀ। ਕਾਮ ਖੁੱਲ੍ਹੇ ਮਾਨਣ ਲਈ ਸਮਾਜਕ ਨਿਯਮਾਂ ਉੱਤੇ ਵਿਅੰਗ ਕੱਸਣੇ, ਖੰਡਿਤ ਸਮਾਜ ਦੀ ਥਾਂ ਖੰਡਿਤ ਮਨੁੱਖ ਦੀ ਮਾਨਸਿਕ ਦਸ਼ਾ ਦਾ ਚਿਤ੍ਰਣ, ਦਿਸ਼ਾਹੀਣਤਾ ਤੋਂ ਉਪਜੀ ਨਿਰਾਸ਼ਤਾ ਦਾ ਵਰਣਨ ਸਮੂਹਿਕ ਚੇਤਨਾ ਦੀ ਥਾਂ ਅੰਤਰਮੁੱਖੀ ਸੰਘਰਸ਼ ਦਾ ਬਿਆਨ ਆਦਿ ਇਸ ਲਹਿਰ ਦੇ ਮੁੱਖ ਲੱਛਣ ਰਹੇ ਹਨ। ਪ੍ਰਗਟਾ ਦੀ ਆਪ ਮੁਹਾਰਤਾ ਨਵੀਂ ਸ਼ਬਦਾਵਲੀ ਦੀ ਵਰਤੋਂ, ਨਵੇਂ ਤੇ ਮੌਲਿਕ ਪ੍ਰਤੀਕ, ਬੌਧਿਕ ਸ਼ੈਲੀ, ਚਿੰਨ੍ਹਾਤਮਕ ਤੇ ਸੰਜਮਈ ਪ੍ਰਗਟਾ ਇਸ ਕਵਿਤਾ ਦੇ ਹੋਰ ਲੱਛਣ ਹਨ। ਨਵੇਂ ਉਦਯੋਗਿਕ ਜੀਵਨ ਨਾਲ ਸੰਬੰਧਿਤ ਸੰਕੇਤ ਤੇ ਬਿੰਬਾਂ ਸਦਕਾ, ਮਿਥਿਹਾਸਕ ਪ੍ਰਤੀਕਾਂ ਦੀ ਅਧਿਕ ਵਰਤੋਂ ਨੇ ਇਸ ਵੰਨਗੀ ਦੀ ਕਵਿਤਾ ਨੂੰ ਲੋਕਾਂ ਤੋਂ ਦੂਰ ਕਰ ਦਿੱਤਾ ਸੀ। ਪ੍ਰਚਲਿਤ ਸ਼ਬਦਾਂ ਨੂੰ ਹਰ ਕਵੀ ਨੇ ਨਵੇਂ ਮਰਜ਼ੀ ਦੇ ਅਰਥ ਦੇਣੇ ਸ਼ੁਰੂ ਕਰ ਦਿੱਤੇ ਸਨ। ਭਾਸ਼ਾ ਸਮਾਜਕ ਵਸਤੂ ਨਾ ਰਹਿ ਕੇ ਹਰ ਕਵੀ ਦੇ ਨਿੱਜ ਨਾਲ ਸੰਬੰਧਿਤ ਹੋ ਗਈ ਸੀ। ਨਿਰਸੰਦੇਹ, ਪ੍ਰਯੋਗਸ਼ੀਲ ਕਵਿਤਾ ਨੇ ਪਾਠਕ ਦਾ ਘੇਰਾ ਸੀਮਤ ਕੀਤਾ ਹੈ।

### ਜੁਝਾਰਵਾਦੀ ਕਾਵਿਧਾਰਾ

ਪ੍ਰਯੋਗਸ਼ੀਲ ਕਾਵਿਧਾਰਾ ਤੋਂ ਮਗਰੋਂ ਜੁਝਾਰਵਾਦੀ ਕਾਵਿਧਾਰਾ ਦਾ ਉਦੈ ਹੋਇਆ ਸੀ। ਜੁਝਾਰਵਾਦੀ ਕਵੀ ਕ੍ਰਾਂਤੀਕਾਰੀ ਸੁਭਾਅ ਦੇ ਧਾਰਨੀ ਸਨ। ਉਹ ਨਕਸਲਵਾਦੀ ਵਿਚਾਰਧਾਰਾ ਦੇ ਸਮਰਥਕ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਥਾਂ ਫੂਕਾਂ ਮਾਰਨ ਨਾਲ ਸਾਫ਼ ਨਹੀਂ ਹੁੰਦੇ, ਸਗੋਂ ਝਾੜੂ ਨਾਲ ਸਾਫ਼ ਹੁੰਦੇ ਹਨ। ਅਰਥਾਤ ਹਥਿਆਰਬੰਦ ਸੰਘਰਸ਼ ਹੀ ਕ੍ਰਾਂਤੀ ਲਿਆ ਸਕਦਾ ਹੈ। ਇਸ ਕਾਵਿਧਾਰਾ ਵਿਚ ਤੋਪਾ, ਗੋਲੇ, ਬੰਦੂਕਾਂ, ਬੰਬ ਆਦਿ ਦਾ ਵਰਣਨ ਵਧੇਰੇ ਹੈ। ਇਸ ਕਾਵਿਧਾਰਾ ਨੂੰ ਨਵ-ਪ੍ਰਗਤੀਵਾਦੀ ਕਾਵਿਧਾਰਾ, ਖਾੜਕੂ ਕਵਿਤਾ, ਵਿਦਰੋਹੀ ਕਵਿਤਾ, ਨਕਸਲਵਾਦੀ ਕਵਿਤਾ ਦੇ ਨਾਂ ਦਿੱਤੇ ਗਏ ਹਨ। ਪਰੰਤੂ ਵਧੇਰੇ ਪ੍ਰਚਲਿਤ ਨਾਂ ਜੁਝਾਰਵਾਦੀ ਕਵਿਤਾ ਹੀ ਹੈ। ਇਸ ਕਾਵਿਧਾਰਾ ਵਿਚ ਅਤੇ ਸਮਤ ਰਾਮ ਉਦਾਸੀ, ਸੀਤਾ ਰਾਮ ਉਦਾਸੀ, ਲਾਲ ਸਿੰਘ ਦਿਲ, ਅਮਰਜੀਤ ਚੰਦਨ ਰਾਜਬੀਰ, ਜੋਗਾ ਸਿੰਘ ਆਦਿ ਵੀ ਇਸ ਵੰਨਗੀ ਦੀ ਕਵਿਤਾ ਰਚਣ ਵਾਲੇ ਹਨ।

### ਸੁਹਜਵਾਦੀ ਕਾਵਿਧਾਰਾ

ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਪੈਦਾ ਹੋਈਆਂ ਪ੍ਰਵਿਰਤੀਆਂ ਵਿਚ ਸੁਹਜਵਾਦੀ ਕਾਵਿ ਦਾ

ਜ਼ਿਕਰ ਵੀ ਮਿਲਦਾ ਹੈ। ਇਹ ਪ੍ਰਵਿਰਤੀ ਇਸ ਵਿਚਾਰਧਾਰਾਈ ਆਪਣੇ ਨਾਲ ਜੁੜੀ ਹੋਈ ਨਹੀਂ, ਸਗੋਂ ਸੁਹਜ ਸਿਰਜਣ ਦੀ ਰੁਚੀ ਵਿਚੋਂ ਪੈਦਾ ਹੋਈ ਹੈ। ਸੁਹਜ ਸੁਆਦ ਉਂਜ ਤਾਂ ਸਾਹਿਤਕ ਕਲਾ ਦੀ ਇਕ ਪ੍ਰਯੋਜਨ ਨੁਮਾ ਵਿਸੇਸ਼ਤਾ ਹੈ, ਪਰੰਤੂ ਇਸ ਪ੍ਰਵਿਰਤੀ ਤੇ ਰੂਪ ਵਿਚ ਸੁਹਜਵਾਦੀ ਕਾਵਿਧਾਰਾ ਆਧੁਨਿਕ ਪੰਜਾਬੀ ਕਵਿਤਾ ਦਾ ਇਕ ਵਿਸ਼ੇਸ਼ ਲੱਛਣ ਮੰਨਿਆ ਗਿਆ ਹੈ। ਇਸ ਪ੍ਰਵਿਰਤੀ ਵਿਚੋਂ ਸ਼ਿਵ ਕੁਮਾਰ ਬਟਾਲਵੀ ਅਤੇ ਡਾ. ਹਰਿਭਜਨ ਸਿੰਘ ਦਾ ਨਾਂ ਵਧੇਰੇ ਪ੍ਰਸਿੱਧ ਰਿਹਾ ਹੈ। ਡਾ. ਹਰਿਭਜਨ ਸਿੰਘ ਨੂੰ ਸੁਹਜ-ਸਿਰਜੀ ਦਾ ਖਿਤਾਬ ਦੇ ਕੇ ਉਸ ਦੀ ਰਚਨਾ ਦਾ ਮੁਤਾਲਿਆ ਵੀ ਕੀਤਾ ਗਿਆ ਹੈ। ਸ਼ਿਵ ਕੁਮਾਰ ਬਟਾਲਵੀ ਨੇ ਵੀ ਇਸ ਖੇਤਰ ਵਿਚ ਵਡੇਰੀ ਪ੍ਰਾਪਤੀ ਕੀਤੀ ਹੈ।

**ਮਨੋਵਿਗਿਆਨਕ ਪ੍ਰਵਿਰਤੀ**

ਸਾਹਿਤ ਅਤੇ ਮਨੋਵਿਗਿਆਨ ਦਾ ਪਰਸਪਰ ਗਹਿਰਾ ਸੰਬੰਧ ਮੰਨਿਆ ਜਾਂਦਾ ਰਿਹਾ ਹੈ। ਕਵਿਤਾ ਦੇ ਖੇਤਰ ਵਿਚ ਇਸ ਕਿਸਮ ਦੀ ਰਚਨਾ ਬਹੁਤ ਘੱਟ ਹੋਈ ਮਿਲਦੀ ਹੈ। ਪਰੰਤੂ ਡਾ. ਜਸਵੰਤ ਸਿੰਘ ਨੇਕੀ ਦੇ ਕਾਵਿ ਸੰਗ੍ਰਹਿ 'ਸਿਮ੍ਰਤੀ ਦੀ ਕਿਰਨ ਤੋਂ ਪਹਿਲਾਂ' ਨਾਲ ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਇਸ ਕਿਸਮ ਦੀ ਕਾਵਿ ਪ੍ਰਵਿਰਤੀ ਦਾ ਅਹਿਸਾਸ ਕੀਤਾ ਗਿਆ ਹੈ ਤੇ ਇਸ ਨੂੰ ਲੋੜੀਂਦੀ ਪ੍ਰਵਾਨਗੀ ਵੀ ਦਿੱਤੀ ਗਈ ਹੈ। ਉਪਰੋਕਤ ਪ੍ਰਵਿਰਤੀਆਂ ਤੋਂ ਬਿਨਾਂ ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਮਹਾਂਕਾਵਿ ਦੀ ਪ੍ਰਵਿਰਤੀ ਵੀ ਨਰੋਈ ਪ੍ਰਵਿਰਤੀ ਰਹੀ ਹੈ। ਭਾਈ ਵੀਰ ਸਿੰਘ ਦਾ 'ਰਾਣਾ ਸੂਰਤ ਸਿੰਘ ਆਜ਼ਾਦ ਦਾ 'ਮਰਦ ਅਗੰਮੜਾ', ਪ੍ਰੋ. ਮੋਹਨ ਸਿੰਘ ਦਾ 'ਨਨਕਾਇਣ' ਇਸ ਵੰਨਗੀ ਦੇ ਕਾਵਿ-ਸੰਗ੍ਰਹਿ ਹਨ। ਇਨ੍ਹਾਂ ਵਿਚ ਬਿਰਤਾਂਤ ਦਾ ਲਹਿਜ਼ਾ ਵਧੇਰੇ ਭਾਰੂ ਹੈ।

**ਗ਼ਜ਼ਲ ਪ੍ਰਵਿਰਤੀ**

ਗ਼ਜ਼ਲ ਦੀ ਪ੍ਰਵਿਰਤੀ ਆਧੁਨਿਕ ਪੰਜਾਬੀ ਕਵਿਤਾ ਵਿਚ ਅਰਬੀ ਫ਼ਾਰਸੀ ਰਾਹੀਂ ਉਰਦੂ ਦੇ ਪ੍ਰਭਾਵ ਅਧੀਨ ਪੈਦਾ ਹੋਈ ਹੈ। ਨਵੀਨ ਪੰਜਾਬੀ ਕਵਿਤਾ ਵਿਚ ਗ਼ਜ਼ਲ ਪ੍ਰਵਿਰਤੀ ਚੋਖੀ ਵਿਕਸਤ ਕਾਵਿਧਾਰਾ ਹੈ। ਇਸ ਖੇਤਰ ਵਿਚ ਪ੍ਰਿੰਸੀਪਲ ਤਖ਼ਤ ਸਿੰਘ, ਦੀਪਕ ਜੈਤੋਈ, ਡਾ. ਦੀਵਾਨ ਸਿੰਘ ਨੇ ਚੋਖਾ ਨਾਂ ਕਮਾਇਆ ਹੈ। ਉਂਜ ਮੌਲਾ ਬਖ਼ਸ਼ ਕੁਸ਼ਤਾ ਤੋਂ ਲੈ ਕੇ ਪ੍ਰੋ. ਮੋਹਨ ਸਿੰਘ, ਸ਼ਿਵ ਕੁਮਾਰ ਬਟਾਲਵੀ, ਡਾ. ਜਗਤਾਰ ਤੋਂ ਸੁਰਜੀਤ ਪਾਤਰ ਤੱਕ ਗ਼ਜ਼ਲ ਪ੍ਰਵਿਰਤੀ ਬਰਾਬਰ ਵਿਕਾਸ ਕਰਦੀ ਰਹੀ ਹੈ। ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਪੰਜਾਬੀ ਸਮੱਸਿਆ ਨਾਲ ਸੰਬੰਧਿਤ ਕਾਵਿ ਰਚਨਾ ਵੀ ਇਕ ਪ੍ਰਵਿਰਤੀ ਵਜੋਂ ਪ੍ਰਚਲਿਤ ਰਹੀ ਹੈ। ਪਰੰਤੂ ਸਾਹਿਤ ਰੂਪਾ ਦੇ ਮੁਕਾਬਲੇ ਪੰਜਾਬੀ ਕਾਵਿ ਖੇਤਰ ਵਿਚ ਇਹ ਪ੍ਰਵਿਰਤੀ ਮੁਕਾਬਲੇ ਘੱਟ ਉੱਭਰੀ ਹੈ। ਇਨ੍ਹਾਂ ਪ੍ਰਵਿਰਤੀਆਂ ਤੋਂ ਬਾਹਰੇ ਵੀ ਬਹੁਤ ਕਵੀ ਚਰਚਾ ਦਾ ਵਿਸ਼ਾ ਰਹੇ ਹਨ, ਜਿਵੇਂ ਫਿਰੋਜ਼ਦੀਨ ਸ਼ਫ਼ਰ, ਲਾਲਾ ਕਿਰਪਾ ਸਾਗਰ, ਪ੍ਰਭਜੋਤ ਕੌਰ, ਦੀਵਾਨ ਸਿੰਘ ਕਾਲੇਪਾਣੀ, ਸੰਤੋਖ ਸਿੰਘ ਧੀਰ ਆਦਿ। ਇਹ ਕਵੀ ਵੀ ਭਾਸ਼ਾ ਤੇ ਕਲਾ ਕੌਸ਼ਲਤਾ ਦੀ ਦ੍ਰਿਸ਼ਟੀ ਤੋਂ ਵਿਸੇਸ਼ ਮਹੱਤਵ ਰੱਖਦੇ ਰਹੇ ਹਨ।

## 9.4 ਨਿਸ਼ਕਰਸ਼ (Summary)

ਆਧੁਨਿਕ ਪੰਜਾਬੀ ਕਵਿਤਾ ਜਿੱਥੇ ਵਿਸਥਾਰ ਦੀ ਥਾਂ ਗਹਿਰਾਈ ਵੱਲ ਭਾਵੁਕਤਾ ਦੀ ਥਾਂ ਤਰਕਸ਼ੀਲਤਾ ਵੱਲ, ਪਰਾਭੌਤਿਕ ਸ਼ਕਤੀਆਂ ਵਿਚ ਦਿਲਚਸਪੀ ਰੱਖਣ ਦੀ ਥਾਂ ਸਾਧਾਰਨ ਮਨੁੱਖ ਦੇ ਸਾਧਾਰਨ ਜੀਵਨ ਨਾਲ ਵਧੇਰੇ ਦਿਲਚਸਪੀ ਰੱਖਦੀ ਹੈ। ਉੱਥੇ ਇਸਦੀ ਤਕਨੀਕੀ ਕਲਾ-ਕੋਸ਼ਲਤਾ ਵੀ ਵਧੇਰੇ ਪ੍ਰਭਾਵਸ਼ਾਲੀ ਜਾਪਦੀ ਹੈ। ਇਸ ਵੰਨਗੀ ਦੀ ਕਵਿਤਾ ਨੂੰ ਜਦੋਂ ਮੱਧਕਾਲੀ ਬਿਰਤਾਂਤਕ ਲਹਿਜ਼ੇ ਵਾਲੀ ਕਵਿਤਾ ਨਾਲ ਮਿਲਾ ਕੇ ਦੇਖਿਆ ਜਾਂਦਾ ਹੈ ਇਸ ਵਿਚ ਵੱਖਰਤਾ ਨਜ਼ਰ ਆਉਂਦੀ ਹੈ।

## 9.5 ਔਖੇ ਸ਼ਬਦ (Glossary/keywords)

1. ਪਰਾਭੌਤਿਕ – ਭੌਤਿਕ ਤੋਂ ਪਰੇ
2. ਸਰਗਰਮੀਆਂ – ਖੜਕਦਾ
3. ਦ੍ਰਿਸ਼ਟੀਕੋਣ – ਨਜ਼ਰੀਆ
4. ਫਲਸਫੇ – ਦਰਸ਼ਨ ਦਾ ਗਿਆਨ
5. ਤਰਕਸ਼ੀਲ – ਚੇਤਨਾ

## 9.6 ਅਭਿਆਸ ਪ੍ਰਸ਼ਨ (Self Assessment Qustions)

1. ਆਧੁਨਿਕ ਪੰਜਾਬੀ ਕਾਵਿ ਦੇ ਵਿਕਾਸ ਤੇ ਪ੍ਰਵਿਰਤੀਆਂ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿਉ।
2. ਸਟੇਜੀ ਕਵਿਤਾ ਕੀ ਹੁੰਦੀ ਹੈ ?
3. ਨਵ-ਰਹੱਸਮਈ ਕਾਵਿ ਪ੍ਰਵਿਰਤੀ ਤੋਂ ਕੀ ਭਾਵ ਹੈ ?
4. ਰਾਸ਼ਟਰੀ ਚੇਤਨਾ ਦੀ ਪ੍ਰਵਿਰਤੀ ਤੋਂ ਤੁਸੀਂ ਕੀ ਸਮਝਦੇ ਹੋ ?
5. ਰੁਮਾਂਟਿਕ ਕਾਵਿ ਪ੍ਰਵਿਰਤੀ ਤੋਂ ਕੀ ਭਾਵ ਹੈ ?
6. ਪ੍ਰਗਤੀਵਾਦੀ ਕਾਵਿਧਾਰਾ ਤੋਂ ਕੀ ਭਾਵ ਹੈ ?
7. ਪ੍ਰਯੋਗਵਾਦੀ ਕਾਵਿਧਾਰਾ ਤੋਂ ਕੀ ਭਾਵ ਹੈ ?

## 9.7 ਸਹਾਇਕ ਪੁਸਤਕਾਂ (Suggested Books)


1. ਡਾ. ਧਰਮਪਾਲ ਸਿੰਗਲ, ਪੰਜਾਬੀ ਸਾਹਿਤ ਦਾ ਇਤਿਹਾਸ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2006.
2. ਪ੍ਰੋ. ਸ਼ੈਰੀ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ ਰੂਪਾਕਾਰ ਅਤੇ ਵਿਆਕਰਣ, ਵਾਰਿਸ ਸ਼ਾਹ।
3. ਪ੍ਰੋ. ਬ੍ਰਹਮਜਗਦੀਸ਼ ਸਿੰਘ, ਪ੍ਰੋ. ਰਾਜਬੀਰ ਕੌਰ, ਪੰਜਾਬੀ ਸਾਹਿਤ ਦਾ ਇਤਿਹਾਸ, ਵਾਰਿਸ ਸ਼ਾਹ ਫ਼ਾਉਂਡੇਸ਼ਨ ਅੰਮ੍ਰਿਤਸਰ 2011.
4. ਡਾ. ਜਸਵਿੰਦਰ ਸਿੰਘ, ਡਾ. ਮਾਨ ਸਿੰਘ ਢੀਂਡਸਾ, ਪੰਜਾਬੀ ਸਾਹਿਤ ਦਾ ਇਤਿਹਾਸ ਪਬਲੀਕੇਸ਼ਨ ਬਿਊਰੋ ਯੂਨੀਵਰਸਿਟੀ, ਪਟਿਆਲਾ, 2006.

**M.A.Semester 2nd** **Lesson No.10**
**Unit-III** **Course No: Pbi204**

# ਸਫ਼ਰਨਾਮਾ

**Structure :**


10.1 Objective (ਉਦੇਸ਼)
10.2 Introduction (ਜਾਣ-ਪਛਾਣ)
10.3 Content Section (ਵਿਸ਼ਾ ਪੱਖ)
10.4 Summary (ਨਿਸ਼ਕਰਸ਼)
10.5 Glossary (ਔਖੇ ਸ਼ਬਦਾਂ ਦੇ ਅਰਥ)
10.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)
10.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)
10.8 Suggested Reading ( ਸਹਾਇਕ ਪੁਸਤਕ ਸੂਚੀ)


## 10.1 Objective (ਉਦੇਸ਼)

1. ਵਿਦਿਆਰਥੀ ਪੰਜਾਬੀ ਸਫ਼ਰਨਾਮਾ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣਗੇ।
2. ਵਿਦਿਆਰਥੀਆਂ ਨੂੰ ਸਫ਼ਰਨਾਮੇ ਦੀਆਂ ਸਿਰਜਣ ਵਿਧੀਆਂ ਬਾਰੇ ਵੀ ਦੱਸਿਆ ਜਾਵੇਗਾ।

## 10.2 Introduction (ਜਾਣ-ਪਛਾਣ)

ਪੁਰਾਤਨ ਕਾਲ ਵਿਚ ਸਫ਼ਰ-ਸਾਹਿਤ ਦਾ ਉਦਭਵ ਤੇ ਵਿਕਾਸ ਸੈਲਾਨੀਆਂ ਦੇ ਜ਼ਬਾਨੀ ਦੱਸੀਆਂ ਹੋਈਆਂ ਕਹਾਣੀਆਂ ਤੋਂ ਹੋਇਆ, ਜਿਨ੍ਹਾਂ ਨੇ ਕੁਝ ਸਮੇਂ ਪਿੱਛੋਂ ਸਾਹਿਤਕ ਰੂਪ ਧਾਰਨ ਕਰ ਲਿਆ। ਇਸ ਸਫ਼ਰ-ਸਾਹਿਤ ਤੋਂ ਆਉਣ ਵਾਲੀ ਪੀੜ੍ਹੀ ਨੂੰ ਦੇਸ਼-ਦੇਸ਼ਾਤਰਾਂ ਬਾਰੇ ਕੁਝ ਨਾ ਕੁੱਝ ਜਾਣਕਾਰੀ ਅਵੱਸ਼ ਪ੍ਰਾਪਤ ਹੁੰਦੀ ਰਹਿੰਦੀ ਸੀ। ਕੁਝ ਸਮਾਂ ਪਾ ਕੇ ਇਹ ਪੁਸਤਕਾਂ ਇਕ ਪ੍ਰਕਾਰ ਦੇ ਪੱਥ ਪ੍ਰਦਰਸ਼ਨ ਅਤੇ ਨਕਸ਼ਿਆਂ ਦਾ ਕੰਮ ਦਿੰਦੀਆਂ ਰਹੀਆਂ। ਆਧੁਨਿਕ ਸਾਹਿਤ ਵਿਚ ਇਹ ਸਾਹਿਤ ਰੂਪ ਵੀ ਹੋਰ ਰੂਪਾਂ ਨਾਲ ਪੱਛਮੀ ਸਾਹਿਤ ਦੇ ਸੰਦਰਭ ਵਿਚ ਆਉਣ ਤੋਂ ਪਿੱਛੋਂ ਵਿਕਸਿਤ ਹੋਇਆ।

## 10.3 Content Section (ਵਿਸ਼ਾ ਪੱਖ)

ਪੰਜਾਬੀ ਵਾਰਤਕ ਰੂਪਾਂ ਦਾ ਇਤਿਹਾਸ ਮੂਲਕ ਅਧਿਐਨ : 'ਸਫ਼ਰਨਾਮਾ' ਸਫ਼ਰਨਾਮਾ ਦੋ ਸ਼ਬਦਾਂ ਦਾ ਮਿਲਵਾਂ ਰੂਪ ਹੈ - 'ਸਫ਼ਰ' + 'ਨਾਮਾ', 'ਸਫ਼ਰ' ਅਰਬੀ ਸ਼ਬਦ ਹੈ। ਇਸ ਦਾ ਅਰਥ ਹੈ ਯਾਤਰਾ। 'ਨਾਮਾ' ਫ਼ਾਰਸੀ ਦੇ 'ਨਾਮ' ਸ਼ਬਦ ਦਾ ਵਿਕਸਿਤ ਰੂਪ ਹੈ ਅਤੇ ਇਸਦਾ ਅਰਥ ਹੈ ਚਿੱਠੀ, ਖ਼ਤ ਜਾਂ ਪੱਤਰ,

ਸਮੁੱਚੇ ਤੌਰ ਤੇ ਸਫ਼ਰਨਾਮਾ ਤੋਂ ਭਾਵ ਹੈ ਉਹ ਬ੍ਰਿਤਾਂਤਕ ਰਚਨਾ ਜਿਸ ਵਿਚ ਕਿਸੇ ਦੀ ਯਾਤਰਾ ਦਾ ਵਰਨਣ ਹੋਵੇ। ਇਸ ਨੂੰ ਯਾਤਰਾ ਸਾਹਿਤ ਵੀ ਕਿਹਾ ਜਾਂਦਾ ਹੈ।

ਅਸੀਂ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਸਫ਼ਰ ਦੌਰਾਨ ਪ੍ਰਾਪਤ ਕੀਤੇ ਗਿਆਨ ਨੂੰ ਜਦੋਂ ਕਲਾਤਮਕ ਢੰਗ ਨਾਲ ਲਿਖਿਆ ਜਾਂਦਾ ਹੈ ਤਾਂ ਸਫ਼ਰਨਾਮਾ ਹੋਂਦ ਵਿਚ ਆਉਂਦਾ ਹੈ।

ਪੰਜਾਬੀ ਵਿਚ ਸਫ਼ਰਨਾਮਾ ਸਾਹਿਤ ਦਾ ਆਰੰਭ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਹੋਇਆ ਮੰਨਿਆ ਜਾਂਦਾ ਹੈ ਅਤੇ ਇਸਦੀ ਪ੍ਰੇਰਨਾ ਵੀ ਅੰਗ੍ਰੇਜ਼ੀ ਵਿਚ ਲਿਖੇ ਸਫ਼ਰਨਾਮੇ ਤੋਂ ਹੋਈ ਪ੍ਰਤੀਤ ਹੁੰਦੀ ਹੈ।ਸਫ਼ਰਨਾਮਾ ਆਧੁਨਿਕ ਪੰਜਾਬੀ ਸਾਹਿਤ ਵਿਚ ਇਕ ਮਹੱਤਵਪੂਰਨ ਰੂਪਾਕਾਰ ਹੈ ਭਾਵੇਂ ਪ੍ਰਾਚੀਨ ਪੰਜਾਬੀ ਸਾਹਿਤ ਵਿਚ ਸਫ਼ਰਨਾਮਾ ਮੌਜੂਦ ਸੀ। ਸਾਖੀ ਅਤੇ ਜਨਮ ਸਾਖੀਆਂ ਵਿਚ ਵੀ ਇਸਦੇ ਭਰਪੂਰ ਅੰਸ਼ ਮਿਲਦੇ ਹਨ। ਪਰੰਤੂ ਆਧੁਨਿਕ ਰੂਪ ਦੇ ਸਫ਼ਰਨਾਮੇ ਦੀ ਪੰਜਾਬੀ ਸਾਹਿਤ ਵਿਚ ਕਾਫ਼ੀ ਸਮੇਂ ਤੱਕ ਕਮੀ ਅਨੁਭਵ ਕੀਤੀ ਜਾਂਦੀ ਰਹੀ ਹੈ। ਵਰਤਮਾਨ ਸਮੇਂ ਵਿਚ ਸਫ਼ਰਨਾਮਾ ਪੰਜਾਬੀ ਸਾਹਿਤ ਵਿਚ ਲਗਾਤਾਰ ਵਿਕਾਸ ਕਰ ਰਿਹਾ ਹੈ।

ਪੰਜਾਬੀ ਦੇ ਮੋਢੀ ਸਫ਼ਰਨਾਮਾ ਲੇਖਕ ਭਾਈ ਕਾਨ੍ਹ ਸਿੰਘ ਨਾਭਾ ਹੋਏ ਹਨ। ਉਹਨਾਂ ਦਾ ਇਕ ਸਫ਼ਰਨਾਮਾ 'ਪਹਾੜੀ ਰਿਆਸਤਾਂ ਦਾ ਸਫ਼ਰ' ਆਪਣੇ ਦੇਸ਼ ਦਾ ਹੈ ਜੋ 1906 ਈ. ਵਿਚ ਲਿਖਿਆ ਗਿਆ। ਇਸ ਉਪਰੰਤ ਉਹਨਾਂ 1907–08 ਵਿਚ 'ਵਲਾਇਤ ਦਾ ਸਫ਼ਰਨਾਮਾ' ਲਿਖਿਆ। ਇਹ ਦੋਵੇਂ ਸਫ਼ਰਨਾਮੇ ਪੱਤਰਾਂ ਦੇ ਰੂਪ ਵਿਚ ਹਨ।

ਆਰੰਭਿਕ ਸਫ਼ਰਨਾਮਿਆਂ ਵਿਚੋਂ ਲਾਲ ਸਿੰਘ ਕਮਲਾ ਅਕਾਲੀ ਦਾ 1931 ਈ. ਵਿਚ ਲਿਖਿਆ 'ਮੇਰਾ ਵਲਾਇਤੀ ਸਫ਼ਰਨਾਮਾ' ਕਾਫ਼ੀ ਪ੍ਰਸਿੱਧ ਹੋਇਆ ਹੈ। ਹੁਣ ਤੱਕ ਪੰਜਾਬੀ ਦੇ ਬਹੁਤ ਸਾਰੇ ਸਾਹਿਤਕਾਰਾਂ ਨੇ ਸਫ਼ਰਨਾਮੇ ਲਿਖੇ ਹਨ, ਜਿੰਨਾਂ ਵਿਚ ਸ. ਅਮੋਲ ਦਾ 'ਅਮੋਲ ਯਾਤਰਾ' ਬਲਰਾਜ ਸਾਹਨੀ ਦਾ 'ਮੇਰਾ ਰੂਸੀ ਸਫ਼ਰਨਾਮਾ' ਅਤੇ 'ਮੇਰਾ ਪਾਕਿਸਤਾਨੀ ਸਫ਼ਰਨਾਮਾ', ਬਲਵੰਤ ਗਾਰਗੀ ਦਾ 'ਪਤਾਲ ਦਾ ਬੰਦਾ' ਸਵਰਨ ਚੰਦਨ ਦਾ 'ਆਪਣੀ ਧਰਤੀ' ਆਦਿ ਸ਼ਾਮਿਲ ਹਨ।

1960 ਤੋਂ ਬਾਅਦ ਲਿਖੇ ਗਏ ਅਹਿਮ ਸਫ਼ਰਨਾਮਿਆਂ ਵਿਚ ਡਾ. ਹਰਿਭਜਨ ਸਿੰਘ ਦਾ 'ਨਿਰਭਉ-ਨਿਰਵੈਰ' ਸ਼ਾਮਿਲ ਹੈ ਜਿਸ ਵਿਚ ਉਸ ਨੇ ਆਪਣੀ ਰੂਸ ਯਾਤਰਾ ਦੇ ਪ੍ਰਭਾਵ ਅੰਕਿਤ ਕੀਤੇ ਹਨ। ਪ੍ਰੀਤਮ ਸਿੱਧੂ ਦਾ 'ਮੇਰੀ ਕੈਨੇਡਾ ਫੇਰੀ' ਤੇ 'ਮੇਰੀ ਪੰਜਾਬ ਫੇਰੀ', ਹਰਜੀਤ ਅਟਵਾਲ ਦਾ 'ਫੋਕਸ', ਤਾਰਾ ਸਿੰਘ ਸੰਧੂ ਦਾ 'ਸੱਦੀ ਹੋਈ ਮਿੱਤਰਾਂ ਦੀ' ਆਦਿ ਪ੍ਰਮੁੱਖ ਹਨ।

ਵਾਰਤਕ ਦੇ ਇਸ ਰੂਪ ਵਿਚ ਲੇਖਕ ਆਪ ਹੀ ਨਾਇਕ ਹੁੰਦਾ ਹੈ ਅਤੇ ਕਿਸੇ ਸਥਾਨ ਜਾਂ ਦੇਸ਼ ਦੀ ਯਾਤਰਾ ਉਹ ਆਪਣੇ ਅਨੁਭਵਾਂ ਅਥਵਾ ਪ੍ਰਤੀਕਰਮਾਂ ਦੁਆਰਾ ਬਿਆਨ ਕਰਦਾ ਹੈ। ਜੇਕਰ ਪਰਿਭਾਸ਼ਕ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਸਫ਼ਰਨਾਮੇ ਵਿਚ ਬਿਆਨ ਦਾ ਇਕ ਲੰਮਾ ਕਾਰਜ 'ਤਰਤੀਬ ਬੱਧ ਪ੍ਰਸਤੂਤ' ਕੀਤਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਇਸ ਵਿਚ ਯਾਦਾਂ ਦਾ ਤਾਣਾ-ਪੇਟਾ ਬੁਣਿਆ ਜਾਂਦਾ ਹੈ। ਪਰ ਜਦੋਂ ਇਸ ਪ੍ਰਕ੍ਰਿਆ ਵਿਚੋਂ ਸਿਰਜਨਾ ਉਜਾਗਰ ਹੁੰਦੀ ਹੈ ਤਾਂ ਇਸ ਵਿਚ ਕਲਾ ਦਾ ਤੱਤ ਸਮੋਇਆ ਪ੍ਰਤੀਤ ਹੁੰਦਾ ਹੈ।

ਅੰਮ੍ਰਿਤਾ ਪ੍ਰੀਤਮ ਨੇ ਸਫ਼ਰਨਾਮੇ ਨੂੰ ਆਪਣੇ ਦੇਸ਼ ਦੇ ਬੱਚਿਆਂ ਲਈ ਘਰਾਂ ਵਿਚ ਬਾਰੀਆਂ ਅਤੇ ਝਰੋਖਿਆਂ ਦੇ ਮਾਨ ਮਹੱਤਵ ਵਾਲਾ ਦੱਸਿਆ ਹੈ ਅਤੇ ਇਹਨਾਂ ਨੂੰ ਸਦਾ ਦੂਜੇ ਦੀ ਜਾਣਕਾਰੀ ਲਈ ਖੁਲ੍ਹੇ ਰੱਖਣ ਦੀ ਪ੍ਰੇਰਨਾ ਦਿੱਤੀ ਹੈ ਕਿਉਂਕਿ ਇਹਨਾਂ ਨੂੰ ਪੜ੍ਹਨ ਨਾਲ ਘਰ ਬੈਠੀਆਂ ਹੀ ਹੋਰਨਾਂ ਦੇਸ਼ਾਂ ਬਾਰੇ ਅਵੱਸ਼ਕ ਗਿਆਨ ਪ੍ਰਾਪਤ ਹੋ ਸਕਦਾ ਹੈ। ਸਫ਼ਰਨਾਮਾ ਕਈ ਹੋਰ ਸਾਹਿਤ ਰੂਪਾਂ ਦੇ ਕੁਝ ਗੁਣ ਅਤੇ ਤੱਤ ਵੀ ਆਪਣੇ ਵਿਚ ਸਮੋਈ ਬੈਠਾ ਹੈ, ਇਹਨਾਂ ਵਿਚ ਜੀਵਨੀ, ਸਵੈ-ਜੀਵਨੀ, ਰੇਖਾ ਆਦਿ ਸ਼ਾਮਿਲ ਹੈ।

ਸਫ਼ਰਨਾਮੇ ਦੀ ਰਚਨਾ ਕਰਦੇ ਸਮੇਂ ਕੁਝ ਤੱਤ ਵੀ ਇਸ ਦੀ ਰਚਨਾ ਵਿਚ ਕਾਰਜਸ਼ੀਲ ਹੁੰਦੇ ਹਨ ਅਤੇ

ਇਹਨਾਂ ਤੱਤਾਂ ਦਾ ਆਪਣਾ ਵਿਸ਼ੇਸ਼ ਮਹੱਤਵ ਹੈ। ਵਿਦਵਾਨਾਂ ਨੇ ਸਫ਼ਰਨਾਮੇ ਸੰਬੰਧੀ ਪ੍ਰਮੁੱਖ ਰੂਪ ਵਿਚ ਤਿੰਨ ਤੱਤਾਂ ਦਾ ਉਲੇਖ ਕੀਤਾ ਹੈ ਜਿੰਨਾਂ ਵਿਚ ਭੁਗੋਲਿਕਤਾ, ਸਖ਼ਸੀਅਤ ਅਤੇ ਸਾਹਿਤਕ ਪ੍ਰਮੁੱਖ ਹਨ। ਇਹ ਤਿੰਨੋ ਹੀ ਤੱਤ ਸਫ਼ਰਨਾਮੇ ਦੀ ਸਿਰਜਣਾ ਲਈ ਜ਼ਰੂਰੀ ਹਨ। ਸਫ਼ਰਨਾਮੇ ਦੀਆਂ ਸਿਰਜਣ ਵਿਧੀਆਂ ਵੀ ਵੱਖ-ਵੱਖ ਪ੍ਰਕਾਰ ਦੀਆਂ ਹਨ ਜਿਵੇਂ:

1. ਪਹਿਲਾ ਢੰਗ ਡਾਇਰੀ ਦਾ ਹੈ ਕਿ ਲੇਖਕ ਡਾਇਰੀ ਦੇ ਵਿਚ ਹਰ ਦਿਨ ਦੀ ਯਾਤਰਾ ਦਾ ਵੇਰਵਾ ਦੇਵੇ ਤੇ ਬਾਅਦ ਵਿਚ ਡਾਇਰੀ ਨੂੰ ਪੁਸਤਕ ਰੂਪ ਦੇ ਦੇਵੇ।

2. ਯਾਤਰਾ ਦੇ ਆਰੰਭ ਤੋਂ ਅੰਤ ਤੱਕ ਸਾਰਾ ਬ੍ਰਿਤਾਂਤ ਇਕ ਲੜੀ ਵਿਚ ਪਰੋ ਕੇ ਕਥਾ ਦੀ ਸ਼ੈਲੀ ਵਿਚ ਇਸ ਤਰ੍ਹਾਂ ਚਿਤਰਿਆ ਜਾਵੇ ਕਿ ਪ੍ਰਸਿੱਧ ਥਾਵਾਂ ਅਤੇ ਉਹਨਾਂ ਬਾਰੇ ਮੁੱਖ ਜਾਣਕਾਰੀ ਨਾਲੋਂ ਨਾਲ ਮਿਲਦੀ ਜਾਵੇ ਅਤੇ ਸਫ਼ਰਨਾਮਾ ਇਕ ਇਕਾਈ ਦੇ ਰੂਪ ਵਿਚ ਸਾਹਮਣੇ ਆਵੇ। ਲਾਲ ਸਿੰਘ ਕਮਲਾ ਅਕਾਲੀ ਦਾ 'ਮੇਰਾ ਵਲਾਇਤੀ ਸਫ਼ਰਨਾਮਾ' ਇਸੇ ਪ੍ਰਕਾਰ ਦਾ ਸਫ਼ਰਨਾਮਾ ਹੈ।

3. ਚਿੱਠੀਆਂ ਰਾਹੀਂ ਸਾਕ-ਸੰਬੰਧੀਆਂ ਨੂੰ ਜਾਣਕਾਰੀ ਭੇਜਣਾ ਹੈ ਜਿਨ੍ਹਾਂ ਨੂੰ ਬਾਅਦ ਵਿਚ ਤਰਤੀਬ ਦੇ ਕੇ ਛਾਪ ਦਿੱਤਾ ਜਾਏ। ਭਾਈ ਕਾਨ ਸਿੰਘ ਨਾਭਾ ਦੇ ਦੋਵੇਂ ਸਫ਼ਰਨਾਮੇ ਇਸੇ ਢੰਗ ਅਨੁਸਾਰ ਲਿਖੇ ਗਏ ਹਨ।

4. ਲੇਖਕ ਦੁਆਰਾ ਨਾਵਲ ਜਾਂ ਕਹਾਣੀ ਰੂਪ ਵਿਚ ਸਫ਼ਰ ਦਾ ਅਨੁਭਵ ਲਿਖ ਦਿੱਤਾ ਜਾਂਦਾ ਹੈ। ਇਨ੍ਹਾਂ ਨੂੰ ਸਫ਼ਰ ਆਧਾਰਿਤ ਨਾਵਲ ਕਿਹਾ ਜਾਂਦਾ ਹੈ। ਉਦਾਹਰਣ ਵਜੋਂ ਸੋਹਣ ਸਿੰਘ ਸੀਤਲ ਦਾ ਨਾਵਲ 'ਕਾਲੇ ਪਰਛਾਵੇਂ' ਨੂੰ ਵਿਚਾਰਿਆ ਜਾਂਦਾ ਹੈ।

5. ਇਕ ਕਲਪਨਾ ਦੇ ਆਧਾਰ ਤੇ ਵੀ ਸਫ਼ਰਨਾਮਾ ਲਿਖ ਦਿੱਤਾ ਜਾਂਦਾ ਹੈ, ਜਿਸ ਵਿਚ ਲਾਇਬ੍ਰੇਰੀ ਤੋਂ ਕਿਸੇ ਸਥਾਨ ਬਾਰੇ ਵਿਸਤਾਰ ਪੂਰਕ ਪੁਸਤਕ ਪੜ੍ਹ ਕੇ ਸਫ਼ਰਨਾਮੇ ਦੀ ਰਚਨਾ ਕਰ ਦਿੱਤੀ ਜਾਂਦੀ ਹੈ, ਜਿਵੇਂ ਲਾਲ ਸਿੰਘ ਦਿਲ ਦਾ 'ਸੈਲਾਨੀ ਦੇਸ਼ ਭਗਤ' ਇਸ ਦੀ ਇਕ ਮਿਸਾਲ ਹੈ।

ਭਾਵੇਂ ਸਫ਼ਰਨਾਮੇ ਅਲੱਗ-ਅਲੱਗ ਦੇਸ਼ਾਂ ਦੀਆਂ ਯਾਤਰਾਵਾਂ ਨਾਲ ਸੰਬੰਧਿਤ ਹਨ ਪਰੰਤੂ ਪ੍ਰਮੁੱਖ ਰੂਪ ਵਿਚ ਕਿਉਂਕਿ ਪੰਜਾਬੀਆਂ ਦਾ ਸੰਬੰਧ ਅਮਰੀਕਾ, ਕੈਨੇਡਾ, ਇੰਗਲੈਂਡ, ਮਲੇਸ਼ੀਆ ਆਦਿ ਮੁਲਕਾਂ ਨਾਲ ਜ਼ਿਆਦਾ ਰਿਹਾ ਹੈ, ਇਸੇ ਕਰਕੇ ਬਹੁਤੇ ਸਫ਼ਰਨਾਮੇ ਇਹਨਾਂ ਦੇਸ਼ਾਂ ਨਾਲ ਹੀ ਸੰਬੰਧਿਤ ਮਿਲਦੇ ਹਨ।

ਪੰਜਾਬੀ ਸਫ਼ਰਨਾਮੇ ਦੇ ਖੇਤਰ ਵਿਚ ਕਾਫ਼ੀ ਰਚਨਾਵਾਂ ਰਚੀਆਂ ਗਈਆਂ ਹਨ ਪਰ ਅਜੇ ਵੀ ਦੂਜੀਆਂ ਸਾਹਿਤਕ ਵੰਨਗੀਆਂ ਦੇ ਮੁਕਾਬਲੇ ਭਰਪੂਰਤਾ ਦੀ ਘਾਟ ਹੈ।

ਆਖ਼ਿਰ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਸਫ਼ਰਨਾਮਾ ਆਧੁਨਿਕ ਪੰਜਾਬੀ ਸਾਹਿਤ ਦਾ ਮਹੱਤਵ ਪੂਰਨ ਤੇ ਸ਼ਕਤੀਸ਼ਾਲੀ ਸਰੂਪ ਹੈ, ਭਾਵੇਂ ਇਸ ਦਾ ਇਤਿਹਾਸ ਬਹੁਤਾ ਪੁਰਾਣਾ ਨਹੀਂ ਫਿਰ ਵੀ ਇਸ ਵਿਚ ਉੱਚ ਕੋਟੀ ਦੀਆਂ ਰਚਨਾਵਾਂ ਰਚੀਆਂ ਗਈਆਂ ਹਨ ਤੇ ਅੱਗੇ ਲਈ ਵੀ ਚੰਗੀ ਆਸ ਹੈ।

## 10.4 Summary (ਨਿਸ਼ਕਰਸ਼)

ਸਾਹਿਤ ਦੇ ਇਸ ਰੂਪ ਵਿਚ ਵਿਅਕਤੀਆਂ ਜਾਂ ਸਮੱਸਿਆਵਾਂ ਨੂੰ ਭਾਵਨਾ ਅਤੇ ਤਰਕਸੰਗਤਤਾ ਦੇ ਸੁਮੇਲ ਦੁਆਰਾ ਦਰਸਾਣ ਦੀ ਤਾਂ ਇਨ੍ਹਾਂ ਵਿਚ ਦੇਸ਼-ਬਦੇਸ ਦੇ ਕਿਸੇ ਭੂਖੰਡ ਦੇ ਸਮਾਜਿਕ ਅਤੇ ਸਭਿਆਚਾਰਿਕ ਜੀਵਨ ਦਾ ਬ੍ਰਿਤਾਂਤ ਹੁਮਦਾ ਹੈ। ਜਦੋਂ ਆਪਣੀ ਯਾਤਰਾ ਦੇ ਸਮੇਂ ਲੇਖਕ ਕਿਸੇ ਵਿਅਕਤੀ ਵਿਸ਼ੇਸ਼ ਜਾਂ ਇਤਿਹਾਸਿਕ ਸਥਾਨ ਦੀ ਫੇਰੀ ਪਾਉਂਦਾ ਹੈ ਤਾਂ ਉਸਦਾ ਸਫ਼ਰਨਾਮਾ ਰੇਕਾ-ਚਿਤ੍ਰ ਦੇ ਰੂਪ ਦੁਆਰਾ ਕਿਸੇ ਇਤਿਹਾਸਿਕ ਵਿਅਕਤੀ ਦੇ ਜੀਵਨ ਨਾਲ ਸੰਬੰਧਿਤ ਕਰਨ-ਭੂਮੀ ਨੂੰ ਦਰਸਾਉਂਦਾ ਹੈ।

## 10.5 Glossary (ਔਖੇ ਸ਼ਬਦਾਂ ਦੇ ਅਰਥ)

* ਯਾਤਰਾ – ਸਫ਼ਰ
* ਅਚੰਭਿਤ – ਹੈਰਾਨ
* ਸੰਵੇਦਨਸ਼ੀਲ – ਭਾਵੁਕ

## 10.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

– ਸਫ਼ਰਨਾਮਾ ਬਾਰੇ ਵਿਸਤਾਰ ਸਹਿਤ ਵਿਚਾਰ ਚਰਚਾ ਕਰੋ।

## 10.7 Lesson End Exercise, Examination Oriented Questions

(ਅਭਿਆਸ ਅਰਥ ਪ੍ਰਸ਼ਨ)

* ਸਫ਼ਰਨਾਮਾ ਤੋਂ ਕੀ ਭਾਵ ਹੈ ?
* ਸਫ਼ਰਨਾਮਾ ਦੀ ਪਰਿਭਾਸ਼ਾ ਦਿਉ ?
* ਸਫ਼ਰਨਾਮਾ ਦੇ ਤੱਤਾਂ ਬਾਰੇ ਜਾਣਕਾਰੀ ਦਿਉ ?

## 10.8 Suggested Reading ( ਸਹਾਇਕ ਪੁਸਤਕ ਸੂਚੀ)


- ਰਤਨ ਸਿੰਘ ਜੱਗੀ (ਡਾ.), ਸਾਹਿਤ ਦੇ ਰੂਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2022.
- ਸਤਨਾਮ ਸਿੰਘ ਕੈਂਥ, ਵਾਰਤਕ ਬੋਧ, ਸਹਿਜ ਪਬਲੀਕੇਸ਼ਨ, ਸਮਾਣਾ, 2022.

# ਸਵੈ ਜੀਵਨੀ

**Structure :**
10.1 Objective (ਉਦੇਸ਼)
10.2 Introduction (ਜਾਣ-ਪਛਾਣ)
10.3 Content Section (ਵਿਸ਼ਾ ਪੱਖ)
10.4 Summary (ਨਿਸ਼ਕਰਸ਼)
10.5 Glossary (ਔਖੇ ਸ਼ਬਦਾਂ ਦੇ ਅਰਥ)
10.6 SAQ/CYP/Possible (ਚਸਤੂ ਨਿਸ਼ਠ ਪ੍ਰਸ਼ਨੋਤਰੀ)
10.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)
10.8 Suggested Reading ( ਸਹਾਇਕ ਪੁਸਤਕ ਸੂਚੀ)

## 10.1 Objective (ਉਦੇਸ਼)

ਸਵੈਜੀਵਨੀ ਪਾਠਕਾਂ ਦੇ ਗਿਆਨ ਵਿਚ ਵਾਧਾ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਪ੍ਰੇਰਿਤ ਕਰਦੀ ਹੈ ਅਤੇ ਉਨ੍ਹਾਂ ਦਾ ਮਾਰਗ ਦਰਸ਼ਨ ਵੀ ਕਰਦੀ ਹੈ। ਸਵੈਜੀਵਨੀ ਲਿਖਣ ਲਈ ਜੀਵਨੀ ਦੇ ਮੁਕਾਬਲੇ ਵਧੇਰੇ ਸੰਤੁਲਨ, ਨਿਰਪੇਖਤਾ ਅਤੇ ਚਾਰਿਤਰਿਕ ਉਚਤਾ ਦੀ ਲੋੜ ਹੁੰਦੀ ਹੈ।

## 10.2 Introduction (ਜਾਣ-ਪਛਾਣ)

ਸਵੈ-ਜੀਵਨੀ ਕਿਸੇ ਮਨੁੱਖ ਦੁਆਰਾ ਆਪਣੇ ਸਮੁੱਚੇ ਜੀਵਨ ਜਾਂ ਉਸਦੇ ਇਕ ਖਾਸ ਹਿੱਸੇ ਬਾਰੇ ਲਿਖੀ ਇਕ ਬਿਰਤਾਂਤਕ ਰਚਨਾ ਹੈ। ਪੰਜਾਬੀ ਵਿਚ ਸਵੈ-ਜੀਵਨੀ ਦਾ ਜਨਮ ਪਦ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਬਚਿੱਤਰ ਨਾਟਕ' ਨਾਲ ਹੁੰਦਾ ਹੈ ਪਰੰਤੂ ਗੋਦ ਵਿਚ ਸਵੈ-ਜੀਵਨੀ ਦਾਜਨਮ ਪੱਛਮੀ ਪ੍ਰਭਾਵ ਦਾ ਸਿੱਟਾ ਹੈ।

## 10.3 Content Section (ਵਿਸ਼ਾ ਪੱਖ)

ਸਵੈ ਜੀਵਨੀ ਜੀਵਨੀ ਸਾਹਿਤ ਦੀ ਇਕ ਪ੍ਰਮੁੱਖ ਵਨੰਗੀ ਹੈ ਅੰਗ੍ਰੇਜ਼ੀ ਵਿਚ ਇਸਨੂੰ Autobiography ਕਿਹਾ ਜਾਂਦਾ ਹੈ। ਸਵੈ ਜੀਵਨੀ ਤੋਂ ਭਾਵ ਉਹ ਰਚਨਾ ਜਿਸ ਵਿਚ ਕੋਈ ਰਚਨਾ ਕਾਰ ਆਪਣੇ ਜੀਵਨ ਬਾਰੇ ਆਪ ਲਿਖੇ। ਪੰਜਾਬੀ ਵਿਚ ਸਵੈ ਜੀਵਨੀ ਲਿਖਣ ਦੀ ਪਰੰਪਰਾ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਰਚਨਾ 'ਬਚਿੱਤ੍ਰ ਨਾਟਕ' ਨਾਲ ਸ਼ੁਰੂ ਹੋਈ। ਇਸ ਵਿਚ ਇਕ ਪ੍ਰਮਾਣਿਕ ਸਵੈ ਜੀਵਨੀ ਵਾਲੇ ਸਾਰੇ ਗੁਣ ਮੌਜੂਦ ਹਨ।

ਇਸ ਸਵੈ ਜੀਵਨੀ ਦੀ ਰਚਨਾ ਗੁਰੂ ਸਾਹਿਬ ਨੇ 30 ਸਾਲ ਦੀ ਉਮਰ ਵਿਚ ਹੀ ਕਰ ਲਈ ਸੀ। ਪਰੰਤੂ ਸਹੀ ਅਰਥਾਂ ਵਿਚ ਪੰਜਾਬੀ ਸਵੈ ਜੀਵਨੀ ਦਾ ਆਰੰਭ ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਹੀ ਹੋਇਆ। ਇਸ ਕਾਲ ਦੇ ਬਹੁਤ ਸਾਰੇ ਲੇਖਕਾਂ ਨੇ ਆਪਣੇ ਜੀਵਨ ਸੰਘਰਸ਼ ਦੀ ਤਰਜਮਾਨੀ ਕਰਨ ਵਸਤੇ ਆਪਣੀਆਂ-ਆਪਣੀਆਂ ਸਵੈ ਜੀਵਣੀਆਂ ਦੀ ਰਚਨਾ ਕੀਤੀ।

ਇਸ ਪ੍ਰਸੰਗ ਵਿਚ ਸਭ ਤੋਂ ਪਹਿਲੀ ਰਚਨਾ ਪ੍ਰੋ. ਪੂਰਨ ਸਿੰਘ ਰਚਿਤ 'ਜੀਵਨ ਦੇ ਰਾਹਾਂ ਤੇ' (Own Path of life) ਹੈ। ਮੂਲ ਰੂਪ ਵਿਚ ਉਨ੍ਹਾਂ ਨੇ ਇਹ ਸਵੈ ਜੀਵਨੀ ਅੰਗ੍ਰੇਜ਼ੀ ਭਾਸ਼ਾ ਵਿਚ ਲਿਖੀ ਸੀ। ਇਸ ਰਚਨਾ ਦਾ ਅਨੁਵਾਦ ਪੰਜਾਬੀ ਵਿਚ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਕੀਤਾ।

ਸਵੈ ਜੀਵਨੀ ਸਾਹਿਤ ਰੂਪ ਵਜੋਂ ਮੂਲ ਰੂਪ ਵਿਚ ਪਛੱਮੀ ਸਾਹਿਤ ਦੀ ਦੇਣ ਹੈ। ਸਵੈ ਜੀਵਨੀ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਰੋਬਰਟ ਨੇ ਕੀਤੀ।ਸਵੈ ਜੀਵਨੀ ਸਾਹਿਤ ਦਾ ਆਰੰਭ ਸੇਂਟਅਗਸਟਨ ਦੀ ਰਚਨਾ 'ਕਨਫੈਸ਼ਨਜ਼' ਤੋਂ ਮੰਨਿਆ ਜਾਂਦਾ ਹੈ।

ਪੰਜਾਬੀ ਸਾਹਿਤ ਵਿਚ ਸਵੈ-ਜੀਵਨੀ ਪਰੰਪਰਾ ਦਾ ਆਧਾਰ ਵੀ ਅੰਗ੍ਰੇਜ਼ ਸ਼ਾਸਨ ਨਾਲ ਹੀ ਸੰਬੰਧਿਤ ਹੈ। ਮ. ਤਾਰਾ ਸਿੰਘ ਨੇ 1945 ਵਿਚ 'ਮੇਰੀ ਯਾਦ' ਸਵੈ-ਜੀਵਨੀ ਲਿਖ ਕੇ ਪੰਜਾਬੀ ਸਵੈ-ਜੀਵਨੀ ਸਾਹਿਤ ਦਾ ਮੁੱਢ ਬੰਨਿਆ।

ਸਵੈ-ਜੀਵਨੀ ਲਿਖਣ ਸਮੇਂ ਲਿਖਣ ਤੋਂ ਜ਼ਿਆਦਾ ਰੱਚਣ ਦੇ ਅਮਲ ਉਪਰ ਚਲਣ ਦੀ ਜ਼ਰੂਰਤ ਪੈਂਦੀ ਹੈ। ਹਰ ਘਟਨਾ ਜਾਂ ਵੇਰਵਾ ਅੰਕਿਤ ਕਰਨ ਯੋਗ ਨਹੀਂ ਹੁੰਦਾ।

ਬਹੁਤੇ ਲੇਖਕਾਂ ਦਾ ਮਤਿ ਹੈ ਕਿ ਸਵੈ-ਜੀਵਨੀ ਆਪਣੀ ਉਮਰ ਦੇ ਆਖ਼ਰੀ ਹਿੱਸੇ ਵਿਚ ਹੀ ਲਿਖਣੀ ਚਾਹੀਦੀ ਹੈ। ਇਕ ਤਾਂ ਉਸ ਸਮੇਂ ਅਨੁਭਵ ਕਾਫ਼ੀ ਅਮੀਰ ਅਤੇ ਡੂੰਘਾ ਹੁੰਦਾ ਹੈ ਅਤੇ ਦੂਸਰਾ ਲੇਖਕ ਦੀ ਉਮਰ ਵੀ ਥੋੜ੍ਹੀ ਬਚੀ ਹੁੰਦੀ ਹੈ, ਜਿਸ ਸਦਕਾ ਕੋਈ ਨੁਕਤਾਚੀਨੀ ਵੀ ਨਹੀਂ ਕਰ ਸਕਦਾ। ਪਰ ਇਹ ਕੋਈ ਪੱਕਾ ਨੇਮ ਨਹੀਂ ਹੈ, ਕੁਝ ਲੇਖਕ ਆਪਣੇ ਜੀਵਨ ਦੇ ਮੱਧ ਵਿਚ ਹੀ ਸਵੈ-ਜੀਵਨੀ ਲਿਖ ਲੈਂਦੇ ਹਨ ਕਿਉਂਕਿ ਆਖ਼ਰੀ ਸਮੇਂ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ।

**ਪੰਜਾਬੀ ਸਾਹਿਤ ਦੀਆਂ ਪ੍ਰਮੁੱਖ ਸਵੈ-ਜੀਵਨੀਕਾਰ ਹਨ**:

1. ਗਿਆਨੀ ਹੀਰਾ ਸਿੰਘ ਦਰਦ (1887–1935) ਇਨ੍ਹਾਂ ਦੀ ਸਵੈ-ਜੀਵਨੀ ਇਤਿਹਾਸਕ ਯਾਦਾਂ ਵਿਚ ਰਾਜਸੀ ਅਤੇ ਸਮਾਜਿਕ ਘੋਲਾਂ ਦਾ ਵਰਨਣ ਕੀਤਾ ਹੈ।

ਉਹਨਾਂ ਦੇ ਆਪਣੇ ਕਥਨ ਅਨੁਸਾਰ ਇਸ ਰਚਨਾ ਦਾ ਇਤਿਹਾਸ ਅਤੇ ਸਮਾਜਿਕ ਮੁੱਲ ਕਾਫ਼ੀ ਹੈ ਕਿਉਂਕਿ ਇਨ੍ਹਾਂ ਤੋਂ ਜਨਤਾ ਨੂੰ ਅੱਗੇ ਵਧਣ ਤੇ ਉੱਨਤੀ ਕਰਨ ਦੀ ਬਹੁਮੁੱਲੀ ਸਿੱਖਿਆ ਮਿਲਦੀ ਹੈ।

2. ਪ੍ਰਿ. ਸ਼ਾਹਿਬ ਸਿੰਘ (1894–1977) ਆਪਣੀ ਸਵੈ-ਜੀਵਨੀ 'ਮੇਰੀ ਜੀਵਨ ਕਹਾਣੀ' (1977) ਦਾ ਸਰੂਪ ਨਿਸ਼ਚਿਤ ਕਰਦਾ ਹੋਇਆ ਲਿਖਦਾ ਹੈ, "ਮੇਰੀ ਇਹ ਰਚਨਾ ਜ਼ਿੰਦਗੀ ਦੇ ਧੂੜ-ਭਰੇ ਰਾਹਾਂ ਉੱਤੇ ਤੁਰਦੇ ਇਕ ਸਾਧਾਰਨ ਰਾਹੀ ਦੀ ਨਿੱਜੀ ਅਤੇ ਨਿਰਸ਼ਿੰਗਾਰ ਯਾਦ ਦਾਸ਼ਤ ਹੈ। ਇਸ ਲਈ ਇਸ ਦਾ ਵੱਖਰਾ ਹੀ ਰੰਗ ਹੈ ਅਤੇ ਵੱਖਰਾ ਹੀ ਮੁੱਲ ਹੈ।ਇਹ ਸਵੈ-ਜੀਵਨੀ ਬਹੁਤ ਪ੍ਰੇਰਨਾ ਭਰਪੂਰ ਅਤੇ ਇਸ ਵਿਚੋਂ ਗਲਪ ਰਸ ਡੁੱਲ੍ਹ-ਡੁੱਲ੍ਹ ਪੈਂਦਾ ਹੈ।

3. ਗੁਰਬਖ਼ਸ਼ ਸਿੰਘ ਪ੍ਰੀਤਲੜੀ (1895–1977) ਇਹ ਪੰਜਾਬੀ ਦਾ ਸਿਰੋਮਣੀ ਗੱਦਕਾਰ ਹੈ।ਉਨ੍ਹਾਂ ਨੇ ਆਪਣੀ ਪੁਸਤਕ ਸਵੈ-ਜੀਵਨੀ ਕਈ ਪੁਸਤਕਾਂ ਵਿਚ ਲਿਖੀ ਅਤੇ ਸੰਸਕਰਨ ਵੀ ਲਿਖੇ। ਉਸ ਦੇ ਨਿਬੰਧ-ਸੰਗ੍ਰਹਿ ਵੀ ਸਵੈ-ਜੀਵਨ ਮੂਲਕ ਹੁੰਦੇ ਹਨ। ਉਸ ਦੀ ਇਕ ਸਵੈ-ਜੀਵਨੀ ਦਾ ਨਾਮ 'ਮੇਰੀ ਜੀਵਨ ਕਹਾਣੀ' ਹੈ।

4. ਅੰਮ੍ਰਿਤਾ ਪ੍ਰੀਤਮ (1919–2005) ਇਨ੍ਹਾਂ ਨੇ ਆਪਣੀ ਕਈ ਰਚਨਾਵਾਂ ਵਿਚ ਆਪਣੀ ਸਵੈ-ਜੀਵਨੀ ਨੂੰ ਪੇਸ਼ ਕੀਤਾ ਹੈ ਪਰੰਤੂ 'ਰਸੀਦੀ ਟਿਕਟ' (1977) ਨੂੰ ਉਸਦੀ ਸਭ ਤੋਂ ਮੁਕੰਮਲ ਅਤੇ ਕਲਾਤਮਕ ਸਵੈ-ਜੀਵਨੀ ਮੰਨਿਆਂ ਜਾਂਦਾ ਹੈ।'ਕਾਲਾ ਗੁਲਾਬ', 'ਕਿਰਮਚੀ ਲਕੀਰਾਂ' ਅਤੇ 'ਮੋਮਬਤੀਆਂ ਦਾ ਭੇਤ' ਆਦਿਕ ਰਚਨਾਵਾਂ ਵੀ ਸਵੈ-ਜੀਵਨੀ ਮੂਲਕ ਹਨ। ਇਸ ਰਚਨਾ ਵਿਚ ਅੰਮ੍ਰਿਤਾ ਪ੍ਰੀਤਮ ਨੇ ਆਪਣੀ ਰਚਨਾਤਮਕ ਪ੍ਰਕ੍ਰਿਆ, ਪਰਿਵਾਰਿਕ ਸਮਾਜਿਕ ਪਰਿਪਖ ਅਤੇ ਆਪਣੇ ਜੀਵਨ ਵਿਚ, ਪਰਿਵਾਰਿਕ, ਸਮਾਜਿਕ ਪਰਿਪੇਸ਼ ਅਤੇ ਆਪਣੇ ਜੀਵਨ ਵਿਚ ਆਏ ਕੁਝ ਅਹਿਮ ਵਿਅਕਤੀਆਂ ਬਾਰੇ ਜਾਣਕਾਰੀ ਦਿੱਤੀ ਹੈ।ਅੰਮ੍ਰਿਤਾ ਪ੍ਰੀਤਮ ਦਾ ਅੰਦਾਜ਼ ਰਹੱਸਮਈ ਹੈ। ਉਹ ਆਪਣੇ ਪਾਠਕ ਨੂੰ ਚੌਂਕਾਉਂਦੀ ਜਾਂ ਅਚੰਭਿਤ ਨਹੀਂ ਕਰਦੀ ਬਲਕਿ ਸਾਰੇ ਵੇਰਵੇ ਬੜੇ ਕਾਵਿਕ ਅੰਦਾਜ਼ ਵਿਚ ਸਹਿਜੇ-ਸਹਿਜੇ ਬਿਆਨ ਕਰਦੀ ਹੈ। ਸਵੈ-ਜੀਵਨੀ ਦੇ ਮਹੱਤਵ ਨੂੰ ਸਪੱਸ਼ਟ ਕਰਦੀ ਹੋਈ ਉਹ ਇਸ ਨੂੰ ਯਥਾਰਥ ਤੋਂ ਯਥਾਰਤ ਤੱਕ ਦੀ ਯਾਤਰਾ ਦਾ ਨਾਮ ਦਿੰਦੀ ਹੈ।

5. ਡਾ. ਦਲੀਪ ਕੌਰ ਟਿਵਾਣਾ (1932–2020) ਇਨ੍ਹਾਂ ਦੀ ਸਵੈ-ਜੀਵਨੀ 'ਨੰਗੇ ਪੈਰਾਂ ਦਾ ਸਫ਼ਰ' ਸਮਾਜ ਵਿਚ ਔਰਤ ਦੀ ਸਥਿਤੀ ਅਤੇ ਹੋਣੀ ਬਾਰੇ ਦਾਰਸ਼ਨਿਕ ਅੰਦਾਜ਼ ਵਿਚ ਲਿਖੀ ਰਚਨਾ ਹੈ। ਭਾਰਤੀ ਸਮਾਜ ਵਿਚ ਧੀਆਂ ਦੀ ਬੇਕਦਰੀ ਇਸ ਰਚਨਾ ਦਾ ਪ੍ਰਮੁੱਖ ਥੀਮ ਹੈ। ਇਹ ਪੁਸਤਕ ਲੇਖਕਾ ਦੇ ਨਾਰੀਵਾਦੀ ਦ੍ਰਿਸ਼ਟੀਕੋਣ ਦੀ ਪੇਸ਼ਕਾਰੀ ਕਰਦੀ ਹੈ।

6. ਡਾ. ਮੋਹਿੰਦਰ ਸਿੰਘ ਵਣਜਾਰਾ ਬੇਦੀ- (1924–2001) ਇਕ ਲੋਕਯਾਨੀ ਹੈ। ਉਨ੍ਹਾਂ ਦੀ ਸਵੈ-ਜੀਵਨੀ 'ਗਲੀਏ ਚਿਕੜ ਦੂਰਿ ਘਰੁ' ਵਿਚੋਂ ਲੋਕਯਾਨ ਅਤੇ ਸਭਿਆਚਾਰ ਪ੍ਰਤੀ ਉਸਦੀ ਲਗਨ ਅਤੇ ਲਗਾਉ ਦੇ ਵੇਰਵੇ ਦ੍ਰਿਸ਼ਟੀਗੋਚਰ ਹੁੰਦੇ ਹਨ। 'ਸਵੈ-ਜੀਵਨੀ' ਨੂੰ ਪਰਿਭਾਸ਼ਿਤ ਕਰਦਾ ਹੋਇਆ ਉਹ ਲਿਖਦਾ ਹੈ ਕਿ ਜ਼ਿੰਦਗੀ ਤਾਂ ਕੱਚੇ ਦੁੱਧ ਵਾਂਗ ਹੁੰਦੀ ਹੈ ਪਰ ਸਵੈ-ਜੀਵਨੀ ਮੱਖਣ ਵਾਂਗ, ਭਰੀ ਚਾਟੀ ਵਿਚ ਤਰਦਾ ਇਕ ਪਿੰਨਾ। ਇਸ ਲਈ ਕੱਚੇ ਦੁੱਧ ਅਤੇ ਮੱਖਣ ਵਿਚ ਜੋ ਅਮਰ ਹੈ, ਉਹੀ ਜੀਵਨ-ਸੱਚ ਅਤੇ ਜੀਵਨੀ ਦੇ ਕਲਾਤਮਕ ਸੱਚ ਵਿਚ ਹੈ।

ਇਨ੍ਹਾਂ ਲੇਖਕਾਂ ਤੋਂ ਬਿਨਾਂ ਪੰਜਾਬੀ ਦੇ ਹੋਰ ਵੀ ਬਹੁਤ ਸਾਰੇ ਲੇਖਕਾਂ ਨੇ ਬੜੀਆਂ ਦਿਲਚਸਪ ਅਤੇ ਮੁੱਲਵਾਨ ਸਵੈ-ਜੀਵਨੀਆਂ ਦੀ ਰਚਨਾ ਕੀਤੀ ਹੈ। ਇਨ੍ਹਾਂ ਵਿਚੋਂ ਬ੍ਰਿਜ ਲਾਲ ਸ਼ਾਸਤਰੀ, ਡਾ. ਰੌਸ਼ਨ ਲਾਲ ਆਹੂਜਾ, ਕਰਤਾਰ ਸਿੰਘ ਦੁਗੱਲ, ਸ. ਗੁਰਦੇਵ ਸਿੰਘ ਮਾਨ ਦੀਆਂ ਸਵੈ-ਜੀਵਨੀਆਂ ਵਿਸ਼ੇਸ਼ ਤੌਰ ਤੇ ਉੱਲੇਖਣਯੋਗ ਹਨ। ਇਸ ਤਰ੍ਹਾਂ ਪੰਜਾਬੀ ਵਿਚ ਸਵੈ-ਜੀਵਨੀ ਸਾਹਿਤ ਦੀ ਪਰੰਪਰਾ ਬੜੀ ਅਮੀਰ ਅਤੇ ਗੌਰਵਮਈ ਹੈ।

### 10.4 Summary (ਨਿਸ਼ਕਰਸ਼)

ਸਵੈਜੀਵਨੀ ਆਪਣੇ ਜੀਵਨ ਬਾਰੇ ਆਪ ਲਿਖਣਾ ਕੋਈ ਸੌਖਾ ਕਾਰਜ ਨਹੀਂ ਕਿਉਂਕਿ ਆਪਣੇ ਚਰਿਤਰ ਦਾ ਵਿਸ਼ਲੇਸ਼ਣ ਕਰਨਾ ਬਹੁਤ ਕਠਿਨ ਅਤੇ ਸਾਹਸ ਪੂਰਣ ਕੰਮ ਹੈ। ਉੱਤਮ ਆਤਮਕਥਾ ਲਿਖਣ ਲਈ ਆਪਣੀ ਆਤਮਾ ਨੂੰ ਉਜਲੀ ਅਤੇ ਹਉਮੈ ਰਹਿਤ ਬਣਾਉਣਾ ਜ਼ਰੂਰੀ ਹੈ। ਆਤਮ ਕਥਾ ਲਿਖਣ ਲਈ ਜੀਵਨੀ ਦੇ ਮੁਕਾਬਲੇ ਵਧੇਰੇ ਸੰਤੁਲਨ, ਨਿਰਪੇਖਤਾ ਅਤੇ ਚਰਿਤੀਰਕ ਉਚਤਾ ਦੀ ਲੋੜ ਹੁੰਦੀ ਹੈ।

### 10.5 Glossary (ਔਖੇ ਸ਼ਬਦਾਂ ਦੇ ਅਰਥ)

ਸੰਸਕਾਰ – ਰੀਤੀ-ਰਿਵਾਜ

ਹਉਮੈ – ਘਮੰਡ

ਉੱਤਮ – ਵਧੀਆ

**10.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)**

* ਸਵੈਜੀਵਨੀ ਤੋਂ ਕੀ ਭਾਵ ਹੈ ?
* ਸਵੈਜੀਵਨੀ ਦੇ ਤੱਤਾਂ ਬਾਰੇ ਨੋਟ ਲਿਖੋ ?
* ਚੰਗੀ ਸਵੈਜੀਵਨੀ ਦੇ ਗੁਣ ਦਸੋ ?

**10.7 Lesson End Exercise, Examination Oriented Questions**

(ਅਭਿਆਸ ਅਰਥ ਪ੍ਰਸ਼ਨ)

- ਸਵੈਜੀਵਨੀ ਬਾਰੇ ਵਿਸਥਾਰਪੂਰਵਕ ਵਿਚਾਰ ਚਰਚਾ ਕਰੋ।

**10.8 Suggested Reading ( ਸਹਾਇਕ ਪੁ**ਸਤਕ ਸੂਚੀ)


- ਰਤਨ ਸਿੰਘ ਜੱਗੀ, ਸਾਹਿਤ ਦੇ ਰੂਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ 2018.

# ਰੇਖਾ ਚਿੱਤਰ

**Structure :**

11.1 Objective (ਉਦੇਸ਼)
11.2 Introduction (ਜਾਣ-ਪਛਾਣ)
11.3 Content Section (ਵਿਸ਼ਾ ਪੱਖ)
11.4 Summary (ਨਿਸ਼ਕਰਸ਼)
11.5 Glossary (ਔਖੇ ਸ਼ਬਦਾਂ ਦੇ ਅਰਥ)
11.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)
11.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)
11.8 Suggested Reading ( ਸਹਾਇਕ ਪੁਸਤਕ ਸੂਚੀ)

## 11.1 Objective (ਉਦੇਸ਼)

ਇਸ ਅਧਿਆਇ ਵਿਚ ਅਸੀਂ ਵਿਦਿਆਰਥੀਆਂ ਨੂੰ ਵਾਰਤਕ ਦੇ ਆਧੁਨਿਕ ਰੂਪ 'ਰੇਖਾ ਚਿੱਤਰ' ਬਾਰੇ ਜਾਣਕਾਰੀ ਦੇਵਾਂਗੇ। ਰੇਖਾ ਚਿੱਤਰ ਦਾ ਸੰਬੰਧ ਜੀਵਨੀ ਨਾਲ ਹੈ। ਇਸ ਸਾਹਿਤ ਰੂਪ ਦਾ ਪੰਜਾਬੀ ਵਿਚ ਮੁੱਢ ਪ੍ਰਿੰ: ਤੇਜਾ ਸਿੰਘ ਦੇ ਕੁਝ ਨਿਬੰਧਾਂ ਜਿਵੇਂ ਪ੍ਰੀਤਮ ਸਿੰਘ ਦਾ ਸੁਭਾਅ, ਗੰਗਾ ਦੀਨ ਆਦਿ ਤੋਂ ਹੋਇਆ ਮੰਨਿਆ ਜਾਦਾ ਹੈ।

## 11.2 Introduction (ਜਾਣ-ਪਛਾਣ)

ਰੇਖਾ-ਚਿੱਤਰ ਦੋ ਸ਼ਬਦਾਂ ਰੇਖਾ + ਚਿੱਤਰ ਦੇ ਜੋੜ ਨਾਲ ਬਣਿਆ ਹੈ ਜਿਸਦਾ ਸਬਦੀ ਅਰਥ ਰੇਖਾਵਾਂ ਦੁਆਰਾ ਬਣਾਇਆ ਗਿਆ ਚਿੱਤਰ ਹੈ। ਰੇਖਾ ਚਿੱਤਰ ਸਾਹਿਤ ਰੂਪ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਜੀਵਨੀ ਤੇ ਕਹਾਣੀ ਸਾਹਿਤ-ਰੂਪਾਂ ਵਾਲੀ ਨਿਰੰਤਰਤਾ, ਰੋਚਕਤਾ ਅਤੇ ਨਿਬੰਧ ਵਾਲੇ ਵਿਚਾਰ ਦੀ ਭਰਪੂਰਤਾ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਹ ਲੇਖਕ ਦੀ ਸਮਰੱਥਾ ਓਪਰ ਨਿਰਭਰ ਕਰਦਾ ਹੈ ਕਿ ਉਹ ਰੇਖਾ-ਚਿੱਤਰ ਦੇ ਨਾਇਕ ਦੀ ਜੀਵਨ ਕਥਾ ਤੇ ਵੇਰਵਿਆਂ ਨੂੰ ਕਿਨਾਂ ਜੁਗਤਾਂ ਰਾਹੀ ਪੇਸ਼ ਕਰਦਾ ਹੈ।

## 11.3 Content Section (ਵਿਸ਼ਾ ਪੱਖ)

ਜੀਵਨ ਨਾਲ ਮਿਲਦੀ-ਜੁਲਦੀ ਇਕ ਹੋਰ ਵਿਧਾ 'ਰੇਖਾ ਚਿੱਤਰ' ਦੀ ਹੈ। ਇਸ ਵਿਚ ਕੋਈ ਲੇਖਕ ਕਿਸੇ ਇਤਿਹਾਸਕ ਵਿਅਕਤੀ ਦੀ ਜੀਵਨ-ਸ਼ੈਲੀ ਨੂੰ ਉਸਦੇ ਜੀਵਨ ਦੀਆਂ ਕੁਝ ਪ੍ਰਮੁੱਖ ਘਟਨਾਵਾਂ ਦੇ ਸਹਾਰੇ ਉਸਾਰਦਾ ਹੈ।

'ਭਾਰਤੀ ਸਾਹਿਤ ਕੋਸ਼' ਅਨੁਸਾਰ ਇਹ ਗੱਦੀ ਇਕ ਅਜਿਹੀ ਵੰਨਗੀ ਹੈ ਜਿਸਨੂੰ ਅੰਗ੍ਰੇਜ਼ੀ ਵਿਚ ਸਕੈੱਚ (Sketch) ਕਿਹਾ ਜਾਂਦਾ ਹੈ। ਜਿਵੇਂ ਕੋਈ ਚਿੱਤਰਕਾਰ ਕੁਝ ਬੁਰਸ਼-ਛੋਹਾਂ ਨਾਲ ਕਿਸੇ ਵਸਤੂ ਜਾਂ ਵਿਅਕਤੀ ਦਾ ਆਕਾਰ ਉਘਾੜ ਦਿੰਦਾ ਹੈ, ਉਸੇ ਤਰ੍ਹਾਂ ਰੇਖਾ-ਚਿੱਤਰ ਦਾ ਸਿਰਜਕ ਪੰਜ-ਸੱਤ ਘਟਨਾਵਾਂ ਨੂੰ ਵਿਉਂਤ ਬੱਧ ਕਰਕੇ ਕਿਸੇ ਵਿਅਕਤੀ ਵਿਸ਼ੇਸ਼ ਦੀ ਸ਼ਖ਼ਸੀਅਤ ਨੂੰ ਉਭਾਰ ਦਿੰਦਾ ਹੈ। ਰੇਖਾ ਚਿੱਤਰ, ਜੀਵਨੀ ਅਤੇ ਸੰਸਮਰਣ ਦੇ ਵਿਚਾਲੇ ਦੀ ਚੀਜ਼ ਹੈ। ਇਸ ਵਿਚ ਕਿਸੇ ਵਿਅਕਤੀ ਦੇ ਕੇਵਲ ਇਕ ਪੱਖ ਉੱਤੇ ਹੀ ਪ੍ਰਕਾਸ਼ ਪਾਇਆ ਜਾਂਦਾ ਹੈ। ਯਾਦਾਂ ਦੇ ਸਹਾਰੇ ਉਸਦੀ ਕਲਮੀ ਤਸਵੀਰ ਉਸਾਰੀ ਜਾਂਦੀ ਹੈ, ਪਰੋਟਰੇਟ ਖੜਾ ਕੀਤਾ ਜਾਂਦਾ ਹੈ।'
ਡਾ. ਧਰਮ ਪਾਲ ਸਿੰਘ

ਰੇਖਾ ਚਿੱਤਰ ਕਾਰ ਵਿਚ ਸੁਹਿਰਦਤਾ ਦਾ ਹੋਣਾ ਲਾਜ਼ਮੀ ਹੈ। ਜਿਹੜਾ ਲੇਖਕ ਸੁਹਿਰਦ ਨਹੀਂ ਹੈ, ਉਸ ਦਾ ਸਕੈਚ, ਕੈਰੀਕੇਚਰ ਬਣ ਜਾਂਦਾ ਹੈ। ਇਸ ਪ੍ਰਸੰਗ ਵਿਚ ਬਲਵੰਤ ਗਾਗਰੀ ਦੇ ਰੇਖਾ-ਚਿੱਤਰਾਂ ਨੂੰ ਅਗਰ ਭੁਮੀ ਵਿਚ ਰੱਖਿਆ ਜਾ ਸਕਦਾ ਹੈ। ਉਸ ਦੇ ਰੇਖਾ ਚਿੱਤਰਾਂ ਵਿਚ ਸਦਭਾਵਨਾ ਦਾ ਅਭਾਵ ਰਹਿੰਦਾ ਹੈ। ਇਹੀ ਕਾਰਨ ਹੈ ਕਿ ਉਸ ਦੁਆਰਾ ਸਿਰਜੇ ਰੇਖਾ-ਚਿੱਤਰ ਸੰਬੰਧਿਤ ਵਿਅਕਤੀ ਨਾਲੋਂ ਉਸਦੇ ਵਿਰੋਧੀ ਵਿਅਕਤੀਆਂ ਨੂੰ ਵਧੇਰੇ ਪਸੰਦ ਆਉਂਦੇ ਹਨ।

ਜਦ ਕਿ ਡਾ. ਕੁਲਬੀਰ ਸਿੰਘ ਕਾਂਗ ਅਤੇ ਪ੍ਰੋ. ਪ੍ਰੀਤਮ ਸਿੰਘ ਦੇ ਰੇਖਾ ਚਿੱਤਰਾਂ ਵਿਚ ਸੁਹਿਰਦਤਾ ਅਤੇ ਸਦਭਾਵਨਾ ਦੇ ਚਸ਼ਮੇ ਫੁੱਟ-ਫੁੱਟ ਪੈਂਦੇ ਹਨ। ਪੰਜਾਬੀ ਕੁਝ ਲੇਖਕਾਂ ਨੇ ਕਾਵਿ ਦੇ ਮਧਿਅਮ ਦੁਆਰਾ ਵੀ ਰੇਖਾ-ਚਿੱਤਰ ਲਿਖੇ ਹਨ। ਇਸ ਪ੍ਰਸੰਗ ਵਿਚ ਮੋਹਨਜੀਤ ਦਾ ਰੇਖਾ-ਚਿੱਤਰ ਸੰਗ੍ਰਹਿ 'ਤੁਰਦੇ ਫਿਰਦੇ ਮਸ਼ਖ਼ਰੇ' ਇਕ ਉਲੇਖਣ ਯੋਗ ਚਰਚਾ ਹੈ। ਮੋਹਨਜੀਤ ਤੋਂ ਬਿਨਾਂ ਅੰਮ੍ਰਿਤਾ ਪ੍ਰੀਤਮ, ਅਜਾਇਬ ਕਮਲ, ਰਵਿੰਦਰ ਰਵੀ, ਪ੍ਰੀਤਮ ਸਿੰਘ ਰਾਹੀ ਅਤੇ ਨਿਰਮਲ ਅਰਪਣ ਨੇ ਵੀ ਪੰਜਾਬੀ ਰੇਖਾ-ਚਿੱਤਰਾਂ ਦੇ ਖੇਤਰ ਵਿਚ ਨਵੇਂ ਆਯਾਮ ਸਿਰਜੇ ਹਨ। ਹਾਲ ਹੀ ਵਿਚ ਪੰਜਾਬੀ ਦੇ ਪ੍ਰਸਿੱਧ ਗੀਤਕਾਰ ਇੰਦਰਜੀਤ ਹਸਨਪੁਰੀ ਦਾ ਇਕ ਕਾਵਿ ਰੇਖਾ ਚਿੱਤਰ-ਸੰਗ੍ਰਹਿ ਵੀ ਪ੍ਰਕਾਸ਼ਿਤ ਹੋਇਆ ਹੈ।

ਬਲਵੰਤ ਗਾਰਗੀ ਨੇ 'ਨਿੰਮ ਦੇ ਪੱਤੇ', 'ਸੁਰਮੇਵਾਲੀ ਅੱਖ' ਅਤੇ 'ਕੌਡੀਆਂ ਵਾਲਾ ਸੱਪ' ਆਦਿ ਪੁਸਤਕਾਂ ਰਚ ਕੇ ਇਸ ਵਿਧਾ ਨੂੰ ਪੰਜਾਬੀ ਸਾਹਿਤ ਦਾ ਇਕ ਅਨਿੱਖੜ ਅੰਗ ਬਣਾ ਦਿੱਤਾ। ਕੁਲਬੀਰ ਸਿੰਘ ਕਾਂਗ ਨੇ ਇਸ ਪਰੰਪਰਾ ਨੂੰ ਹੋਰ ਅਮੀਰ ਬਣਾਇਆ 'ਪੱਕੀਆਂ ਇੱਟਾਂ', 'ਪੱਥਰ ਲੀਕਾਂ' ਅਤੇ 'ਬੱਦਲਾਂ ਦੇ ਰੰਗ' ਉਸ ਦੀਆਂ ਪ੍ਰਮੁੱਖ ਕਿਰਤੀਆਂ ਹਨ। ਭਗਵੰਤ ਸਿੰਘ ਦੀ ਇਕ ਪੁਸਤਕ 'ਸ਼ਨਾਖਤੀ ਪਰੇਡ' ਵੀ ਇਸੇ ਵਨੰਗੀ ਵਿਚ ਨਿੱਗਰ ਵਾਧਾ ਕਰਦੀ ਹੈ। ਡਾ. ਕਰਨਜੀਤ ਸਿੰਘ ਨੇ ਇੰਟਰਵਿਊ ਸਾਹਿਤ (ਕਲਮਦੀ ਅੱਖ) ਦੇ ਮਾਧਿਅਮ ਦੁਆਰਾ ਇਸੇ ਵਿਧਾ ਨੂੰ ਨਵਾਂ ਆਕਾਰ-ਪ੍ਰਕਾਰ ਪ੍ਰਦਾਨ ਕੀਤਾ ਹੈ। ਪਿੱਛਲੇ ਵਰ੍ਹਿਆਂ ਵਿਚ ਪ੍ਰੋ. ਪ੍ਰੀਤਮ ਸਿੰਘ ਨੇ ਬਹੁਤ ਉੱਚ ਪਾਏ ਦੇ ਕਲਮੀ ਚਿੱਤਰ (ਮੂਰਤਾਂ) ਰਚ ਕੇ ਆਪਣੀ ਵਿਲੱਖਣ ਰਚਨਾ ਪ੍ਰਤਿਭਾ ਦਾ ਬੜਾ ਸਟੀਕ ਪ੍ਰਮਾਣ ਪ੍ਰਸਤੁਤ ਕੀਤਾ ਹੈ।

ਸਮਕਾਲੀ ਲੇਖਕਾਂ ਵਿਚੋਂ ਸ਼ਮਸ਼ੇਰ ਸੰਧੂ, ਨਿੰਦਰ ਘੁਗਿਆਣਵੀ, ਨਿਰਮਲ ਜੋੜਾ, ਬੀਬਾ ਬਲਵੰਤ, ਅਮਰਜੀਤ ਸਿੰਘ ਅਕਸ ਅਤੇ ਸਿੱਧੂ ਦਮਦਮੀ ਦੇ ਨਾਮ ਲਏ ਜਾ ਸਕਦੇ ਹਨ।

## 11.4 Summary (ਨਿਸ਼ਕਰਸ਼)

ਰੇਖਾ ਚਿੱਤਰ ਆਧੁਨਿਕ ਵਾਰਤਕ ਦਾ ਪ੍ਰਮੁੱਖ ਰੂਪ ਹੈ। ਇਸ ਨੂੰ ਅੰਗਰੇਜ਼ੀ ਵਿਣ ਸਕੈਚ (Sketch) ਕਿਹਾ ਜਾਂਦਾ ਹੈ। ਇਸ ਵਿਚ ਕਿਸੇ ਮਹਾਨ ਜਾਂ ਸਾਹਿਤਕਾਰ ਵਿਅਕਤੀ ਦਾ ਵਾਸਤਵਿਕ ਜੀਵਨ ਦਾ ਯਥਾਰਥਵਾਦੀ ਢੰਗ ਨਾਲ ਚਿਤ੍ਰਣ ਹੁੰਦਾ ਹੈ। ਜਿਸ ਦਾ ਮਕਸਦ ਕਿਸੇ ਵਿਅਕਤੀ ਦੇ ਜੀਵਨ-ਬਿੰਬ ਨੂੰ ਪੇਸ਼ ਕਰਨਾ ਹੈ। ਰੇਖਾ ਚਿੱਤਰ ਵਿਚ ਸਿਰਜਾਨ ਅਤੇ ਆਲੋਚਨਾ, ਵਾਸਤਵਿਕਤਾ ਦਾ ਸੁੰਦਰ ਸੁਮੇਲ ਹੁੰਦਾ ਹੈ। ਰੇਖਾ

ਚਿੱਤਰ-ਕਾਰ ਕੇਵਲ ਮਹੱਤਵਪੂਰਨ ਘਟਨਾ ਜਾਂ ਪ੍ਰਸੰਗ ਦਾ ਹੀ ਚਿਤ੍ਰਣ ਕਰਦਾ ਹੈ।

## 11.5 Glossary (ਔਖੇ ਸ਼ਬਦਾਂ ਦੇ ਅਰਥ)

* ਲੀਕ - ਲਕੀਰ
* ਸਟੀਕ - ਪੱਕਾ
* ਅਭਾਵ - ਕਮੀ

## 11.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

* ਰੇਖਾ ਚਿੱਤਰ ਤੋਂ ਕੀ ਭਾਵ ਹੈ ?
* ਰੇਖਾ ਚਿੱਤਰ ਦੀਆਂ ਕੋਈ ਦੋ ਪਰਿਭਾਸ਼ਾਵਾਂ ਲਿਖੋ ?
* ਰੇਖਾ ਚਿੱਤਰ ਦੇ ਤੱਤਾਂ ਬਾਰੇ ਨੋਟ ਲਿਖੋ ?

## 11.7 Lesson End Exercise, Examination Oriented Questions

(ਅਭਿਆਸ ਅਰਥ ਪ੍ਰਸ਼ਨ)

**- ਰੇਖਾ ਚਿੱਤਰ ਬਾਰੇ ਵਿਸਤਾਰ ਸਹਿਤ ਵਿਚਾਰ ਚਰਚਾ ਕਰੋ।**

## 11.8 Suggested Reading ( ਸਹਾਇਕ ਪੁਸਤਕ ਸੂਚੀ)


- ਰਤਨ ਸਿੰਘ ਜੱਗੀ (ਡਾ.), ਸਾਹਿਤ ਦੇ ਰੂਪ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016.

# ਜੀਵਨੀ

**Structure :**

12.1 Objective (ਉਦੇਸ਼)
12.2 Introduction (ਜਾਣ-ਪਛਾਣ)
12.3 Content Section (ਵਿਸ਼ਾ ਪੱਖ)
12.4 Summary (ਨਿਸ਼ਕਰਸ਼)
12.5 Glossary (ਔਖੇ ਸ਼ਬਦਾਂ ਦੇ ਅਰਥ)
12.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)
12.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)
12.8 Suggested Reading ( ਸਹਾਇਕ ਪੁਸਤਕ ਸੂਚੀ)

## 12.1 Objective (ਉਦੇਸ਼)

ਚੰਗੀਆਂ ਜੀਵਨੀਆਂ ਪਾਠਕ ਨੂੰ ਗਿਆਨ ਅਤੇ ਪ੍ਰੇਰਿਤ ਕਰਦੀਆਂ ਹਨ। ਜੀਵਨੀ ਆਧੁਨਿਕ ਕਲਾ ਦੇ ਵਿਵਿੱਧ ਵਿਕਾਸਾਂ ਵਿਚੋਂ ਇਕ ਹੈ। ਇਸ ਵਿਚ ਕਿਸੇ ਵਿਅਕਤੀ ਦੇ ਜੀਵਨ ਬਿਰਤਾਂਤ ਨੂੰ ਵਿਸਤਾਪੂਰਵਕ ਢੰਗ ਨਾਲ ਲਿਖਿਆ ਜਾਦਾ ਹੈ। ਇਸ ਪਾਠ ਦਾ ਉਦੇਸ਼ ਪਾਠਕਾਂ ਨੂੰ ਜੀਵਨੀ ਸਾਹਿਤ ਰੂਪ ਨਾਲ ਜਾਣੂ ਕਰਵਾਉਣਾ ਹੈ।

## 12.2 Introduction (ਜਾਣ-ਪਛਾਣ)

ਜੀਵਨੀ ਰਚਨਾ ਦਾ ਮੂਲ ਅਧਾਰ ਜਨਮਸਾਖੀ ਮੰਨਿਆ ਗਿਆ ਹੈ। ਜੀਵਨੀ ਕਿਸੇ ਮਨੁੱਖ ਦੀ ਜ਼ਿੰਦਗੀ ਦਾ ਵੇਰਵਾ ਸਹਿਤ ਵਰਨਣ ਜਾਂ ਬਿਰਤਾਂਤ ਹੁੰਦਾ ਹੈ। ਇਸਦੇ ਵਿਚ ਸਿੱਖਿਆ, ਪੇਸ਼ਾ, ਰਿਸ਼ਤੇ ਅਤੇ ਮੌਤ ਵਰਗੇ ਬੁਨਿਆਦੀ ਤੱਥਾਂ ਤੋਂ ਇਲਾਵਾ ਹੋਰ ਕੁਝ ਵੀ ਹੁੰਦਾ ਹੈ। ਕਿਸੇ ਜੀਵਨੀ ਵਿਚ ਇਹਨਾਂ ਵਾਕਿਆਂ ਨਾਲ ਵਿਸ਼ਾ-ਅਧੀਨ ਮਨੁੱਖ ਦੇ ਤਜ਼ਰਬੇ ਵੀ ਬਿਆਨ ਕੀਤੇ ਹੁੰਦੇ ਹਨ।

## 12.3 Content Section (ਵਿਸ਼ਾ ਪੱਖ)

ਜੀਵਨੀ ਵਾਰਤਕ ਸਾਹਿਤ ਦਾ ਇਕ ਅਜਿਹਾ ਰੂਪ ਹੈ ਜਿਸ ਵਿਚ ਮਨੁੱਖ ਦੇ ਸੰਪੂਰਨ ਜੀਵਨ ਵੇਰਵੇ ਨੂੰ ਬੜੇ ਰੋਚਕ ਅਤੇ ਕਲਾਤਮਕ ਢੰਗ ਨਾਲ ਬਿਆਨ ਕੀਤਾ ਜਾਂਦਾ ਹੈ। ਜੀਵਨੀ ਸ਼ਬਦ ਲਈ ਅੰਗ੍ਰੇਜ਼ੀ ਵਿਚ Biography ਸ਼ਬਦ ਦੀ ਵਰਤੋਂ ਕੀਤੀ ਹੈ ਜੋ ਮੂਲ ਯੁਨਾਨੀ ਭਾਸ਼ਾ ਦਾ ਹੈ। ‘Bio’ ਦਾ ਅਰਥ ਹੈ ‘ਜੀਵਨ’

ਅਤੇ 'graphy' ਦਾ ਅਰਥ ਹੈ 'ਲਿਖਣਾ'। ਇਸ ਤਰ੍ਹਾਂ ਇਸ ਦੇ ਸੁਮੇਲ ਤੋਂ ਬਣੇ ਸ਼ਬਦ ਦਾ ਅਰਥ ਹੈ– ਕਿਸੇ ਵਿਅਕਤੀ ਦੀ ਜੀਵਨੀ ਲਿਖਣਾ।

ਜੀਵਨੀ ਕਿਸੇ ਵਿਅਕਤੀ ਦੇ ਜੀਵਨ ਦਾ ਇਤਿਹਾਸ ਹੈ ਭਾਵ ਜੀਵਨੀ ਉਹ ਸਾਹਿਤ ਰੂਪ ਹੈ ਜਿਸ ਵਿਚ ਕਿਸੇ ਵਿਸੇਸ਼ ਵਿਅਕਤੀ ਦੇ ਜੀਵਨ ਇਤਿਹਾਸ ਨੂੰ ਪ੍ਰਸਤੁਤ ਕੀਤਾ ਜਾਂਦਾ ਹੈ। ਜੀਵਨੀ ਦਾ ਨਾਇਕ ਮਹਾਨ ਹੋਣਾ ਚਾਹੀਦਾ ਹੈ। ਜਿੰਨਾਂ ਨਾਇਕ ਮਹਾਨ ਹੋਵੇਗਾ ਉੱਨੀ ਹੀ ਜੀਵਨੀ ਪ੍ਰੇਰਨਾ ਦਾਇਕ ਹੋਵੇਗੀ।

ਜੀਵਨੀ 'ਸਾਖੀ' ਤੋਂ ਲਗਾਤਾਰ ਵਿਕਾਸ ਕਰਦੀ ਹੋਈ ਹੁਣ ਇਕ ਸੁਤੰਤਰ ਰੂਪਾਕਾਰ ਵਜੋਂ ਸਥਾਪਿਤ ਹੋ ਚੁੱਕੀ ਹੈ।

ਭਾਈ ਵੀਰ ਸਿੰਘ ਆਧੁਨਿਕ ਕਾਲ ਦਾ ਪਹਿਲਾ ਪੰਜਾਬੀ ਜੀਵਨੀਕਾਰ ਹੈ। ਗੁਰੂ ਨਾਨਕ ਚਮਤਕਾਰ, ਕਲਗੀਧਰ ਚਮਤਕਾਰ, ਅਸ਼ਟ ਗੁਰੂ ਚਮਤਕਾਰ ਅਤੇ ਸੰਤ ਗਾਥਾ ਤਾਂ ਵਾਰਤਕ ਦੀਆਂ ਉਹ ਪੁਸਤਕਾਂ ਹਨ, ਜਿਨ੍ਹਾਂ ਨੂੰ ਸ਼ਰਧਾ ਪੂਰਨ ਇਤਿਹਾਸਕ ਵਾਰਤਕ ਦਾ ਨਾਮ ਦਿੱਤਾ ਜਾ ਸਕਦਾ ਹੈ। ਇਹ ਜੀਵਨੀਆਂ ਸ਼ਰਧਾ ਭਾਵ ਵਿਚ ਲਿਖੀਆਂ ਚਮਤਕਾਰ ਅਤੇ ਅਤਿ ਕਥਨੀ ਭਰਪੂਰ ਘਟਨਾਵਾਂ ਦਾ ਸੰਗ੍ਰਹਿ ਹਨ। ਇਨ੍ਹਾਂ ਵਾਰਤਕ ਪੁਸਤਕਾਂ ਵਿਚ ਜੀਵਨੀ ਨਹੀਂ ਤਾਂ ਜੀਵਨੀ ਦੇ ਬਹੁਤ ਸਾਰੇ ਲੱਛਣ ਤਾਂ ਮਿਲ ਹੀ ਜਾਂਦੇ ਹਨ, ਇਸ ਲਈ ਇਨ੍ਹਾਂ ਦਾ ਇਤਿਹਾਸ ਦ੍ਰਿਸ਼ਟੀ ਤੋਂ ਵੀ ਕੋਈ ਘੱਟ ਮਹੱਤਵ ਨਹੀਂ ਹੈ।

ਬਾਬਾ ਪ੍ਰੇਮ ਸਿੰਘ ਹੋਤੀ ਜੀ ਨੇ ਸੰਪੂਰਨ ਜੀਵਨੀਆਂ ਦੀ ਰਚਨਾ ਕੀਤੀ ਹੈ। ਸਭ ਤੋਂ ਪਹਿਲੀ ਜੀਵਨੀ 'ਅਕਾਲੀ ਫੂਲਾ ਸਿੰਘ ਦਾ ਜੀਵਨ-ਬਿਰਤਾਂਤ' ਹੈ। ਇਸ ਤੋਂ ਛੁੱਟ 'ਮਹਾਰਾਜਾ ਰਣਜੀਤ ਸਿੰਘ ਦਾ ਜੀਵਨ-ਬਿਰਤਾਂਤ', 'ਕੰਵਰ ਨੌਨਿਹਾਲ ਸਿੰਘ ਦਾ ਜੀਵਨ-ਬਿਰਤਾਂਤ', 'ਹਰੀ ਸਿੰਘ ਨਲੂਆ ਦਾ ਜੀਵਨ ਬਿਰਤਾਂਤ', 'ਜੀਵਨ-ਬਿਰਤਾਂਤ ਮਹਾਰਾਜਾ ਸ਼ੇਰ ਸਿੰਘ' ਆਦਿ ਜੀਵਨੀਆਂ ਆਪ ਦੀ ਖੋਜ ਅਤੇ ਸਾਹਿਤਕ ਘਾਲਣਾ ਦੀ ਸ਼ਾਹਦੀ ਭਰਦੀਆਂ ਹਨ।

ਕਰਨ ਸਿੰਘ ਹਿਸਟੋਰੀਅਨ ਵੱਲੋਂ ਲਿਖੀ ਪਹਿਲੀ ਜੀਵਨੀ 'ਬੰਦਾ ਬਹਾਦਰ' ਹੈ। ਆਪ ਦੀਆਂ ਲਿਖੀਆਂ ਦੋ ਹੋਰ ਜੀਵਨੀਆਂ 'ਜੀਵਨ ਬੀਬੀ ਸਦਾ ਕੌਰ ਜੀ' ਅਤੇ 'ਜੀਵਨ ਸ੍ਰੀਮਤੀ ਹਰਨਾਮ ਕੌਰ ਜੀ' ਹਨ। ਇਨ੍ਹਾਂ ਤੋਂ ਛੁੱਟ ਆਪਦੀ ਲਿਖੀ ਇਕ ਹੋਰ ਜੀਵਨੀ 'ਬਾਬਾ ਆਲਾ ਸਿੰਘ' ਮਿਲਦੀ ਹੈ, ਜਿਸ ਵਿਚ ਆਪ ਦੇ ਆਪਣੇ ਕਥਨ ਅਨੁਸਾਰ 54 ਮਹੱਤਵਪੂਰਨ ਇਤਿਹਾਸਕ ਲਿਖਤਾਂ ਨੂੰ ਆਧਾਰ ਬਣਾ ਕੇ ਸਰਵ ਸ਼ੁੱਧ ਜੀਵਨੀ ਲਿਖਣ ਦਾ ਸੁਚੱਜਾ ਯਤਨ ਕੀਤਾ ਹੈ।

ਕਪੂਰ ਸਿੰਘ ਨੇ ਇਕ ਨਿਬੰਧ ਪੁਸਤਕ 'ਸੰਪਤ-ਸ਼੍ਰਿੰਗ' ਲਿਖੀ ਹੈ, ਜਿਸ ਵਿਚ ਸੰਸਾਰ ਭਰ ਦੇ ਸੱਤ ਮਹਾਨ ਪੁਰਸ਼ਾਂ ਦੇ ਜੀਵਨ ਚਰਿਤ੍ਰ ਦਰਜ ਹਨ। ਇਹ ਸੱਤ ਮਹਾਨ ਵਿਅਕਤੀ ਹਨ– ਬਾਬਾ ਰਾਮ ਸਿੰਘ ਕੂਕਾ, ਨਿਊਟਨ ਸੰਤ ਫਰਾਂਸਿਸ ਅਸਿੱਸੀ, ਰੋਜ਼ਾ ਲਕਸਮਬਰਗ, ਸ਼ੰਕਰਚਾਰੀਆ, ਮੀਰਾ ਅਤੇ ਗੋਤਮ ਬੁੱਧ। ਇਹ ਸੱਤ ਮਹਾਂਪੁਰਸ਼ ਸੰਸਾਰ ਭਰ ਦੇ ਭਿੰਨ-ਭਿੰਨ ਧਰਮਾਂ ਤੇ ਦੇਸ਼ਾਂ ਤੇ ਵਰਗਾ ਸੰਪਰਦਾਇਕ ਦੇ ਉਹ ਆਗੂ ਹਨ ਜਿਨ੍ਹਾਂ ਨੇ ਆਪਣੇ-ਆਪਣੇ ਖੇਤਰ ਵਿਚ ਚੰਗਾ ਚੌਖਾ ਹਿੱਸਾ ਪਾਇਆ ਹੈ।

ਭਾਈ ਬਿਹਾਰੀ ਲਾਲ ਪੁਰੀ ਵੱਲੋਂ ਰਚੀ 'ਚਰਿਤਾਵਲੀ' ਪੰਜਾਬੀ ਦੇ ਜੀਵਨੀ ਸਾਹਿਤ ਦੀ ਇਕ ਮਹੱਤਵਪੂਰਨ ਕੜੀ ਹੈ। ਇਸ ਪੁਸਤਕ ਦੀ ਪ੍ਰੇਰਨਾ ਇਸ ਤਰ੍ਹਾਂ ਸਿੱਖਿਆ ਅਤੇ ਪ੍ਰਾਚੀਨ ਭਾਰਤੀ ਨਾਰੀ, ਅਰਦਾਸ ਨੂੰ ਸਾਡੇ ਸਾਹਮਣੇ ਪੇਸ਼ ਕਰਨਾ ਹੈ ਅਤੇ ਮਨੋਰਥ ਵੀ ਇਹੋ ਹੈ ਕਿ ਅਜੋਕੀ ਭਾਰਤੀ 'ਇਸਤਰੀ ਸੀਤਾ, ਸਾਵਿੱਤਰੀ, ਦਰੋਪਦੀ', ਸ਼ਕੁੰਤਲਾ ਅਤੇ ਦਮਯੰਤੀ ਆਦਿ ਦੇ ਜੀਵਨ-ਆਦਰਸ਼ਾਂ ਨੂੰ ਅਪਣਾ ਕੇ ਚਲੇ ਤਾਂ ਜੋ ਭਾਰਤ ਦੀਆਂ ਭਾਵੀ ਨਸਲਾਂ ਨੂੰ ਸੁਰਿਖਿਅਤ ਅਤੇ ਸ਼ਿਸ਼ਟਾਚਾਰੀ ਬਣਾਇਆ ਜਾ ਸਕੇ।

## 12.4 Summary (ਨਿਸ਼ਕਰਸ਼)

ਜੀਵਨੀ ਵਿਚ ਘਟਨਾ, ਚਰਿੱਤਰ ਚਿੱਤਰਣ, ਦੇਸ਼ ਕਾਲ, ਉਦੇਸ਼ ਸ਼ੈਲੀ ਆਦਿ ਪ੍ਰਮੁੱਖ ਤੱਤ ਹੁਮਦੇ ਹਨ। ਘਟਨਾਵਾਂ ਦੇ ਆਧਾਰ ਉੱਤੇ ਜੀਵਨੀ ਦਾ ਢਾਂਚਾ ਉਸਰਦਾ ਹੈ। ਜੀਵਨੀ ਦੀਆਂ ਘਟਨਾਵਾਂ ਕਲਪਿਤ ਨਾ ਹੋ ਕੇ ਵਾਸਤਵਿਕ ਹੁੰਦੀਆਂ ਹਨ। ਲੇਖਕ ਨੂੰ ਜੋ ਤੱਥ ਪ੍ਰਾਪਤ ਹੁੰਦੇ ਹਨ ਉਨ੍ਹਾਂ ਵਿਚੋਂ ਵਿਅਕਤੀ ਵਿਸ਼ੇਸ਼ ਦਾ ਚਰਿਤਰ ਉਭਾਰਨਾ ਹੁੰਦਾ ਹੈ। ਵਿਅਕਤੀ ਦੀਆਂ ਵਿਸ਼ੇਸ਼ਤਾਵਾਂ ਜੀਵਨੀਕਾਰ ਨੂੰ ਉਹਦੇ ਬਾਰੇ ਲਿਖਣ ਪ੍ਰੇਰਿਤ ਕਰਦੀਆਂ ਹਨ।

## 12.5 Glossary (ਔਖੇ ਸ਼ਬਦਾਂ ਦੇ ਅਰਥ)

* ਪ੍ਰਸਤੁਤ ਕਰਨਾ – ਪੇਸ਼ ਕਰਨਾ
* ਸੰਪੂਰਨ – ਪੂਰਾ
* ਯਤਨ – ਕੋਸ਼ਿਸ਼

## 12.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

- **ਜੀਵਨੀ ਦੀ ਪਰਿਭਾਸ਼ਾ ਦਿਓ।**
- **ਜੀਵਨੀ ਲਿਖਣ ਸਮੇਂ ਕਿੰਨਾਂ ਗੱਲਾਂ ਦਾ ਧਿਆਨ ਰੱਖਿਆ ਜਾਂਦਾ ਹੈ ?**
- **ਜੀਵਨੀ ਦੇ ਤੱਤਾਂ ਬਾਰੇ ਨੋਟ ਲਿਖੋ।**

## 12.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

- **ਜੀਵਨੀ ਬਾਰੇ ਵਿਸਤਾਰਪੂਰਵਕ ਵਿਚਾਰ ਚਰਚਾ ਕਰੋ।**

## 12.8 Suggested Reading ( ਸਹਾਇਕ ਪੁਸਤਕ ਸੂਚੀ)


* ਰੌਸ਼ਨ ਲਾਲ ਆਹੂਜਾ, ਸਾਹਿਤ ਸ਼ਾਸਤਰ, ਲਾਹੌਰ ਬੁੱਕ ਸ਼ਾਪ ਲੁਧਿਆਣਾ।
* ਜੀਤ ਸਿੰਘ ਜੋਸ਼ੀ (ਡਾ.), ਅਧਿਐਨ ਤੇ ਅਧਿਆਪਨ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ।

M.A.Semester 2nd Lesson No.13
Unit-IV Course No: Pbi204

# ਆਧੁਨਿਕ ਪੰਜਾਬੀ ਨਾਵਲ

**Structure :**

13.1 Objective (ਉਦੇਸ਼)

13.2 Introduction (ਜਾਣ-ਪਛਾਣ)

13.3 Content Section (ਵਿਸ਼ਾ ਪੱਖ)

13.4 Summary (ਨਿਸ਼ਕਰਸ਼)

13.5 Glossary (ਔਖੇ ਸ਼ਬਦਾਂ ਦੇ ਅਰਥ)

13.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

13.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

13.8 Suggested Reading ( ਸਹਾਇਕ ਪੁਸਤਕ ਸੂਚੀ)

## 13.1 ਉਦੇਸ਼ (Objective)

1. ਵਿਦਿਆਰਥੀ ਪੰਜਾਬੀ ਨਾਵਲ ਦੇ ਇਤਿਹਾਸ ਬਾਰੇ ਸੰਪੂਰਣ ਜਾਣਕਾਰੀ ਪ੍ਰਾਪਤ ਕਰ ਸਕਣਗੇ।

2. ਵਿਦਿਆਰਥੀ ਨਾਵਲ ਦੀਆਂ ਪ੍ਰਵਿਰਤੀਆ ਬਾਰੇ ਵਿਸਥਾਰ ਸਹਿਤ ਜਾਣਕਾਰੀ ਪ੍ਰਾਪਤ ਕਰ ਸਕਣਗੇ।

## 13.2 ਜਾਣ-ਪਛਾਣ (Introdsuction)

ਪੰਜਾਬੀ ਨਾਵਲ ਦੇ ਮੁੱਢ ਬੱਝਣ ਤੇ ਪ੍ਰੇਰਨਾ ਸਰੋਤ ਬਾਰੇ ਵਿਚਾਰ ਕੀਤਾ ਗਿਆ ਹੈ। ਦੂਜੇ ਹਿੱਸੇ ਵਿਚ ਨਾਵਲ ਦੇ ਮੁੱਢਲੇ ਸਰੂਪ ਅਤੇ ਪੰਜਾਬੀ ਨਾਵਲਾਂ ਤੇ ਨਾਵਲਕਾਰਾਂ ਬਾਰੇ ਚਰਚਾ ਕੀਤੀ ਗਈ ਹੈ। ਤੀਜੇ-ਚੌਥੇ ਹਿੱਸੇ ਵਿਚ ਪੰਜਾਬੀ ਨਾਵਲ ਦੀ ਪ੍ਰਮੁੱਖ ਰਚਨਾਤਮਕ ਪ੍ਰਵਿਰਤੀਆਂ ਨਾਲ ਸੰਬੰਧਿਤ ਨਾਵਲਾਂ ਤੇ ਨਾਵਲਕਾਰਾਂ ਬਾਰੇ ਚਰਚਾ ਕੀਤੀ ਗਈ ਹੈ। ਪੰਜਵੇਂ ਹਿੱਸੇ ਵਿਚ ਉਤਰ-ਯਥਾਰਥਵਾਦੀ ਨਾਵਲ ਦੇ ਸਿਰਲੇਖ ਹੇਠ ਸਮਕਾਲੀ ਪੰਜਾਬੀ ਨਾਵਲ ਦੀ ਚਰਚਾ ਕੀਤੀ ਗਈ ਹੈ। ਨਾਵਲ ਦੇ ਸੱਤਵੇਂ ਹਿੱਸੇ ਵਿਚ ਪਰਵਾਸੀ ਨਾਵਲ ਤੇ ਪਾਕਿਸਤਾਨੀ ਪੰਜਾਬੀ ਨਾਵਲ ਦੀ ਚਰਚਾ ਕੀਤੀ ਗਈ ਹੈ।

## 13.3 ਪੰਜਾਬੀ ਨਾਵਲ ਦਾ ਇਤਿਹਾਸ

ਪੰਜਾਬੀ ਨਾਵਲ ਦੇ ਆਰੰਭ ਬਾਰੇ ਦੋ ਰਾਵਾਂ ਹਨ। ਪਹਿਲੀ ਅਨੁਸਾਰ ਪੰਜਾਬੀ ਨਾਵਲ ਪੰਜਾਬੀ ਦੇ ਬਾਕੀ ਆਧੁਨਿਕ ਰੂਪਾਕਾਰਾਂ ਵਾਂਗ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਪੈਦਾ ਹੋਇਆ। ਦੂਜੀ ਰਾਏ ਇਹ ਹੈ ਕਿ

ਪੰਜਾਬੀ ਨਾਵਲ ਮੱਧਕਾਲੀਨ ਬਿਰਤਾਂਤ ਰੂਪਾਂ ਭਾਵ ਕਿੱਸਾ-ਕਾਵਿ, ਵਾਰ-ਕਾਵਿ ਤੇ ਜੰਗਨਾਮਾ ਤੇ ਸਾਖੀਆਂ ਆਦਿ ਤੋਂ ਪੈਦਾ ਹੋਇਆ। ਪੰਜਾਬੀ ਨਾਵਲ ਵਰਗਾ ਕੋਈ ਸਾਹਿਤਕ ਰੂਪਾਕਾਰ ਮੱਧਕਾਲੀਨ ਸਾਹਿਤ ਵਿਚ ਨਹੀਂ ਸੀ ਪਰ ਪੰਜਾਬੀ ਨਾਵਲ ਨੇ ਮੱਧਕਾਲੀਨ ਕਥਾ-ਸਾਹਿਤ ਤੋਂ ਆਪਣੀ ਬਣਤਰ ਵਿਚ ਬਹੁਤ ਸਾਰੇ ਅੰਸ਼ਾਂ ਨੂੰ ਸਮੋਇਆ ਹੈ। ਨਾਵਲ ਇਕ ਲੰਮੀ ਬਿਰਤਾਂਤਕ ਅਤੇ ਗਲਪਮਈ ਰਚਨਾ ਹੈ। ਜਿਸ ਵਿਚ ਜ਼ਿੰਦਗੀ ਦੀ ਵਿਆਪਕ ਪੇਸ਼ਕਾਰੀ ਅਤੇ ਵਿਸ਼ਲੇਸ਼ਣ ਪਤਰਾਂ ਦਾ ਵੇਰਵਾ, ਘਟਨਾਵਾਂ, ਵਾਰਤਾਲਾਪ ਅਤੇ ਭਾਸ਼ਾ ਦੁਆਰਾ ਵਿਲੱਖਣ ਵਿਸ਼ਵ ਦ੍ਰਿਸ਼ਟੀ ਰਾਹੀਂ ਕਥਾ ਸਿਰਜਣਾ ਦੀ ਵਿਧੀ ਦੇ ਰੂਪ ਵਿਚੋਂ ਕੀਤਾ ਜਾਂਦਾ ਹੈ। ਇਹ ਅਜਿਹਾ ਗਲਪੀ ਸੰਸਾਰ ਸਿਰਜਦਾ ਹੈ ਜੋ ਸੰਸਾਰ ਨਾ ਹੁੰਦਿਆਂ ਵੀ ਅਸਲੀ ਪ੍ਰਤੀਤ ਹੁੰਦਾ ਹੈ। ਇਕ ਪਾਸੇ ਇਸ ਦਾ ਸੰਬੰਧ ਸਮਕਾਲੀ ਜੀਵਨ ਦੇ ਯਥਾਰਥ ਨਾਲ ਜੁੜਦਾ ਹੈ ਅਤੇ ਦੂਜੇ ਪਾਸੇ ਕਲਾਪਨਿਕ ਗਲਪ ਸੰਸਾਰ ਵਿਚ ਪੇਸ਼ ਹੋਏ ਕਲਾ ਦੇ ਯਥਾਰਥ ਨਾਲ ਬਣਿਆ ਰਹਿੰਦਾ ਹੈ।

ਜੋਗਿੰਦਰ ਸਿੰਘ ਰਾਹੀ, ਡਾ. ਹਰਦਰਸ਼ਨ ਸਿੰਘ ਅਤੇ ਡਾ. ਅਤਰ ਸਿੰਘ ਵਰਗੇ ਵਿਦਵਾਨ ਨਾਲ ਪੰਜਾਬੀ ਨਾਵਲ ਦੇ ਮੁੱਢ ਵਿਚ ਕਿੱਸਾ ਕਾਵਿ, ਵਾਰ-ਕਾਵਿ, ਜਨਮ ਸਾਖੀਆਂ ਅਤੇ ਗੁਰੂ ਲਿਬਾਸ ਦਾ ਮੁੱਖ ਯੋਗਦਾਨ ਮਹਿਸੂਸ ਕਰਦੇ ਹਨ। ਪੰਜਾਬੀ ਨਾਵਲ ਦੇ ਮੁੱਢ ਬਾਰੇ ਪ੍ਰਚਲਿਤ ਦੂਜਾ ਸਿਧਾਂਤ ਪੰਜਾਬੀ ਨਾਵਲ ਨੂੰ ਅੰਗਰੇਜ਼ੀ ਸ਼ਾਸਨ ਦੌਰਾਨ ਪੈਦਾ ਹੋਏ ਨਿਜ਼ਾਮ ਅਤੇ ਯੂਰਪੀ ਨਾਵਲ ਦੇ ਪ੍ਰਭਾਵ ਵਿਚ ਪੈਦਾ ਹੋਇਆ ਮੰਨਦਾ ਹੈ। ਇਸ ਕਰਕੇ ਇਸ ਦਾ ਸਿੱਧਾ ਰਿਸ਼ਤਾ ਅੰਗਰੇਜ਼ੀ ਰਾਜ ਪ੍ਰਬੰਧ ਦੇ ਕਾਇਮ ਹੋਣ ਦੇ ਫਲਸਰੂਪ ਪੈਦਾ ਹੋਏ ਸਮਾਜਿਕ ਹਾਲਾਤਾਂ ਨਾਲ ਜੁੜਿਆ ਹੋਇਆ ਦਿਖਾਈ ਦਿੰਦਾ ਹੈ। ਪੰਜਾਬੀ ਦੇ ਮੌਲਿਕ ਨਾਵਲਾਂ ਦੇ ਮੁੱਢ ਅਤੇ ਵਿਕਾਸ ਪ੍ਰਕਿਰਿਆ ਨੂੰ ਪੇਸ਼ ਕੀਤਾ ਗਿਆ ਹੈ। ਭਾਈ ਵੀਰ ਸਿੰਘ, ਭਾਈ ਮੋਹਨ ਸਿੰਘ ਵੈਦ, ਸ. ਚਰਨ ਸਿੰਘ ਸ਼ਹੀਦ ਤੋਂ ਇਲਾਵਾ ਹੋਰ ਵੀ ਅਜਿਹੇ ਨਾਵਲਕਾਰ ਹਨ ਜਿਨ੍ਹਾਂ ਨੇ ਆਪਣੀ ਇਕ-ਦੋ ਰਚਨਾਵਾਂ ਨਾਲ ਪੰਜਾਬੀ ਨਾਵਲ ਦੀ ਪਰੰਪਰਾ ਨੂੰ ਵਿਕਸਿਤ ਕਰਨ ਵਿਚ ਯੋਗਦਾਨ ਪਾਇਆ ਜਿਵੇਂ : ਅਮਰ ਸਿੰਘ ਛਾਪੇਵਾਲਾ, ਪ੍ਰਿੰ. ਨਿਰੰਜਨ ਸਿੰਘ, ਹਕੀਮ ਸੁੰਦਰ ਸਿੰਘ, ਗਿਆਨੀ ਹਜ਼ੂਰਾ ਸਿੰਘ, ਹਰਬਖਸ਼ ਸਿੰਘ।

## 13.4 ਪੰਜਾਬੀ ਨਾਵਲ ਦਾ ਮੁੱਢ :

ਨਿਸ਼ਕਰਸ਼ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਨਾਵਲ ਅਜੋਕੇ ਆਧੁਨਿਕ ਯੁਗ ਦਾ ਪ੍ਰਮੁੱਖ ਰੂਪਾਕਾਰ ਹੈ। ਇਹ ਆਪਣੇ ਵਿਸ਼ਾਲ ਕੈਨਵਸ ਕਰਕੇ ਮਾਨਵੀ ਜੀਵਨ ਨੂੰ ਸਮੱਗ੍ਰਤਾ ਨਾਲ ਪੇਸ਼ ਕਰਦਾ ਹੈ। ਇਹ ਸਾਹਿਤ ਰੂਪ ਆਧੁਨਿਕ ਯੁਗ ਦੇ ਸਾਹਿਤ ਵਿਚ ਇਕ ਵਿਸ਼ੇਸ਼ ਅਤੇ ਸਨਮਾਨਯੋਗ ਥਾਂ ਰੱਖਣੇ ਹਨ ਅਤੇ ਇਸ ਤੋਂ ਬਿਨਾਂ ਆਧੁਨਿਕ ਸਾਹਿਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

## 13.5 ਵਿਅਕਤੀਵਾਦੀ ਆਦਰਸ਼ਵਾਦੀ ਦੌਰ :

ਵਿਅਕਤੀਵਾਦੀ ਆਦਰਸ਼ਵਾਦੀ ਦੌਰ ਦੇ ਪੰਜਾਬੀ ਨਾਵਲ ਵਿਚ ਚਾਰ ਮੁੱਖ ਵੱਖਰਤਾਵਾਂ ਪੇਸ਼ ਹੁੰਦੀਆਂ ਹਨ। ਪਹਿਲੀ ਇਸ ਨਾਵਲ ਦੀ ਰਚਨਾ ਦ੍ਰਿਸ਼ਟੀ ਵਿਚ ਧਾਰਮਿਕ ਮਾਹੌਲ ਅਤੇ ਮਾਰਕਸਵਾਦ ਦੇ ਨਿਭਾਅ ਦੀ ਰਵਾਇਤ ਖ਼ਤਮ ਹੁੰਦੀ ਹੈ। ਦੂਜਾ ਪੰਜਾਬੀ ਨਾਵਲ ਦਾ ਧੁਰਾ ਧਾਰਮਿਕ ਅਤੇ ਸੰਪ੍ਰਦਾਇ ਸੰਦਰਭਾਂ ਦੀ ਥਾਂ ਸਾਡੀਆਂ ਸਮਾਜਿਕ ਸਮੱਸਿਆਵਾਂ ਬਣਦੀਆਂ ਹਨ। ਤੀਜਾ ਅਜਿਹੇ ਨਾਇਕ ਦੀ ਸਿਰਜਣਾ ਹੁੰਦੀ ਹੈ ਜੋ ਅਚਾਨਕ ਵਾਪਰਨ ਵਾਲੀ ਅਣਹੋਣੀ ਨਾ ਮੁਸੀਬਤਾਂ ਵਿਚ ਘਿਰ ਜਾਂਦਾ ਹੈ। ਚੌਥਾਂ ਇਸ ਦੌਰ ਦਾ ਨਾਵਲ ਪਹਿਲੇ ਨਾਵਲ ਵਿਚ ਪ੍ਰਚਲਿਤ ਬਿਰਤਾਂਤਕ ਹਵਾਲਿਆਂ ਦਾ ਤਿਆਗ ਕਰਕੇ ਸਮਕਾਲੀ ਯੁੱਗ ਦੇ ਬਿਰਤਾਂਤਕ ਹਵਾਲਿਆਂ ਦੀ ਵਰਤੋਂ ਕਰਕੇ ਆਪਣੀ ਵੱਖਰੀ ਕਿਸਮ ਦੀ ਨਾਵਲੀ ਕਥਾ ਦੀ ਉਸਾਰੀ ਕਰਦਾ ਹੈ। ਇਸ ਦੌਰ ਵਿਚ ਨਾਨਕ ਸਿੰਘ, ਸੰਤ ਸਿੰਘ ਸੇਖੋਂ, ਸੁਰਿਦਰ ਸਿੰਘ ਨਰੂਲਾ, ਕਰਨਲ ਨਰਿੰਦਰਪਾਲ ਸਿੰਘ, ਜਸਵੰਤ ਸਿੰਘ ਕੰਵਲ, ਗੁਰਚਰਨ ਸਿੰਘ ਆਦਿ ਹਨ।

### 13.6 ਪ੍ਰਗਤੀਵਾਦੀ ਯਥਾਰਥਵਾਦੀ ਦੌਰ ਦੇ ਨਾਵਲ :

ਯਥਾਰਥਵਾਦੀ ਸਾਹਿਤ ਦੀ ਬੁਨਿਆਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਵਿਅਕਤੀ ਤੇ ਸਮਾਜ ਦੇ ਆਪਸੀ ਰਿਸ਼ਤੇ ਦੀਆਂ ਸਾਰੀਆਂ ਸਰਗਰਮੀਆਂ ਨੂੰ ਵਾਸਤਵਿਕ ਚਿੱਤਰ ਪੇਸ਼ ਕਰਨ ਦੇ ਨਜ਼ਰੀਏ ਤੋਂ ਚਿਤਰਿਆ ਜਾਂਦਾ ਹੈ। ਪੰਜਾਬੀ ਸਾਹਿਤ ਵਿਚ ਯਥਾਰਥਵਾਦੀ ਧਾਰਾ ਦੇ ਉਪਜਣ ਅਤੇ ਵਿਰਾਸਤ ਵਿਚ ਪ੍ਰਗਤੀਵਾਦੀ ਸਾਹਿਤ ਧਾਰਾ ਦੀ ਬੁਨਿਆਦੀ ਭੂਮਿਕਾ ਹੈ। ਇਸ ਦੌਰ ਦਾ ਪੰਜਾਬੀ ਨਾਵਲ ਵੀ ਪ੍ਰਗਤੀਵਾਦ/ਯਥਾਰਥਵਾਦ ਨਾਲ ਰਚਨਾਤਮਕ ਅਤੇ ਬਿਰਤਾਂਤਕ ਸਰੋਕਾਰ ਅਤੇ ਸੰਦਰਭ ਰੱਖਦਾ ਹੈ। ਇਹ ਨਾਵਲ ਪ੍ਰਗਤੀਵਾਦੀ ਗਲਪ ਸ਼ੈਲੀ ਦਾ ਪ੍ਰਯੋਗ ਯਥਾਰਥਕ ਕਥਾਨਕ ਉਸਾਰੀ ਅਤੇ ਪਾਤਰਾਂ ਦੀ ਆਪੋ ਆਪਣੇ ਸਭਿਆਚਾਰਕ ਪਿਛੋਕੜ ਵਾਲੀ ਬੋਲੀ ਆਦਿ ਵਰਤੋਂ ਕਰਕੇ ਉਸ ਦੀਆਂ ਪ੍ਰਮੁੱਖ ਬਿਰਤਾਂਤਕ ਖੂਬੀਆਂ ਨੂੰ ਉਸਾਰਦੀ ਹੈ। ਇਸ ਦੌਰ ਵਿਚ ਸੋਹਣ ਸਿੰਘ ਸੀਤਲ, ਕਰਤਾਰ ਸਿੰਘ ਦੁਗੱਲ, ਗੁਰਦਿਆਲ ਸਿੰਘ ਸੇਠੀ, ਸੁਰਬੀਰ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ ਅਤੇ ਇਹਨਾਂ ਤੋਂ ਇਲਾਵਾ ਕੁੱਝ ਅਣਗੋਲੇ ਨਾਵਲਕਾਰ ਵੀ ਆਉਂਦੇ ਹਨ।

### 13.7 ਉਤਰ ਯਥਾਰਥਵਾਦੀ ਦੌਰ :

ਉੱਤਰ ਯਥਾਰਥਵਾਦੀ ਕਾਲ ਦੇ ਨਾਵਲ ਵਿਚ ਦੋ ਮੁੱਖ ਸਿਰਣਾਤਮਕ ਰੁਚੀਆਂ ਪ੍ਰਚਲਿਤ ਹੁੰਦੀਆਂ ਹਨ। ਪਹਿਲੀ ਰੁਚੀ ਮੁਤਾਬਕ ਇਸ ਦੌਰ ਦਾ ਨਾਵਲ ਵਿਸ਼ੇਗਤ ਅਤੇ ਰਚਨਾ-ਦ੍ਰਿਸ਼ਟੀ ਦੀ ਵੰਨ-ਸੁਵੰਨਤਾ ਨੂੰ ਰਚਣ ਦੀ ਕੋਸ਼ਿਸ਼ ਕਰਦਾ ਹੈ। ਇਸ ਦੌਰ ਦੀ ਦੂਜੀ ਰੁਚੀ ਯਥਾਰਥ ਦੀਆਂ ਭ੍ਰਾਂਤੀਆਂ ਨੂੰ ਸਿਮਰਨ ਅਤੇ ਉਹਨਾਂ ਦਾ ਆਦਰਸ਼ ਪ੍ਰੇਰਨਾ ਰਾਹੀਂ ਹੱਥ ਲੱਭਣ ਜਾਂ ਯਥਾਰਥ ਦੇ ਦ੍ਰਿਸ਼ਟਾਂਤ ਚਿਤਰਨ ਕਰਨ ਦੀ ਥਾਂ, ਉਹਨਾਂ ਦੇ ਹਕੀਕੀ ਵਿਰੋਧਾਂ ਦੀ ਤਲਾਸ਼ ਕਰਨਾ ਹੈ। ਇਸ ਦੌਰ ਦਾ ਨਾਵਲ ਵਿਸ਼ਿਆਂ ਦੀ ਵੰਨ-ਸੁਵੰਨਤਾ ਦੇ ਨਾਲ-ਨਾਲ ਰਚਨਾ-ਦ੍ਰਿਸ਼ਟੀ ਦੀ ਵੰਨ-ਸੁਵੰਨਤਾ ਨੂੰ ਧਾਰਨ ਕਰ ਲੈਂਦਾ ਹੈ। ਉਤਰ-ਯਥਾਰਥਵਾਦੀ ਦੌਰ ਦਾ ਪੰਜਾਬੀ ਨਾਵਲ ਬਿਰਤਾਂਤਕ ਜੁਗਤਾਂ ਦੇ ਲਿਹਾਜ਼ ਨਾਲ ਵੀ ਪੂਰੀ ਤਰ੍ਹਾਂ ਵੱਖਰਤਾ ਕਾਇਮ ਕਰਦਾ ਦੇਖਿਆ ਜਾ ਸਕਦਾ ਹੈ। ਇਸ ਦੌਰ ਦੇ ਪ੍ਰਮੁੱਖ ਨਾਵਲਕਾਰ ਇੰਦਰ ਸਿੰਘ ਖਾਮੋਸ਼, ਮਿੱਤਰ ਸੈਨ ਮੀਤ, ਗੁਰਮੁੱਖ ਸਿੰਘ ਸਹਿਰਾਲ, ਬਲਦੇਵ ਸਿੰਘ, ਜੋਗਿੰਦਰ ਸਿੰਘ ਕੈਰੋਂ, ਹਰਭਜਨ ਸਿੰਘ, ਬਲਵੰਤ ਸਿੰਘ ਆਦਿ ਹਨ।

### 13.8 ਪਰਵਾਸੀ ਪੰਜਾਬੀ ਨਾਵਲ :

20ਵੀਂ ਸਦੀ ਦੇ ਪੰਜਵੇਂ ਦਹਾਕੇ ਤੋਂ ਬਾਅਦ ਪੰਜਾਬੀਆਂ ਦਾ ਵੱਡੇ ਪੱਧਰ ਤੇ ਹੋਇਆ ਪਰਵਾਸ ਇਕ ਪਾਸੇ ਤਾਂ ਇਤਿਹਾਸਕ ਤੌਰ ਤੇ ਸਥਿਤੀਆਂ ਵਿਚ ਹੋਈ ਤਬਦੀਲੀ ਦੇ ਰੂਪ ਵਿਚ ਮਹੱਤਵ ਗ੍ਰਹਿਣ ਕਰ ਲੈਂਦਾ ਹੈ ਅਤੇ ਦੂਸਰੇ ਪਾਸੇ ਅਜੋਕੀ ਪੰਜਾਬੀ ਸਿਰਜਣਾਤਮਕਤਾ ਦੀ ਸਥਿਤੀ ਨੂੰ ਸਮਝਣ ਲਈ ਵਿਸ਼ੇਸ਼ ਸਾਰਥਿਕਤਾ ਰੱਖਦਾ ਹੈ। ਇਸ ਕਰਕੇ ਇਹਨਾਂ ਨਾਵਲਾਂ ਵਿਚ ਪੰਜਾਬੀ ਮਨੁੱਖ ਅਤੇ ਸਭਿਆਚਾਰ ਦੀ ਓਪਰੇ ਸਮਾਜ ਵਿਚਲੀ ਸਥਿਤੀ ਨੂੰ ਬੜੀ ਗੰਭੀਰਤਾ ਤੇ ਜਟਿਲਤਾ ਨਾਲ ਪੇਸ਼ ਕੀਤਾ ਗਿਆ ਹੈ। ਮੁੱਢਲੇ ਪਰਵਾਸੀ ਪੰਜਾਬੀ ਨਾਵਲ ਵਿਚ ਸੱਤਈ ਦ੍ਰਿਸ਼ਾਂ ਦੇ ਚਿਤਰਨ ਦੇ ਨਾਲ-ਨਾਲ ਕੁੱਝ ਨਾਵਲਕਾਰਾਂ ਦੇ ਨਾਵਲ ਗੰਭੀਰ ਸੁਭਾਓ ਦਾ ਨਾਵਲੀ-ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਵੀ ਕਰਦੇ ਹਨ। ਇਸ ਦੌਰ ਦੇ ਪ੍ਰਮੁੱਖ ਨਾਵਲਕਾਰ ਕੈਲਾਸ਼ਪੁਰੀ, ਰਘਬੀਰ ਢੰਡ, ਦਰਸ਼ਨ ਸਿੰਘ ਧੀਰ, ਸਵਰਨ ਚੰਦਨ, ਸੁਸ਼ੀਲ ਕੌਰ, ਹਰਜੀਤ ਅਟਵਾਲ, ਨਦੀਮ ਪਰਮਾਰ ਆਦਿ ਹਨ।

### 13.9 ਪਾਕਿਸਤਾਨੀ ਪੰਜਾਬ ਦਾ ਪੰਜਾਬੀ ਨਾਵਲ :

1947 ਦੌਰਾਨ ਪਾਕਿਸਤਾਨੀ ਲੇਖਕਾਂ ਲਈ ਨਵੇਂ ਅਤੇ ਆਜ਼ਾਦ ਮੁਲਕ ਨੂੰ ਕਾਇਮ ਕਰਨ ਵਾਲਾ ਹੈ ਅਤੇ ਇਹ ਅਜਿਹੇ ਕੌਮੀ ਦੁਖਾਂਤ ਦਾ ਮੰਜਰ ਪੇਸ਼ ਕਰਦਾ ਹੈ ਜਿਸ ਵਿਚ ਸਦੀਆਂ ਦੀ ਪੁਰਾਣੀ ਸਾਂਝ ਤੇ ਭਾਈਚਾਰਾ ਖਿੰਡਰ-ਪਿੰਡਰ ਜਾਂਦਾ ਹੈ। ਪਾਕਿਸਤਾਨੀ ਪੰਜਾਬੀ ਨਾਵਲ ਦੀ ਵਿਲੱਖਣਤਾ ਇਸਦੇ ਵਿਸ਼ੇਸ਼ ਬਿਰਤਾਂਤ ਸਿਰਜਣ

ਵਿਧੀ ਵਿਚ ਹੈ। ਇਸ ਕਰਕੇ ਇਹਨਾਂ ਨਾਵਲਾਂ ਵਿਚ ਪ੍ਰਤੀਕਾਤਮਕ ਵਿਧੀ ਦਾ ਪ੍ਰਯੋਗ ਜ਼ਿਆਦਾ ਹੋਇਆ ਹੈ। ਪਾਕਿਸਤਾਨੀ ਪੰਜਾਬ ਦੇ ਪੰਜਾਬੀ ਨਾਵਲ ਦੇ ਵਿਕਾਸ ਨੂੰ ਅਸੀਂ ਵਿਭਿੰਨ ਨਾਵਲਕਾਰਾਂ ਦੁਆਰਾ ਪਾਏ ਯੋਗਦਾਨ ਆਸਾਨੀ ਨਾਲ ਵੇਖ ਸਕਦੇ ਹਾਂ। ਇਹਨਾਂ ਨਾਵਲਕਾਰਾਂ ਦੁਆਰਾ ਕੀਤੇ ਭਿੰਨ-ਭਿੰਨ ਨਾਵਲੀ ਤਜ਼ਰਬਿਆਂ ਤੇ ਵਰਤੀਆਂ ਗਈਆਂ ਵੱਖ-ਵੱਖ ਬਿਰਤਾਂਤਕ ਵਿਧੀਆਂ ਨਾਲ ਪੰਜਾਬੀ ਨਾਵਲ ਵਿਚ ਇਕ ਅਧਿਆਇ ਜੁੜਦਾ ਪ੍ਰਤੀਤ ਹੁੰਦਾ ਹੈ। ਇਸ ਦੌਰ ਵਿਚ ਅਫ਼ਜਲ ਅਹਿਸਨ ਰੰਧਾਵਾ, ਫਖ਼ਰ ਜੁਮਾਨ, ਸਲੀਮ ਖਾਨ ਗਿੰਮੀ, ਅਹਿਸਾਨ ਬਟਾਲਵੀ, ਕਹਿਕਸ਼ਾ ਮਲਿਕ, ਰਜ਼ੀਆ ਨੂਰ ਮੁਹੰਮਦ ਆਦਿ ਹਨ। ਪੰਜਾਬੀ ਨਾਵਲ 19ਵੀਂ ਸਦੀ ਦੇ ਪਿਛਲੇ ਦਹਾਕਿਆਂ ਵਿਚ ਪੈਦਾ ਹੋਇਆ। ਭਾਈ ਵੀਰ ਸਿੰਘ ਦੇ 'ਸੁੰਦਰੀ' ਨਾਵਲ ਤੋਂ ਮੁੱਢ ਬੱਝਾ। ਸੁਰਿੰਦਰ ਸਿੰਘ ਨੇ ਭਾਈ ਵੀਰ ਸਿੰਘ ਨੂੰ ਪਹਿਲਾ ਨਾਵਲਕਾਰ ਮੰਨਿਆ ਹੈ। ਪ੍ਰੋ: ਕਿਰਪਾਲ ਸਿੰਘ ਕਸੇਲ ਅਤੇ ਡਾ. ਪਰਮਿੰਦਰ ਸਿੰਘ ਨੇ ਪੰਜਾਬੀ ਨਾਵਲ ਨੂੰ ਮਹਾਂ-ਕਾਵਿ ਦਾ ਉਤਰਾਧਿਕਾਰੀ ਮੰਨਿਆ ਹੈ। ਨਾਵਲ ਆਧੁਨਿਕ ਪੰਜਾਬੀ ਸਾਹਿਤ ਦਾ ਰੂਪਾਕਾਰ ਹੈ। ਡਾ: ਸੁਰਿੰਦਰ ਸਿੰਘ ਕੋਹਲੀ ਦੀ ਪੁਸਤਕ ਪੰਜਾਬੀ ਸਾਹਿਤ ਦਾ ਇਤਹਿਾਸ ਵਿਚ ਨਵੀਨ ਸਾਹਿਤ ਵਾਲੇ ਪੰਜਾਬੀ ਨਾਵਲ ਦੀ ਚਰਚਾ ਕੀਤੀ ਗਈ ਹੈ। ਜੀਤ ਸਿੰਘ ਸ਼ੀਤਲ ਨੇ ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ (ਆਦਿ ਕਾਲ ਤੋਂ 1979) ਤੱਕ ਵਿਚ ਪੰਜਾਬੀ ਨਾਵਲ ਦੇ ਮੁੱਢ ਬਾਰੇ ਚਰਚਾ ਕਰਦੇ ਹੋਏ ਇਸਨੂੰ ਬੰਗਾਲੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਨਾਵਲ ਤੋਂ ਪ੍ਰਭਾਵਿਤ ਮੰਨਿਆ।

### 13.10 ਪੰਜਾਬੀ ਨਾਵਲ ਦੀਆਂ ਪ੍ਰਵਿਰਤੀਆਂ :

ਪ੍ਰਵਿਰਤੀ ਮੂਲਕ ਵੰਡ ਸੰਬੰਧੀ ਪੂਰਨ ਪ੍ਰਚਲਿਤ ਸਾਹਿਤ ਇਤਿਹਾਸਕਾਰਾਂ ਤੇ ਵਿਦਵਾਨਾਂ ਦੁਆਰਾ ਪੰਜਾਬੀ ਨਾਵਲ ਬਾਰੇ ਵਿਚਾਰ ਚਰਚਾ ਕੀਤੀ ਗਈ। ਜਿਵੇਂ :

- ਯਥਰਥਵਾਦੀ ਪ੍ਰਵਿਰਤੀ ਸੰਤ ਸਿੰਘ ਸੇਖੋਂ (ਲਹੁ ਮਿੱਟੀ), ਮਹਿੰਦਰ ਸਿੰਘ (ਕੰਵਰ ਦੀ ਪਤਝੜ) ਕਰਤਾਰ ਸਿੰਘ ਦੁਗੱਲ (ਆਂਦਰਾਂ)।
- 'ਮਨੋਵਿਗਿਆਨਕ ਪ੍ਰਵਿਰਤੀ' ਮਹਿੰਦਰਪਾਲ ਸਿੰਘ (ਪੁਨਿਆ ਕੀ ਮਸਿਆ) ਦਲੀਪ ਕੌਰ ਟਿਵਣਾ (ਪੀਲੇ ਪਤਿਆ ਦੀ ਦਾਸਤਾਨ)।
- ਧਾਰਮਿਕ ਇਤਿਹਾਸ ਪ੍ਰਵਿਰਤੀ ਭਾਈ ਵੀਰ ਸਿੰਘ (ਸੁੰਦਰੀ), ਬਿਜੇ ਸਿੰਘ, ਸਤਵੰਤ ਕੌਰ, ਭਾਈ ਮੋਹਨ ਸਿੰਘ ਵੈਦ (ਇੱਕ ਸਿੱਖ ਘਰਾਣਾ, ਸ਼੍ਰੇਸ਼ਟ ਕੁਲਾ ਦੀ ਚਾਲ, ਵਕੀਲ ਦੀ ਕਿਸਮਤ)।
- 'ਐਬਸਰਡਟੀ' ਅਤੇ 'ਫਰਾਇਡਵਾਦ' ਦੀ ਪ੍ਰਵਿਰਤੀ ਸੁਰਜੀਤ ਸਿੰਘ ਸੇਠੀ (ਇਕ ਸ਼ਹਿਰ ਦੀ ਗੱਲ, ਕੱਲ੍ਹ ਵੀ ਸੂਰਜ ਨਹੀਂ ਚੜੇਗਾ)।

ਨਾਵਲ ਗੱਦ ਵਿਚ ਲਿਖੀ ਹੋਈ ਬਹੁਤ ਲੰਬੀ ਕਹਾਣੀ ਹੈ। ਜਿਸ ਵਿਚ ਵੱਧ ਜਾਂ ਘਟ ਕਥਾਨਕ ਰਾਹੀਂ ਅਤੀਤ ਜਾਂ ਵਰਤਮਾਨ ਦੇ ਵਾਸਤਵਿਕ ਜੀਵਨ ਦੇ ਪ੍ਰਤੀਨਿਧ ਪਾਤਰ ਦੇ ਕਾਰਜ ਪੇਸ਼ ਕੀਤੇ ਜਾਂਦੇ ਹਨ। ਅਸੀਂ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਨਾਵਲ ਇਕ ਲੰਬੀ ਅਤੇ ਗਲਪ ਮਈ ਰਚਨਾ ਹੈ ਜਿਸ ਵਿਚ ਵਿਆਪਕ ਜੀਵਨ ਦਾ ਵਿਸ਼ਲੇਸ਼ਣ, ਪਾਤਰਾਂ, ਕਹਾਣੀ, ਵਾਰਤਲਾਪ, ਘਟਨਾਵਾਂ ਅਤੇ ਭਾਸ਼ਾ ਦੁਆਰਾ ਕਈ ਨਾਵਲਕਾਰ ਇਕ ਵਿਲੱਖਣ ਦ੍ਰਿਸ਼ਟੀਕੋਣ ਤੇ ਅਜਨਬੀ ਢੰਗ ਨਾਲ ਇਸ ਤਰ੍ਹਾਂ ਕਰਦਾ ਹੈ ਕਿ ਗਲਪੀ ਸੰਸਾਰ ਸੱਚ-ਮੁੱਚ ਸੰਸਾਰ ਨਾ ਹੁੰਦਾ ਹੋਇਆ ਵੀ ਸੱਚਾ ਪ੍ਰਤੀਤ ਹੁੰਦਾ ਹੈ। ਨਾਵਲ ਇਕ ਅਜਿਹੀ ਰਚਨਾ ਹੈ ਜਿਸ ਵਿਚ ਜੀਵਨ ਦੇ ਵਾਸਤਵਿਕ ਪੱਖਾਂ ਨੂੰ ਕਾਲਪਨਿਕ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ ਅਤੇ ਕਲਪਨਾ ਨੂੰ ਨਾਵਲਕਾਰ ਦੀ ਜੀਵਨੀ ਦੀ ਵਾਸਤਵਿਕਤਾ ਬਣਾ ਕੇ ਪੇਸ਼ ਕਰਦਾ ਹੈ।

1. **ਧਾਰਮਿਕ ਪ੍ਰਚਾਰ ਦੀ ਪ੍ਰਵਿਰਤੀ /ਇਤਿਹਾਸਕ ਮੁੱਖ ਧਾਰਮਿਕ ਪ੍ਰਵਿਰਤੀ :** ਇਤਿਹਾਸਕ ਗਲਪਕਾਰ ਦੀ ਸਫ਼ਲਤਾ ਦਾ ਅਸਲੀ ਰਾਜ ਉਸਦੀ ਆਪਣੀ ਰਚਨਾ ਵਿਚ ਢੁੱਕਵਾਂ ਇਤਿਹਾਸਕ ਵਾਤਾਵਰਨ ਪੇਸ਼ ਕਰਨ ਵਿਚ ਹੈ। ਇਸ ਪ੍ਰਵਿਰਤੀ ਦੇ ਅਧੀਨ ਭਾਈ ਵੀਰ ਸਿੰਘ ਦੀ ਸੁੰਦਰੀ, ਵਿਜੈ ਸਿੰਘ, ਸਤਵੰਤ ਕੌਰ ਅਤੇ ਬਾਬਾ ਨੌਧ ਸਿੰਘ ਨਾਵਲ ਲਿਖ ਕੇ ਨਾਵਲ ਪਰੰਪਰਾ ਨੂੰ ਆਪਣੇ ਰੂਪ ਵਿਚ ਵਿਕਸਿਤ ਰੂਪ ਦਿੱਤਾ। ਭਾਈ ਵੀਰ ਸਿੰਘ ਨੇ ਧਾਰਮਿਕ ਅੰਸ਼ ਲੈ ਕੇ ਵੀ ਇਤਿਹਾਸ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ। ਚਰਨ ਸਿੰਘ ਸ਼ਹੀਦ ਅਤੇ ਮਾਸਟਰ ਤਾਰਾ ਸਿੰਘ, ਗਿਆਨੀ ਗਿਆਨ ਸਿੰਘ ਨੇ ਇਸੇ ਪ੍ਰਵਿਰਤੀ ਅਧੀਨ ਨਾਵਲ ਲਿਖੇ। ਇਸ ਪ੍ਰਵਿਰਤੀ ਅਧੀਨ ਲਿਖੇ ਨਾਵਲਾਂ ਦਾ ਮੁੱਖ ਮੰਤਵ ਸਿੱਖ ਮਨਾਂ ਵਿਚ ਆਈ ਗਿਰਾਵਟ, ਭੇਖਾਂ ਅਤੇ ਪਾਖੰਡਾਂ ਦਾ ਖੰਡਨ ਕਰਨਾ, ਸਿੱਖ ਜਗਤ ਦੇ ਮਨ ਨੂੰ ਹਲੂਣਾ ਦੇਣਾ, ਸਿੱਖਾਂ ਦੀ ਖੋਈ ਹੋਈ ਮਰਿਆਦਾ ਨੂੰ ਪੁਨਰ ਸੁਰਜੀਤ ਕਰਨਾ। ਇਹਨਾਂ ਨਾਵਲਕਾਰਾਂ ਨੇ ਉਸ ਸਮੇਂ ਦੀਆਂ ਸਮਾਜਿਕ ਸਮੱਸਿਆਵਾਂ ਨੂੰ ਵੀ ਆਪਣੀਆਂ ਰਚਨਾਵਾਂ ਲਈ ਕੇਂਦਰੀ ਬਿੰਦੂ ਬਣਾਇਆ।

2. **ਮਨਵਵਾਦੀ ਪ੍ਰਵਿਰਤੀ :** ਦੇਸ਼ ਵੰਡ ਮਗਰੋਂ ਜਿਨ੍ਹਾਂ ਰਾਜਾਂ (States) ਉੱਤੇ ਵਧੇਰੇ ਪ੍ਰਭਾਵ ਪਿਆ। ਉਹਨਾਂ ਦੇ ਦਰਦਨਾਕ ਸਿੱਟਿਆਂ ਤੇ ਵੀ ਬਹੁਤ ਸਾਹਿਤ ਰਚਿਆ ਗਿਆ। ਵੰਡ ਦੇ ਦੌਰਾਨ ਉਪਜੀ ਇਸ ਪ੍ਰਵਿਰਤੀ ਦੇ ਅਧੀਨ ਨਾਨਕ ਸਿੰਘ ਨੇ 'ਅੱਗ ਦੀ ਖੇਡ', 'ਖੁਨ ਦੇ 'ਸੋਹਲੇ', 'ਆਦਮ ਖੋਰ', 'ਇਨਸਾਨ ਦਾ ਕਤਲ', 'ਗਰੀਬ ਦੀ ਦੁਨੀਆਂ' ਆਦਿ ਰਚਨਾਵਾਂ ਰਚੀਆਂ। ਸੁਰਿੰਦਰ ਸਿੰਘ ਨਰੂਲਾ, ਕਰਤਾਰ ਸਿੰਘ ਦੁਗੱਲ, ਮੋਹਨ ਸਿੰਘ ਸ਼ੀਤਲ, ਨਰਿੰਦਰਪਾਲ ਸਿੰਘ ਇਸ ਪ੍ਰਵਿਰਤੀ ਦੇ ਲਖਾਇਕ ਹਨ।

3. **ਸੁਧਾਰਵਾਦੀ ਪ੍ਰਵਿਰਤੀ :** ਪੰਜਾਬੀ ਨਾਵਲ ਵਿਚ ਸੁਧਾਰਵਾਦੀ ਪ੍ਰਵਿਰਤੀ ਤੇ ਪੰਜਾਬੀ ਨਾਲ ਹੀ ਪੈਦਾ ਹੋਈ ਹੈ। 'ਜਯੋਤ੍ਰ ਉਦੇ ਨਾਵਲ ਭਾਵੇ ਇਕ ਅਨੁਵਾਦਿਤ ਨਾਵਲ ਹੈ ਪਰ ਇਸ ਦੀ ਸੁਧਾਰਵਾਦੀ ਰੁਚੀ ਨੇ ਇਸ ਮੁਢੱਲੇ ਨਾਵਲ ਨੂੰ ਪਹਿਲਾ ਸਮਾਜ ਸੁਧਾਰਕ ਨਾਵਲ ਮੰਨਿਆ ਹੈ। ਇਸ ਵਿਚ ਵਧੇਰੇ ਕਲਾ ਪੂਰਨ ਢੰਗ ਨਾਲ ਭਾਰਤੀ ਸਮਾਜ ਦੀਆਂ ਕੁਰੀਤੀਆਂ ਦਾ ਭਰਪੂਰ ਖੰਡਨ ਕੀਤਾ ਹੈ। ਮੋਹਨ ਸਿੰਘ ਵੈਦ ਜਿਸ ਨੂੰ ਪੰਜਾਬੀ ਦਾ ਪਹਿਲਾ ਸੁਧਾਰਵਾਦੀ ਨਾਵਲਕਾਰ ਕਿਹਾ ਜਾ ਸਕਦਾ ਹੈ। ਉਸ ਨੇ ਸੁਖਦੇਵ ਕੌਰ, ਸੁਸ਼ੀਲ ਵਿਧਵਾ, ਦੰਪਤੀ ਪਿਆਰ ਇਸ ਪ੍ਰਵਿਰਤੀ ਅਧੀਨ ਨਾਵਲ ਲਿਖੇ ਹਨ।

4. **ਯਥਾਰਥਵਾਦੀ ਪ੍ਰਵਿਰਤੀ :** ਯਥਰਥਵਾਦੀ ਪ੍ਰਵਿਰਤੀ ਦਾ ਮੁੱਖ ਉਦੇਸ਼ ਸਾਹਿਤਕ ਰਚਨਾ ਵਿਚ ਮਨੁੱਖੀ ਜੀਵਨ ਵਿਚ ਵਾਪਰ ਰਹੀ ਅਸਲ ਸੱਚਾਈ ਨੂੰ ਪੇਸ਼ ਕਰਨਾ ਹੈ। ਇਸ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਲੇਖਕਾਂ ਨੇ ਪਿੰਡਾਂ ਦੀ ਅਸਲ ਝਲਕ ਨੂੰ ਪੇਸ਼ ਕਰਨ ਦਾ ਬਹੁਤ ਵਧੀਆ ਉਪਰਾਲਾ ਕੀਤਾ ਹੈ। ਯਥਾਰਥਵਾਦੀ ਨਾਵਲਾਂ ਵਿਚ ਲੇਖਕਾਂ ਨੇ ਉਸੇ ਸੱਚਾਈ ਨੂੰ ਬਿਆਨ ਕੀਤਾ ਹੈ ਜਿਸ ਨੂੰ ਆਮ ਇਨਸਾਨ ਆਪਣੀ ਜ਼ਿੰਦਗੀ ਵਿਚ ਵੇਖਦਾ, ਸੁਣਦਾ ਅਤੇ ਸਹਿੰਦਾ ਹੈ। ਨਾਨਕ ਸਿੰਘ, ਸੁਰਿੰਦਰ ਸਿੰਘ ਨਰੂਲਾ, ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਕੇਸਰ ਸਿੰਘ ਆਦਿ ਨੂੰ ਇਸੇ ਪ੍ਰਵਿਰਤੀ ਦੇ ਲੇਖਕਾਂ ਵਿਚ ਗਿਣਿਆ ਜਾ ਸਕਦਾ ਹੈ।

5. **ਪ੍ਰਗਤੀਵਾਦੀ ਪ੍ਰਵਿਰਤੀ :** ਪ੍ਰਗਤੀਵਾਦ ਅਜਿਹੇ ਸਾਹਿਤ ਦੀ ਮੰਗ ਕਰਦਾ ਹੈ। ਜੋ ਸਮਾਜ ਦੀਆਂ ਵਿਕਾਸਸ਼ੀਲ ਸ਼ਕਤੀਆਂ ਦਾ ਸਾਥ ਦੇਵੇ। ਪ੍ਰਗਤੀਵਾਦੀ ਸਾਹਿਤ ਨੇ ਨਿਜਵਾਦ, ਅਧਿਆਤਮਕ ਵਾਦ, ਸੁਧਾਰਵਾਦ, ਆਦਰਸ਼ਵਾਦ ਦਾ ਵਿਰੋਧ ਕੀਤਾ ਹੈ।ਮਾਰਕਸਵਾਦ ਦੇ ਆਰਥਿਕ ਕਹਾਣੀ ਵੰਡ ਦੇ ਨਜ਼ਰੀਏ ਨੇ ਸਾਹਿਤਕਾਰਾਂ ਨੂੰ ਪ੍ਰਗਤੀਵਾਦੀ ਨਾਵਲ ਲਿਖਣ ਲਈ ਉਤਸ਼ਾਹਿਤ ਕੀਤਾ। ਨਾਨਕ ਸਿੰਘ, ਜਸਵੰਤ ਸਿੰਘ

ਕਵੰਲ, ਕਰਤਾਰ ਸਿੰਘ ਦੁਗੱਲ ਆਦਿ ਲੇਖਕਾਂ ਦੇ ਨਾਵਲ ਵਿਚ ਇਹ ਪ੍ਰਵਿਰਤੀ ਮਿਲਦੀ ਹੈ।

6. **ਮਨੋਵਿਗਿਆਨਕ ਪ੍ਰਵਿਰਤੀ :** ਮਨੋਵਿਗਿਆਨਕ ਵਿਸ਼ੇ ਦੇ ਮਨ ਨਾਲ ਸੰਬੰਧਿਤ ਉਸ ਵਿਗਿਆਨ ਦਾ ਨਾਂ ਹੈ ਜਿਸ ਵਿਚ ਕਿਸੇ ਵਿਅਕਤੀ ਦੀ ਮਾਨਸਿਕ ਸਥਿਤੀ ਵਿਚ ਆਏ ਉਤਾਰ ਚੜ੍ਹਾਅ ਦਾ ਅਧਿਐਨ ਕੀਤਾ ਜਾਂਦਾ ਹੈ। ਮਨੋਵਿਗਿਅਨ ਆਧੁਨਿਕ ਸਮੇਂ ਦੀ ਦੇਣ ਹੈ। ਪਛੱਮੀ ਮਨੋਵਿਗਿਆਨਿਕ ਨਾਵਲ ਅਤੇ 'ਫਰਾਇਡ' ਦੇ ਅਸਰ ਅਧੀਨ ਮਨੋਵਿਗਿਆਨਿਕ ਪ੍ਰਵਿਰਤੀ ਵਾਲੇ ਨਾਵਲ ਲਿਖੇ ਜਾਣੇ ਆਰੰਭ ਹੋਏ। ਗੁਰਬਖ਼ਸ਼ ਸਿੰਘ ਨੇ 'ਅਨਵਿਆਹੀ ਮਾਂ' ਅਤੇ ਨਾਨਕ ਸਿੰਘ ਨੇ 'ਪਵਿੱਤਰ ਪਾਪੀ' ਨਾਵਲ ਇਸੇ ਪ੍ਰਵਿਰਤੀ ਅਧੀਨ ਲਿਖੇ ਹਨ।

7. **ਪ੍ਰਯੋਗਵਾਦੀ ਪ੍ਰਵਿਰਤੀ :** ਇਸ ਪ੍ਰਵਿਰਤੀ ਦੇ ਅਧੀਨ ਇਕ ਨਵੇਂ ਸਿਧਾਂਤ ਦੀ ਸਥਾਪਤੀ ਲਈ ਕੀਤੇ ਗਏ ਯਤਨਾਂ ਦਾ ਗਲਪੀ ਰੂਪ ਪ੍ਰਯੋਗਵਾਦੀ ਨਾਵਲ ਹੈ। ਇਸ ਤਰ੍ਹਾਂ ਦੇ ਨਾਵਲੀ ਰਚਨਾਵਾਂ ਵਿਚ ਸਾਨੂੰ ਕੇਵਲ ਪ੍ਰਯੋਗ ਦੇ ਨਜ਼ਰੀਏ ਤੋਂ ਹੀ ਨਵਾਂ ਪਨ ਨਹੀਂ ਮਿਲਦਾ ਸਗੋਂ ਇਸ ਪ੍ਰਕਾਰ ਦੀਆਂ ਰਚਨਾਵਾਂ ਵਿਚ ਇਕ ਵਿਦਰੋਹਮਈ ਸੁਰ ਦੇ ਦਰਸ਼ਨ ਹੁੰਦੇ ਹਨ। 1960 ਤੋਂ ਬਾਅਦ ਪ੍ਰਯੋਗਵਾਦੀ ਪ੍ਰਵਿਰਤੀ ਅਧੀਨ ਦੇਵਿੰਦਰ ਸਿੰਘ ਦਾ ਨਾਵਲ 'ਪੁੰਨਿਆ ਕਿ ਮੱਸਿਆ' ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ।

8. **ਆਂਚਲਿਕਤਾ ਦੀ ਪ੍ਰਵਿਰਤੀ :** ਪੰਜਾਬੀ ਵਿਚ ਇਨ੍ਹਾਂ ਨਾਵਲਾਂ ਦੇ ਲਿਖਣ ਦੀ ਸ਼ੁਰੂਆਤ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਅਤੇ ਮੋਹਨ ਸਿੰਘ ਕਾਹਲੋਂ ਦਾ 'ਬੇੜ੍ਹੀ ਦਾ ਬਰੇਤਾ' ਨਾਵਲਾਂ ਨਾਲ ਹੋਈ। ਵਸਤੂ ਪੱਖੋਂ ਕਿਸੇ ਉਸ ਖਾਸ ਇਲਾਕੇ ਦੀ ਸੰਸਕ੍ਰਿਤੀ ਅਤੇ ਸਭਿਆਚਾਰ ਪੱਖ ਨੂੰ ਇਕ ਸੰਜੀਵ ਰੂਪ ਵਿਚ ਪੇਸ਼ ਕਰਨ ਦੀ ਕਲਾ ਕੇਵਲ ਆਂਚਲਿਕਤਾ ਦੀ ਪ੍ਰਵਿਰਤੀ ਵਿਚ ਹੀ ਵੇਖੀ ਜਾ ਸਕਦੀ ਹੈ। ਅਜੋਕੇ ਯੁਗ ਦਾ ਹਰਮਨ ਪਿਆਰਾ ਹੋ ਰਿਹਾ ਆਚਲਿਕ ਨਾਵਲ ਨੂੰ ਪ੍ਰਮੁੱਖ ਮੰਨਿਆ ਜਾ ਸਕਦਾ ਹੈ। ਇਸ ਨਾਵਲ ਵਿਧੀ ਦੁਆਰਾ ਵਰਤਮਾਨ ਹਿੰਦੁਸਤਾਨ ਆਪਣੇ ਸੰਸਕ੍ਰਿਤੀ ਅਤੇ ਸਭਿਆਚਾਰਕ ਪੱਖਾਂ ਪ੍ਰਤੀ ਜਾਗਰੁਕ ਹੁੰਦਾ ਦਿਖਾਈ ਦਿੰਦਾ ਹੈ।

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਨਾਵਲ ਵਿਚ ਸਮੇਂ-ਸਮੇਂ ਸਿਰ ਕਈ ਪ੍ਰਵਿਰਤੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਪੰਜਾਬੀ ਨਾਵਲਕਾਰਾਂ ਨੇ ਨਵੀਂ ਤਕਨੀਕਾਂ ਰਾਹੀਂ ਪੰਜਾਬੀ ਨਾਵਲ ਖੇਤਰ ਵਿਚ ਵਡਮੁੱਲਾ ਹਿੱਸਾ ਪਾਇਆ ਹੈ। ਪ੍ਰਵਿਰਤੀਆਂ ਦ੍ਰਿਸ਼ਟੀ ਤੋਂ ਇਸ ਨੇ ਸਮਕਾਲੀ ਵਿਸ਼ਵ ਦੇ ਨਾਵਲ ਨਾਲ ਤੁਰਨ ਦਾ ਯਤਨ ਕੀਤਾ ਹੈ।

## 13.5 Glossary (ਔਖੇ ਸ਼ਬਦਾਂ ਦੇ ਅਰਥ)

- ਵਿਸ਼ਾਲਤਾ – ਵੱਡਾ
- ਯਥਾਰਥ – ਸੱਚ
- ਸਮਰੱਥਾ – ਸੰਪੂਰਨਤਾ

## 13.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

- ਨਾਵਲ ਦੀ ਪਰਿਭਾਸ਼ਾ ਦਿਉ।
- ਕੋਈ ਚਾਰ ਨਾਵਲਕਾਰੀ ਦੇ ਨਾਂ ਦੱਸੋ।
- ਪੰਜਾਬੀ ਨਾਵਲ ਦਾ ਮੁੱਢ ਕਿਹੜੀ ਸਦੀ ਵਿਚ ਬਝਿਆ।

## 13.7 Lesson End Exercise, Examination Oriented Questions

**(ਅਭਿਆਸ ਅਰਥ ਪ੍ਰਸ਼ਨ)**

## 13.8 Suggested Reading ( ਸਹਾਇਕ ਪੁਸਤਕ ਸੂਚੀ)


1. ਰਚਨ ਸਿੰਘ ਜੱਗੀ, ਸਾਹਿਤ ਦੇ ਰੂਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨਿਵਰਸਿਟੀ ਪਟਿਆਲਾ।
2. ਰੋਸ਼ਨ ਲਾਲ ਆਹੂਜਾ, ਸਾਹਿਤ ਸ਼ਾਸਤਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ।
3. ਡਾ. ਜਸਵਿੰਦਰ ਸਿੰਘ/ਡਾ. ਮਾਨ ਸਿੰਘ, ਢੀਂਡਸਾ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ।

# ਕਹਾਣੀ

**Structure :**

14.1 Objective (ਉਦੇਸ਼)

14.2 Introduction (ਜਾਣ-ਪਛਾਣ)

14.3 Content Section (ਵਿਸ਼ਾ ਪੱਖ)

14.4 Summary (ਨਿਸ਼ਕਰਸ਼)

14.5 Glossary (ਔਖੇ ਸ਼ਬਦਾਂ ਦੇ ਅਰਥ)

14.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

14.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

14.8 Suggested Reading ( ਸਹਾਇਕ ਪੁਸਤਕ ਸੂਚੀ)

## 14.1 Objective (ਉਦੇਸ਼)

ਕਹਾਣੀ ਆਧੁਨਿਕ ਸਾਹਿਤ ਦੀ ਪ੍ਰਮੁੱਖ ਵਿਧਾ ਹੈ। ਇਸ ਤੋਂ ਬਿਨਾਂ ਆਧੁਨਿਕ ਸਾਹਿਤਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਕਹਾਣੀ ਦੇ ਸੰਦਰਭ ਬਾਰੇ ਜਾਣਕਾਰੀ ਦੇਣਾ ਹੈ।

## 14.2 Introduction (ਜਾਣ-ਪਛਾਣ)

ਕਹਾਣੀ ਕਹਿਣਾ ਅਤੇ ਸੁਣਨਾ ਮਨੁੱਖ ਦੀ ਆਦਿ ਕਾਲ ਬਿਰਤੀ ਹੈ। ਇਸ ਲਈ ਕਹਾਣੀ ਕਹਾਣੀ ਦਾ ਆਰੰਭ ਮਨੁੱਖ ਦੀ ਚੇਤਨਾ ਦੇ ਜਨਮ ਤੋਂ ਹੀ ਮੰਨਿਆ ਜਾਂਦਾ ਹੈ। ਸਾਡੀ ਲੋਕ ਪਰੰਪਰਾ ਚਿ ਕਹਾਣੀ ਕਹਿਣ ਦੀ ਰੀਤ ਉਦੋਂ ਤੋਂ ਹੀ ਚਲਦੀ ਆ ਰਹੀ ਹੈ, ਜਦੋਂ ਮਨੁੱਖ ਵਿਚ ਪੜ੍ਹਨ-ਲਿਖਣ ਦੀ ਰੁਚੀ ਅਜੇ ਪੈਦਾ ਹੀ ਨਹੀਂ ਹੋਈ ਸੀ। ਵੇਦ, ਉਪਨਿਸ਼ਦ, ਰਮਾਇਣ, ਮਹਾਂਭਾਰਤ ਅਤੇ ਜਾਤਕ ਗ੍ਰੰਥ ਆਦਿ ਕਥਾਵਾਂ ਦੇ ਅਮੁੱਕ ਭੰਡਾਰ ਸਾਡੇ ਕੋਲ ਹਨ, ਜਿਨ੍ਹਾਂ ਵਿਚੋਂ ਪੰਜਾਬੀ ਕਹਾਣੀ ਦੇ ਬੀਜ ਲੱਭੇ ਗਏ ਹਨ।

## 14.3 Content Section (ਵਿਸ਼ਾ ਪੱਖ)

ਆਧੁਨਿਕ ਪੰਜਾਬੀ ਸਾਹਿਤ ਵਿਚ ‘ਕਹਾਣੀ’ ਗਲਪ ਸਾਹਿਤ ਦਾ ਇਕ ਮਹੱਤਵਪੂਰਨ ਅੰਗ ਹੈ। ਇਸ ਦਾ ਜਨਮ ਆਧੁਨਿਕ ਪੰਜਾਬੀ ਸਾਹਿਤ ਵਿਚ ਵਿਸੇਸ਼ ਕਿਸਮ ਦੇ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਹਾਲਾਤਾਂ ਵਿਚ ਹੋਇਆ ਹੈ। ਆਪਣੇ ਜਨਮ ਦੇ ਨਾਲ ਹੀ ਇਹ ਨਿਵੇਕਲੀ ਸਾਹਿਤ ਵਿਧਾ ਕਈ ਸਮੱਸਿਆਵਾਂ

ਵੀ ਨਾਲ ਲੈ ਕੇ ਆਈ ਹੈ। ਮਿਸਾਲ ਵਜੋਂ ਇਸਨੂੰ 'ਨਿੱਕੀ ਕਹਾਣੀ', 'ਨਿੱਕੀ ਹੁਨਰੀ ਕਹਾਣੀ', 'ਛੋਟੀ ਕਹਾਣੀ' ਜਾਂ 'ਕਹਾਣੀ' ਨਾਮ ਦਿੱਤੇ ਗਏ ਹਨ।

ਆਧੁਨਿਕ ਪੰਜਾਬੀ ਕਹਾਣੀ ਦਾ ਜਨਮ ਪੰਜਾਬ ਵਿਚ ਅੰਗ੍ਰੇਜ਼ੀ ਸਾਮਰਾਜ ਦੇ ਆਗਮਨ ਪਿੱਛੋਂ ਹੀ ਹੋਇਆ ਹੈ। ਇਸ ਤੋਂ ਪਹਿਲਾਂ ਪੰਜਾਬੀ ਸਾਹਿਤ ਪਰੰਪਰਾ ਵਿਚ ਸਾਖੀਆਂ ਪ੍ਰਚੱਲਤ ਸਨ।

ਆਧੁਨਿਕ ਕਹਾਣੀ ਦੇ ਜਨਮ ਵਿਚ ਪੂੰਜੀਵਾਦ ਦੇ ਆਗਮਨ, ਮੱਧ ਵਰਗ ਦਾ ਉਭਾਰ, ਸਮੇਂ ਦੀ ਘਾਟ, ਤਾਰਕਿਕ ਦ੍ਰਿਸ਼ਟੀਕੋਣ ਦਾ ਵਿਕਾਸ ਅਤੇ ਲੌਕਿਕ ਮਾਨਸਿਕਤਾ ਆਦਿ ਪ੍ਰਮੁੱਖ ਕਾਰਨ ਬਣੇ। ਇਹ ਸਾਰੇ ਹਾਲਾਤ ਪੱਛਮ ਵਿਚ ਵੀਹਵੀਂ ਸਦੀ ਵਿਚ ਹੋ ਗਏ ਸਨ। ਪਰ ਭਾਰਤ ਅਤੇ ਪੰਜਾਬ ਵਿਚ ਇਹ ਸਾਰੇ ਹਾਲਾਤ ਵੀਹਵੀਂ ਸਦੀ ਵਿਚ ਅੰਗ੍ਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਚੰਗੀ ਤਰ੍ਹਾਂ ਮਜਬੂਤ ਹੋਣ ਪਿੱਛੋਂ ਪੈਦਾ ਹੋਏ।

ਅਮਗ੍ਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਚੰਗੀ ਤਰ੍ਹਾਂ ਮਜ਼ਬੂਤ ਹੋਣ ਪਿੱਛੋਂ ਪੈਦਾ ਹੋਏ, ਅੰਗ੍ਰੇਜ਼ੀ ਪੜ੍ਹੇ ਸਾਡੇ ਕੁਝ ਮੱਧ ਵਰਗੀ ਸਾਹਿਤਕਾਰਾਂ ਨੇ ਪੱਛਮੀ ਸਾਹਿਤ ਦੀ 'ਸ਼ਾਰਟਸਟੋਰੀ' ਨੂੰ ਪੜ੍ਹ ਕੇ ਪੰਜਾਬੀ ਵਿਚ ਜਿਹੜੀ 'ਕਹਾਣੀ' ਲਿਖੀ, ਉਸੇ ਨੂੰ 'ਨਿੱਕੀ ਕਹਾਣੀ' ਕਿਹਾ ਗਿਆ। ਇਸੇ ਆਧਾਰ ਉੱਤੇ ਇਸ ਨਵੇਂ ਸਾਹਿਤ ਰੂਪ ਨੂੰ 'ਅਡੱਪਟੇਡ' ਸਮਝਿਆ ਗਿਆ ਹੈ। ਪਰ ਪੰਜਾਬੀ ਦੇ ਕੁਝ ਮੁੱਢਲੇ ਸਾਹਿਤਕਾਰਾਂ ਮੋਹਨ ਸਿੰਘ, ਹੀਰਾ ਸਿੰਘ ਦਰਦ ਆਦਿ ਦੀਆਂ ਕਹਾਣੀਆਂ ਵਿਚ ਮੱਧਕਾਲੀਨ ਕਥਾ ਦੀਆਂ ਕੁਝ ਬਿਰਤਾਂਤਕ ਰੁੜੀਆਂ ਦੀ ਵਰਤੋਂ ਹੋਈ ਹੈ। ਇਸ ਕਰਕੇ ਪੰਜਾਬੀ ਦੀ ਇਸ ਨਿਵੇਕਲੀ ਵਿਧਾ ਨੂੰ ਸਾਡੀ ਕਥਾ-ਪਰੰਪਰਾ ਉੱਤੇ ਹੀ ਆਧਾਰਿਤ ਮੰਨਿਆ ਜਾਂਦਾ ਹੈ।

ਪੱਛਮ ਵਿਚ, ਸਾਰਟਸਟੋਰੀ ਲਿਖੇ ਜਾਣ ਦਾ ਇਤਿਹਾਸ ਇਕ ਸਦੀ ਪੁਰਾਣਾ ਸੀ। ਇਸ ਲੰਬੇ ਇਤਿਹਾਸ ਦੇ ਫਲਸਰੂਪ ਉੱਥੇ ਕਹਾਣੀ ਲਿਖੇ ਜਾਣ ਦਾ ਇਕ ਮਾਡਲ ਵਿਕਸਿਤ ਹੋਇਆ, ਜਿਸ ਤੋਂ ਇਹ ਅਹਿਸਾਸ ਹੋਇਆ ਕਿ ਕਹਾਣੀ ਲਿਖਣਾ ਹਾਰੀ ਸਾਰੀ ਲੇਖਕ ਦੇ ਵੱਸ ਦੀ ਗੱਲ ਨਹੀਂ ਸਗੋਂ ਕਹਾਣੀ ਲਿਖਣਾ ਇਕ ਹੁਨਰ ਹੈ।

ਦੂਸਰੇ ਪੜਾਅ ਦੇ ਪੰਜਾਬੀ ਕਹਾਣੀਕਾਰਾਂ ਕੋਲ ਪੱਛਮ ਦੇ ਇਸ ਕਹਾਣੀ ਮਾਡਲ ਦਾ ਅਨੁਸਰਨ ਕਰਨ ਦਾ ਹੁਨਰ ਸੀ। ਇਸ ਕਰਕੇ ਇਹਨਾਂ ਕਹਾਣੀਕਾਰਾਂ ਦੀ ਲਿਖੀ ਕਹਾਣੀ ਨੂੰ 'ਨਿੱਕੀ ਹੁਨਰੀ ਕਹਾਣੀ' ਕਿਹਾ ਗਿਆ।

ਵੀਹਵੀਂ ਸਦੀ ਦੇ ਨੌਵੇਂ ਦਹਾਕੇ ਵਿਚ ਕੁਝ ਕਹਾਣੀਕਾਰਾਂ ਨੇ ਆਧੁਨਿਕ ਕਹਾਣੀ ਦੇ 'ਨਿੱਕੇਪਣ' ਉੱਤੇ ਪ੍ਰਸ਼ਨ ਚਿੰਨ ਲਗਾ ਕੇ ਲੰਬੇ ਬਿਰਤਾਂਤ ਦੀ ਸਥਾਪਨਾ ਕੀਤੀ। ਆਧੁਨਿਕ ਕਹਾਣੀ ਦੇ ਅੰਤਰਗਤ ਹੀ ਨਵੀਆਂ ਰੂਪਗਤ ਵਿਸ਼ੇਸ਼ਤਾਵਾਂ ਰੱਖਣ ਵਾਲੀ ਇਸ ਕਹਾਣੀ ਨੂੰ ਪੂਰਬਲੀ ਕਹਾਣੀ ਨਾਲੋਂ ਨਿਖੇੜਨ ਲਈ 'ਲੰਮੀ ਕਹਾਣੀ' ਨਾਮ ਦਿੱਤਾ ਗਿਆ।

ਪੰਜਾਬੀ ਕਹਾਣੀ ਵੱਲੋਂ ਰਚਨਾ ਵਸਤੂ, ਰਚਨਾ ਦ੍ਰਿਸ਼ਟੀ ਅਤੇ ਰੂਪ-ਰਚਨਾ ਦੇ ਆਧਾਰ ਉੱਤੇ ਤੈਅ ਕੀਤੇ ਇਕ ਸਦੀ ਦੇ ਵਿਕਾਸ ਨੂੰ ਅੱਗੇ ਦੱਸਿਆ ਜਾ ਰਿਹਾ ਹੈ :

**(ੳ) ਪਹਿਲਾਂ ਪੜਾਅ :** ਇਸ ਪੜਾਅ ਉੱਤੇ ਲਿਖਣ ਵਾਲੇ ਕਹਾਣੀ ਕਾਰਾਂ ਨੇ ਈਸਾਈ ਮਿਸ਼ਨਰੀਆਂ ਦੀਆਂ ਕਹਾਣੀਆਂ ਤੋਂ ਪ੍ਰੇਰਨਾ ਲੈ ਕੇ ਆਧੁਨਿਕ ਅਤੇ ਪਰੰਪਰਾਗਤ ਲਛੱਣਾਂ ਵਾਲੀਆਂ ਮਿਸ਼ਰਿਤ ਕਹਾਣੀਆਂ ਲਿਖੀਆਂ।

ਇਹ ਦੌਰ 1913 ਤੋਂ ਆਰੰਭ ਹੁੰਦਾ ਹੈ ਅਤੇ 1935 ਈ. ਤੱਕ ਚਲਦਾ ਹੈ। ਇਸ ਦੌਰ ਦੇ ਪ੍ਰਮੁੱਖ ਕਹਾਣੀਕਾਰਾਂ ਵਿਚੋਂ ਕੁਝ ਹੇਠਲੇ ਦਿੱਤੇ ਜਾ ਰਹੇ ਹਨ :

**ਮੋਹਨ ਸਿੰਘ ਵੈਦ (1881-1936) :** ਉਹ ਪਛੱਮੀ ਸਾਹਿਤ ਦਾ ਪਾਠਕ ਸੀ। ਇਸ ਤੋਂ ਇਲਾਵਾ ਉਸ ਉੱਤੇ ਸਿੱਖਰ ਹਿਤ ਅਤੇ ਗੁਰਬਾਣੀ ਦਾ ਪ੍ਰਭਾਵ ਸੀ। ਇਸ ਸਾਰੇ ਮਾਹੌਲ ਵਿਚ ਉਨ੍ਹਾਂ ਨੇ ਸੁਧਾਰਵਾਦੀ ਕਿਸਮ ਦੀ ਕਹਾਣੀ ਲਿਖੀ।

ਉਨ੍ਹਾਂ ਨੇ ਤਿੰਨ ਕਹਾਣੀ- ਸੰਗ੍ਰਹਿ ਇਸ ਪ੍ਰਕਾਰ ਹਨ : 'ਸਿਆਣੀ ਮਾਤਾ' (1918), 'ਰੰਗ ਬਿਰੰਗੇ ਫੁੱਲ' ਅਤੇ 'ਹੀਰੇ ਦੀਆਂ ਕਣੀਆਂ' (1927)।

**ਹੀਰਾ ਸਿੰਘ ਦਰਦ (1888-1965) :** ਹੀਰਾ ਸਿੰਘ ਦਰਦ ਸਿੱਖ ਧਰਮ, ਮਾਰਕਸਵਾਦ ਅਤੇ ਦੇਸ਼ ਦੀ ਸਮਕਾਲੀ ਆਜ਼ਾਦੀ ਤੋਂ ਪ੍ਰਭਾਵਿਤ ਕਹਾਣੀਕਾਰ ਸੀ। 1924 ਵਿਚ ਉਸਨੇ 'ਫੁੱਲਵਾੜੀ' ਨਾਂ ਦਾ ਰਸਾਲਾ ਸ਼ੁਰੂ ਕੀਤਾ, ਜਿਸ ਨੇ ਪੰਜਾਬੀ ਕਹਾਣੀ ਦੇ ਵਿਕਾਸ ਵਿਚ ਸ਼ਲਾਘਾਯੋਗ ਯੋਗਦਾਨ ਪਾਇਆ।ਉਨ੍ਹਾਂ ਦੀ ਪ੍ਰਮੁੱਖ ਕਹਾਣੀਆਂ ਹਨ- 'ਆਸ ਦੀ ਤੰਦ (1940), 'ਪੰਜਾਬੀ ਸੱਧਰਾਂ' (1940), ਤੇ 'ਹਰਿ ਕਹਾਣੀਆਂ' (1953) ਆਦਿ ਲਿਖੀਆਂ।

**ਚਰਨ ਸਿੰਘ ਸ਼ਹੀਦ (1891-1935) :** ਉਹ ਪੰਜਾਬ ਵਿਚ ਅੰਗ੍ਰੇਜ਼ੀ ਸਾਮਰਾਜ ਦੇ ਫਲਸਰੂਪ ਪੂੰਜੀਵਾਦ ਦੇ ਆਗਮਨ ਵਿਚੋਂ ਉਭਰ ਰਹੀ ਮੱਧਸ਼੍ਰੇਣੀ ਦਾ ਚੇਤੰਨ ਲੇਖਕ ਸੀ। ਉਨ੍ਹਾਂ ਨੇ ਵੀ ਸਮਾਜ ਸੁਧਾਰ ਦੇ ਪ੍ਰਯੋਜਨ ਅਧੀਨ ਕਹਾਣੀਆਂ ਦੀ ਰਚਨਾ ਕੀਤੀ।ਉਨ੍ਹਾਂ ਦੀ ਇਕੋ-ਇਕ ਕਹਾਣੀ ਸੰਗ੍ਰਹਿ 'ਹਸ ਦੇ ਹੰਝੂ' (1933) ਵਿਚ ਪ੍ਰਕਾਸ਼ਿਤ ਹੋਈ, ਜਿਸ ਦੀ ਕਈ ਕਹਾਣੀਆਂ ਸਫ਼ਲ ਹੋਈਆਂ। ਸ਼ਹੀਦ ਹਾਸਰਸੀ ਅੰਦਾਜ਼ ਵਿਚ ਕਹਾਣੀ ਲਿਖਦਾ ਹੈ ਪਰ ਹਾਸਰਸ ਵਿਚ ਡੂੰਘਾ ਵਿਅੰਗ ਤੇ ਰਮਜ਼ ਹੁੰਦੀ ਹੈ। ਉਹ ਆਪਣੇ ਸਮਕਾਲੀ ਕਹਾਣੀਕਾਰਾਂ ਨਾਲੋਂ ਯਥਾਰਥਕ ਕਹਾਣੀ ਵਿਚ ਵਧੇਰੇ ਸਫ਼ਲ ਹੋਇਆ ਹੈ।

**(ਅ) ਦੂਸਰਾ ਪੜਾਅ :** ਇਸ ਕਾਲ ਵਿਚ ਵਧੇਰੇ ਯਥਾਰਥਕ ਕਹਾਣੀਆਂ ਲਿਖੀਆਂ ਗਈਆਂ ਪਰ ਕਹਾਣੀ ਦਾ ਕਹਿਣ ਦਾ ਢੰਗ ਪ੍ਰਗਤੀਵਾਦ ਹੀ ਰਿਹਾ। ਇਸ ਕਾਲ ਦੇ ਪ੍ਰਮੁੱਖ ਕਹਾਣੀਕਾਰ ਇਸੇ ਪ੍ਰਕਾਰ ਹਨ:

**ਪ੍ਰੋ. ਮੋਹਨ ਸਿੰਘ (1905-1975) :** ਉਨ੍ਹਾਂ ਨੇ ਇਕ-ਇਕ ਕਹਾਣੀ ਸੰਗ੍ਰਹਿ 'ਨਿੱਕੀ ਨਿੱਕੀ ਵਾਸ਼ਨਾ' (1942) ਲਿਖੀ ਜਿਸ ਨੇ ਗੁਣਾਤਮਕ ਪੱਖ ਤੋਂ ਕੇਵਲ ਦੂਸਰੇ ਪੜਾਅ ਨੂੰ ਹੀ ਬਲਕਿ ਪੰਜਾਬੀ ਕਹਾਣੀ ਦੇ ਵਿਚ ਮਹੱਤਵਪੂਰਨ ਯੋਗਦਾਨ ਦਿੱਤਾ।ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਉਸਨੂੰ ਮਨੋ-ਯਥਾਰਥਵਾਦੀ ਲੇਖਕ ਦੇ ਤੌਰ ਤੇ ਸਥਾਪਿਤ ਕਰਦੀਆਂ ਹਨ।

**ਸੰਤ ਸਿੰਘ ਸੇਖੋਂ (1908–1997) :** ਉਹ ਪਛੱਮੀ ਤਕਨੀਕ ਉੱਤੇ ਅਧਾਰਿਤ ਨਿੱਕੀ ਕਹਾਣੀ ਲਿਖਣ ਵਿਚ ਕਾਮਯਾਬ ਹੁੰਦਾ ਹੈ। ਬਿਨਾਂ ਕਿਸੇ ਸੂਚਨਾ ਦੇ ਝਟਪਟ ਆਰੰਭ ਤੇ ਰਮਜ਼ਈ ਅੰਤ ਇਹਨਾਂ ਕਹਾਣੀਆਂ ਦਾ ਪਛਾਣਯੋਗ ਲਛੱਣ ਹੈ। ਇਉਂ ਸੰਤ ਸਿੰਘ ਸੇਖੋਂ ਦੇ ਪ੍ਰਵੇਸ਼ ਨਾਲ ਤਕਨੀਕ ਅਤੇ ਦ੍ਰਿਸ਼ਟੀ ਪੱਖੋਂ ਸਹੀ ਕਹਾਣੀ ਰਚਣੀ ਸ਼ੁਰੂ ਹੁੰਦੀ ਹੈ।ਉਨ੍ਹਾਂ ਦੇ ਕਹਾਣੀ ਸੰਗ੍ਰਹਿ ਵਿਚ 'ਸਮਾਚਾਰ' (1942) 'ਕਾਮੇ ਤੇ ਯੋਧੇ' (1948), 'ਤੀਜਾ ਪਹਿਰ' (1956) ਆਦਿ ਸ਼ਾਮਿਲ ਹਨ। ਉਨ੍ਹਾਂ ਦੀਆਂ ਪ੍ਰਸਿੱਧ ਕਹਾਣੀਆਂ ਵਿਚ 'ਭਤਾ' 'ਕੀਟਾਂ ਅੰਦਰ ਕੀਟ' 'ਮੁੜ ਵਿਧਵਾ' ਅਤੇ 'ਵਿਆਹ' ਸ਼ਾਮਿਲ ਹਨ।

**ਕਰਤਾਰ ਸਿੰਘ ਦੁਗੱਲ (1917) :** ਦੁਗੱਲ ਪੰਜਾਬੀ ਵਿਚ ਸਭ ਤੋਂ ਵਧੇਰੇ ਕਹਾਣੀਆਂ ਲਿਖਣ ਵਾਲਾ ਕਹਾਣੀਕਾਰ ਹੈ। ਉਸ ਦਾ ਮਨਪਸੰਦ ਖੇਤਰ ਮਨੋਵਿਗਿਆਨਕ ਯਥਾਰਥਵਾਦ ਹੈ। ਇਸ ਇਸਤਰੀ-ਪੁਰਸ਼ ਸੰਬੰਧ, ਉਹਨਾਂ ਵਿਚਲੀ ਲਿੰਗਕ ਖਿੱਚ ਅਤੇ ਇਸ ਖਿੱਚ ਤੋਂ ਪੈਦਾ ਹੋਈ ਗੁੰਝਲ ਵਿਚ ਦੁਗੱਲ ਪੂਰੀ ਤਰ੍ਹਾਂ ਸਫ਼ਲ ਹੋਇਆ ਹੈ।ਦੁਗੱਲ ਦੇ ਕਹਾਣੀ ਸੰਗ੍ਰਹਿ ਵਿਚ ਸਵੇਰ ਸਾਰ (1941), ਨਵਾਂ ਘਰ (1950), ਨਵਾਂ ਆਦਮੀ (1951), ਸਭੈ ਸਾਂਝੀਵਾਲ ਸਦਾਇਣ (1966) ਆਦਿ ਸ਼ਾਮਿਲ ਹਨ।

**(ੲ) ਤੀਸਰਾ ਪੜਾਅ :** ਇਸ ਪੜਾਅ ਦੀ ਕਹਾਣੀ ਨੂੰ ਵਸਤੂਮੁਖੀ ਯਥਾਰਥ ਦੀ ਕਹਾਣੀ ਵੀ ਕਿਹਾ ਜਾਂਦਾ ਹੈ।

**ਰਾਮ ਸਰੂਪ ਅਣਖੀ (1932) :** ਅਣਖੀ ਨੇ ਮਾਲਵੇ ਦੇ ਖਿੱਤੇ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਇਸ ਤੋਂ ਇਲਾਵਾ ਇਸ ਆਂਚਲ ਦੀ ਕਿਸਾਨ ਸ਼ਰੇਣੀ ਅਤੇ ਉਸ ਦੇ ਨਾਲ-ਨਾਲ ਵਿਚਾਰ ਦੀ ਇਸਤਰੀ ਦੇ ਦੁਖਾਂਤਕ ਪਹਿਲੂਆਂ ਨੂੰ ਅਣਖੀ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦਾ ਹੈ। ਮਲਵਈ ਉਪਭਾਸ਼ਾ ਵਿਚ ਉਹ ਪੇਂਡੂ ਯਥਾਰਥ ਦਾ ਚਿਤੇਰਾ ਹੈ।ਉਨ੍ਹਾਂ ਦੀਆਂ ਪ੍ਰਮੁੱਖ ਕਹਾਣੀਆਂ ਹਨ – ਮਨੁੱਖ ਦੀ ਮੌਤ (1968), ਕੱਚਾ ਧਾਗਾ (1967), ਅੱਧਾ ਆਦਮੀ (1997), ਮਿੱਟੀ ਦੀ ਜਾਤ (1989) ਆਦਿ।

**ਅਤਰਜੀਤ (1941) :** ਉਸ ਨੂੰ ਦਲਿਤ ਚੇਤਨਾ ਦਾ ਕਹਾਣੀਕਾਰ ਕਿਹਾ ਜਾਂਦਾ ਹੈ। ਇਸ ਜਾਤੀ ਦੀ ਮਨੋਸਥਿਤੀ ਦਾ ਉਸਨੂੰ ਨਿੱਜੀ ਅਨੁਭਵ ਹੈ। ਇਸ ਤੋਂ ਇਲਾਵਾ ਕਿਸਾਨੀ ਜੀਵਨ, ਖੱਬੇ ਪੱਖੀ ਲਹਿਰ, ਪੰਜਾਬ ਸਕੰਟ ਅਤੇ ਅਧਿਆਪਕ ਵਰਗ ਬਾਰੇ ਵੀ ਉਸ ਨੂੰ ਬਹੁਤ ਸਾਰੀਆਂ ਕਲਾਤਮਕ ਕਹਾਣੀਆਂ ਦੀ ਰਚਨਾ ਕੀਤੀ ਹੈ। ਸਮਾਜਵਾਦੀ ਵਿਵਸਥਾ ਦੀ ਹਿਮਾਇਤੀ ਸੁਰ ਵੀ ਗੂੰਜਦੀ ਹੈ। ਕਈ ਕਹਾਣੀਆਂ ਵਿਚ ਇਹ ਗਲਪ ਦ੍ਰਿਸ਼ਟੀ, ਪ੍ਰਚਾਰ ਉੱਤੇ ਵੀ ਪਹੁੰਚ ਗਈ ਹੈ।ਉਨ੍ਹਾਂ ਦੀਆਂ ਪ੍ਰਮੁੱਖ ਕਹਾਣੀਆਂ ਹਨ : ਮਾਸਖੋਰੇ (1972), ਅਦਨਾ ਇਨਸਾਨ (1986), ਕਹਾਣੀ ਕੌਣ ਲਿਖੇਗਾ ? (1989), ਤੀਜਾ ਯੁੱਧ (1999) ਆਦਿ।

**ਅਜੀਤ ਕੌਰ (1934) :** ਉਨ੍ਹਾਂ ਦੀਆਂ ਨਿਸੰਗ ਕਹਾਣੀਆਂ ਪੜ੍ਹ ਕੇ ਬਹੁਤ ਸਾਰੇ ਪਾਠਕ ਅਤੇ ਆਲੋਚਕ ਹੈਰਾਨ ਰਹਿ ਗਏ, ਇਸਤਰੀ-ਪੁਰਸ਼ ਦੇ ਲਿੰਗਕ ਸੰਬੰਧਾਂ ਨੂੰ ਉਹ ਨਾਰੀ ਚੇਤਨਾ ਤੇ ਨਾਰੀ ਸੁਤੰਤਰਤਾ ਨਾਲ ਜੋੜਦੀ ਹੈ। ਆਪਣੀ ਕਹਾਣੀ ਦੇ ਅਗਲੇਰੇ ਪੜਾਅ ਉਤੇ ਰਾਜਨੀਤਿਕ ਅਤੇ ਦਫ਼ਤਰੀ ਭ੍ਰਿਸ਼ਟਾਚਾਰ ਅਤੇ ਪੰਜਾਬ ਸੰਕਟ ਸੰਬੰਧੀ ਵੀ ਕਹਾਣੀਆਂ ਲਿਖੀਆਂ ਹਨ।

ਉਨ੍ਹਾਂ ਦੀਆਂ ਪ੍ਰਮੁੱਖ ਕਹਾਣੀਆਂ ਹਨ : ਗੁਲ ਬਾਨੋ (1963), ਮਹਿਕ ਦੀ ਮੌਤ (1966), ਫਾਲਤੂ ਔਰਤ (1974), ਮੌਤ ਅਲੀ ਬਾਬੇ ਦੀ (1985) ਆਦਿ।

ਇਸ ਤਰ੍ਹਾਂ ਪੰਜਾਬੀ ਕਹਾਣੀਆਂ ਦੇ ਵਿਕਾਸ-ਨਿਕਾਸ ਪੜਾਆਂ ਨੂੰ ਵੱਖੋ-ਵੱਖਰੇ ਪ੍ਰਵਿਰਤੀਆਂ ਵਿਚੋਂ ਲੰਘਣਾ ਪਿਆ ਤੇ ਅੱਜ ਇਹ ਪੰਜਾਬੀ ਜਗਤ ਦੀ ਸਫ਼ਲ ਇਕਾਈ ਹੈ।

**ਪੰਜਾਬੀ ਕਹਾਣੀ ਦੀਆਂ ਪ੍ਰਮੁੱਖ ਪਰਵਿਰਤੀਆਂ :**

**ਸੁਧਾਰਵਾਦੀ ਪ੍ਰਵਿਰਤੀ :** ਨਿੱਕੀ ਕਹਾਣੀ ਵਿਚ ਸੁਧਾਰਵਾਦੀ ਪ੍ਰਵਿਰਤੀ ਦੀ ਉਤਪਤੀ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਹੋਈ। ਇਸ ਦਾ ਸਭ ਤੋਂ ਪਹਿਲਾਂ ਕਹਾਣੀ-ਸੰਗ੍ਰਹਿ 1927 ਈ. ਵਿਚ ਭਾਈ ਮੋਹਨ ਸਿੰਘ ਵੈਦ ਦਾ ਲਿਖਿਆ ਮਿਲਦਾ ਹੈ। ਵੈਦ ਦੀਆਂ ਕਹਾਣੀਆਂ ਦਾ ਵਿਸ਼ਾ ਸਮਕਾਲੀ ਸਮਾਜ ਦੀਆਂ ਬੁਰਾਈਆਂ ਨੂੰ ਪੇਸ਼ ਕਰਨਾ ਅਤੇ ਦ੍ਰਿਸ਼ਟੀਗੋਚਰ ਸਮਾਜ ਨੂੰ ਸੁਧਾਰਨਾ ਹੈ। ਇਸ ਤੋਂ ਇਲਾਵਾ ਲਾਲ ਸਿੰਘ ਕਮਲਾ ਅਕਾਲੀ, ਚਰਨ ਸਿੰਘ ਸ਼ਹੀਦ, ਨਾਨਕ ਸਿੰਘ ਆਦਿ ਵੀ ਪ੍ਰਵਿਰਤੀ ਵਿਚ ਸ਼ਾਮਲ ਹਨ। ਇਨ੍ਹਾਂ ਨੇ ਸਮਾਜਿਕ ਬੁਰਾਈਆਂ ਜਿਵੇਂ ਛੂਤ-ਛਾਤ, ਅਨਪੜਤਾ, ਧਾਰਮਿਕ ਅੰਧਵਿਸ਼ਵਾਸਾਂ ਅਤੇ ਜ਼ਿੰਮੀਦਾਰ ਤੇ ਕਾਮਿਆਂ ਦੇ ਆਪਸੀ ਸੰਬੰਧਾਂ ਬਾਰੇ ਕਹਾਣੀਆਂ ਲਿਖੀਆਂ। ਇਸ ਪ੍ਰਵਿਰਤੀ ਅਧੀਨ ਕਹਾਣੀ ਕਾਰ ਸਮਕਾਲੀ ਸਮਾਜ ਵਿਚਲੀਆਂ ਬੁਰਾਈਆਂ ਵਿਰੁੱਧ ਆਵਾਜ਼ ਉਠਾਉਂਦੇ ਤੇ ਉਨ੍ਹਾਂ ਤੋਂ ਆਮ ਜਨਤਾ ਨੂੰ ਜਾਣੂ ਕਰਾਉਂਦੇ।

**ਆਦਰਸ਼ਵਾਦੀ ਪ੍ਰਵਿਰਤੀ :** ਪੰਜਾਬੀ ਕਹਾਣੀ ਵਿਚ ਆਦਰਸ਼ਵਾਦੀ ਪ੍ਰਵਿਰਤੀ ਪ੍ਰੀਤਲੜੀ ਦੇ ਪ੍ਰਵੇਸ਼ ਨਾਲ ਆਰੰਭ ਹੁੰਦੀ ਹੈ। ਉਸਦੀਆਂ ਰਚਨਾਵਾਂ ਵਿਚ ਸਹਿਜ-ਪਿਆਰ ਦੀ ਅਦਰਸ਼ਵਾਦੀ ਪ੍ਰਵਿਰਤੀ ਕੇਂਦਰ ਰੂਪ ਵਿਚ ਵਿਚਰਦੀ ਹੈ। ਨਾਨਕ ਸਿੰਘ, ਲਾਲ ਸਿੰਘ ਕਮਲਾ ਅਕਾਲੀ ਕੇਸਰ ਸਿੰਘ, ਭਾਈ ਮੋਹਨ ਸਿੰਘ ਵੈਦ ਆਦਿ ਕਹਾਣੀਕਾਰਾਂ ਨੇ ਆਦਰਸ਼ਵਾਦੀ ਪ੍ਰਵਿਰਤੀ ਅਧੀਨ ਪ੍ਰਸਿੱਧ ਕਹਾਣੀਆਂ ਲਿਖੀਆਂ। ਆਦਰਸ਼ਵਾਦ

ਸਮਾਜਿਕ ਕਮਜ਼ੋਰੀਆਂ ਨੂੰ ਦੂਰ ਕਰਕੇ ਆਪਣੀ ਭਾਈਚਾਰਕ ਪਿਆਰ ਦਾ ਰਸਤਾ ਤਿਆਰ ਕਰਦਾ ਹੈ।

**ਮਾਨਵਵਾਦੀ ਪ੍ਰਵਿਰਤੀ :** ਦੇਸ਼ ਦੀ ਵੰਡ ਕਾਰਨ ਕੌਮ, ਜਾਤ-ਪਾਤ, ਧਰਮ ਆਦਿ ਵਿਚ ਵਿਤਕਰੇ ਵੱਧਦੇ ਗਏ ਅਤੇ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਵਿਚ ਆਪਸੀ ਵਿਤਕਰੇ ਇੰਨੇ ਜ਼ਿਆਦਾ ਹੋ ਗਏ ਕਿ ਕਹਾਣੀਕਾਰਾਂ ਦੁਆਰਾ ਆਪਸੀ ਭਾਈਚਾਰੇ ਅਤੇ ਮਨੁੱਖੀ ਏਕਤਾ ਦੀ ਸਥਾਪਤੀ ਲਈ ਯਤਨ ਕੀਤੇ ਜਾਣ ਲਗ ਪਏ। ਦੇਸ਼ ਦੀ ਵੰਡ ਕਾਰਨ ਉਪਜੇ ਦੁਖਾਂਤ ਤੋਂ ਪ੍ਰਭਾਵਿਤ ਹੋਏ। ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਸੁਜਾਨ ਸਿੰਘ ਆਦਿ ਨੇ ਬਹੁਤ ਹੀ ਸਫ਼ਲ ਅਤੇ ਮਾਨਵਵਾਦੀ ਆਸ਼ੇ ਦੇ ਅਧੀਨ ਕਹਾਣੀਆਂ ਰਚੀਆਂ। ਪੰਜਾਬੀ ਕਹਾਣੀ ਸਾਹਿਤ ਵਿਚ ਦੇਸ਼ ਦੀ ਵੰਡ ਤੋਂ ਉਪਜੇ ਦੁਖਾਂਤ ਦੇ ਪ੍ਰਭਾਵ ਅਧੀਨ ਮਾਨਵ ਪ੍ਰਵਿਰਤੀਆਂ ਵਾਲੀਆਂ ਕਹਾਣੀਆਂ ਗਿਣਾਤਮਕ ਪੱਖ ਤੋਂ ਬਹੁਤ ਜ਼ਿਆਦਾ ਰਚੀਆਂ ਗਈਆਂ।

**ਯਥਾਰਥਵਾਦੀ ਪ੍ਰਵਿਰਤੀ :** 'ਯਥਾਰਥ' ਤੋਂ ਭਾਵ ਜੀਵਨ ਦੇ ਸੱਚ ਨੂੰ ਸਾਹਿਤ ਦਾ ਸੱਚ ਬਣਾ ਕੇ ਪੇਸ਼ ਕਰਨਾ ਹੈ। 'ਯਥਾਰਥਵਾਦ' ਤੋਂ ਭਾਵ ਕੁਦਰਤੀ ਜੀਵਨ ਨੂੰ ਸੁਹਿਰਦਤਾ ਅਤੇ ਬਾਹਰਮੁੱਖਤਾ ਦੁਆਰਾ ਪ੍ਰਗਟਾਉਣਾ ਹੈ। ਯਥਾਰਥਵਾਦ ਦੀਆਂ ਕਈ ਕਿਸਮਾਂ ਹਨ ਜਿਵੇਂ ਸਮਾਜਵਾਦੀ ਯਥਾਰਥਵਾਦ, ਮਨੋਵਿਗਿਆਨਵਾਦੀ ਯਥਾਰਥਵਾਦ ਅਤੇ ਅਤਿ ਯਥਾਰਥਵਾਦ ਆਦਿ।

ਪੰਜਾਬੀ ਕਹਾਣੀ ਸਾਹਿਤ ਵਿਚ ਸਮਾਜਵਾਦੀ ਯਥਾਰਥਵਾਦੀ ਕਹਾਣੀਆਂ ਦੀ ਗਿਣਤੀ ਵਧੇਰੇ ਹੈ। ਇਸ ਪ੍ਰਵਿਰਤੀ ਦੇ ਪ੍ਰਮੁੱਖ ਪ੍ਰਵਰਕ ਹਨ- ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਮਹਿੰਦਰ ਸਿੰਘ ਸਰਨਾ, ਮੋਹਨ ਸਿੰਘ ਭੰਡਾਰੀ, ਕਰਤਾਰ ਸਿੰਘ ਦੁਗੱਲ ਅਤੇ ਕੁਲਵੰਤ ਸਿੰਘ ਵਿਰਕ ਆਦਿ ਕਹਾਣੀਕਾਰਾਂ ਦੁਆਰਾ ਸਮਾਜਵਾਦੀ ਯਥਾਰਥਵਾਦੀ ਆਸ਼ੇ ਦੇ ਅਧੀਨ ਕਹਾਣੀਆਂ ਰਚੀਆਂ ਗਈਆਂ।

**ਮਨੋਵਿਗਿਆਨਵਾਦੀ ਪ੍ਰਵਿਰਤੀ :** ਮਨੋਵਿਗਿਆਨਵਾਦੀ ਪ੍ਰਵਿਰਤੀ ਫਰਾਇਡ ਦੀ ਵਿਚਾਰਧਾਰਾ ਅਧੀਨ ਮਨੋਵਿਗਿਆਨਵਾਦੀ ਪ੍ਰਵਿਰਤੀ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕਰਦੀ ਹੈ। ਇਸ ਪਰਵਿਰਤੀ ਦੀ ਸ਼ੁਰੂਆਤ ਕਰਤਾਰ ਸਿੰਘ ਦੁਗੱਲ ਦੀਆਂ ਕਹਾਣੀਆਂ ਤੋਂ ਮਿਲਦੀ ਹੈ। ਬਲਵੰਤ ਸਿੰਘ ਗਰਗੀ ਦਾ ਕਹਾਣੀ ਸੰਗ੍ਰਹਿ 'ਕਾਲਾ ਅੰਬ' ਇਸ ਪ੍ਰਵਿਰਤੀ ਅਧੀਨ ਆਉਂਦਾ ਹੈ। ਕੁਲਵੰਤ ਸਿੰਘ ਵਿਰਕ, ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਦਲੀਪ ਕੌਰ ਟਿਵਾਣਾ ਆਦਿ ਕਹਾਣੀ ਕਾਰਾਂ ਨੇ ਵੀ ਇਸੇ ਪ੍ਰਵਿਰਤੀ ਅਧੀਨ ਕਹਾਣੀਆਂ ਲਿਖੀਆਂ। ਇਹ ਪ੍ਰਵਿਰਤੀ ਫਰਾਈਡ ਦੇ ਪ੍ਰਭਾਵ ਅਧੀਨ ਹੋਣ ਕਰਕੇ ਔਰਤ ਅਤੇ ਮਰਦ ਦੇ ਆਪਸੀ ਸੰਬੰਧਾਂ ਦੀ ਸੱਚਾਈ ਨੂੰ ਬਿਆਨ ਕਰਨ ਦੀ ਸਫ਼ਲ ਕੋਸ਼ਿਸ਼ ਕਰਦੀ ਹੈ। ਇਸੇ ਪ੍ਰਵਿਰਤੀ ਅਧੀਨ ਹੀ ਪਸ਼ੂਆਂ ਬਾਰੇ ਵੀ ਕਲਾਤਮਕ ਕਾਹਣੀਆਂ ਲਿਖੀਆਂ ਗਈਆਂ। ਮਨੋਵਿਗਿਆਨਵਾਦੀ ਕਹਾਣੀਆਂ ਦਾ ਨਿਭਾਅ ਕਰਨ ਪੱਖੋਂ ਮਨੋਵਿਗਿਆਕ ਢੰਗ ਨਾਲ ਵੀ ਕੀਤਾ ਗਿਆ ਹੈ। ਆਧੁਨਿਕ ਦੌਰ ਵਿਚ ਪ੍ਰੇਮ ਪ੍ਰਕਾਸ਼, ਕਿਰਪਾਲ ਸਿੰਘ ਕਜ਼ਾਕ, ਸਰਬਜੀਤ ਅਤੇ ਪ੍ਰੇਮ ਗੋਰਖੀ ਦੀਆਂ ਕਹਾਣੀਆਂ ਇਸੇ ਪ੍ਰਵਿਰਤੀ ਅਧੀਨ ਵੇਖੀਆਂ ਜਾ ਸਕਦੀਆਂ ਹਨ।

**ਦਲਿਤ ਚੇਤਨਾ ਦੀ ਪ੍ਰਵਿਰਤੀ :** ਨਿਮਨ ਵਰਗ ਜਾਂ ਦਬੇ-ਕੁਚਲੇ ਲੋਕਾਂ ਸੰਬੰਧੀ ਲਿਖੀਆਂ ਕਹਾਣੀਆਂ ਨੂੰ ਦਲਿਤ ਕਹਾਣੀ ਦਾ ਨਾਮ ਦਿੱਤਾ ਗਿਆ ਹੈ। ਇਸ ਚੇਤਨਾ ਅਧੀਨ ਲਿਖੀਆਂ ਕਹਾਣੀਆਂ ਵਿਚ ਸੁਜਾਨ ਸਿੰਘ ਦੀ 'ਬਾਗਾਂ ਦਾ ਰਾਖਾ' ਪਹਿਲੇ ਨੰਬਰ ਤੇ ਆਉਣ ਵਾਲੀ ਕਹਾਣੀ ਹੈ। ਇਸ ਤਰ੍ਹਾਂ ਦੀ ਕਹਾਣੀ ਲਿਖਣ ਵਾਲੇ ਲੇਖਕਾਂ ਵਿਚ ਪ੍ਰੇਮ ਗੋਰਖੀ, ਮੋਹਨ ਭੰਡਾਰੀ, ਵਰਿਆਮ ਸੰਧੂ ਆਦਿ ਪ੍ਰਮੁੱਖ ਹਨ।

### 14.4 Summary (ਨਿਸ਼ਕਰਸ਼)

ਨਿਸ਼ਕਰਸ਼ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਕਹਾਣੀ ਅਜੋਕੇ ਆਧੁਨਿਕ ਯੁੱਗ ਦੀ ਪ੍ਰਮੁੱਖ ਰੂਪਾਕਾਰ ਹੈ। ਕਹਾਣੀ ਆਪਣੀ ਵਿਧਾਗਤ ਸੀਮਾਵਾਂ ਕਰਕੇ ਜੀਵਨ ਦੀ ਕਿਸੇ ਵਿਸੇਸ਼ ਘਟਨਾ ਨੂੰ ਬਹੁਤ ਹੀ ਰੋਚਕ ਢੰਗ

ਨਾਲ ਪੇਸ਼ ਕਰਦੀ ਹੈ।

### 14.5 Glossary (ਔਖੇ ਸ਼ਬਦਾਂ ਦੇ ਅਰਥ)

ਪ੍ਰਵਿਤੀ – ਝਕਾਉ,

ਮੁਸ਼ਰਤਾ – ਮਿਠਾਸ,

ਸੁਹਿਰਦਤਾ – ਇਮਾਨਦਾਰੀ

### 14.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

1. ਕਹਾਣੀ ਦੇ ਵਿਕਾਸ ਪੜਾਵਾਂ ਬਾਰੇ ਚਰਚਾ ਕਰੋ ?
2. ਪੰਜਾਬੀ ਕਹਾਣੀ ਦੀਆਂ ਪ੍ਰਵਿਰਤੀਆਂ ਬਾਰੇ ਨੋਟ ਲਿਖੋ ?

### 14.7 Lesson End Exercise, Examination Oriented Questions

**(ਅਭਿਆਸ ਅਰਥ ਪ੍ਰਸ਼ਨ)**

**- ਪੰਜਾਬੀ ਕਹਾਣੀ ਦੇ ਵਿਕਾਸ ਪੜਾਅ ਅਤੇ ਦੱਸਦੇ ਹੋਏ ਕਹਾਣੀ ਦੀਆਂ ਪ੍ਰਵਿਰਤੀਆਂ ਬਾਰੇ ਵੀ ਵਿਚਾਰ ਚਰਚਾ ਕਰੋ।**

### 14.8 Suggested Reading ( ਸਹਾਇਕ ਪੁਸਤਕ ਸੂਚੀ)


- **ਜੀਤ ਸਿੰਘ ਜੋਸ਼ੀ** (ਡਾ.), **ਅਧਿਐਨ ਤੇ ਅਧਿਆਪਨ**, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ।
- **ਬਲਦੇਵ ਸਿੰਘ ਧਾਲੀਵਾਲ** (ਡਾ.), **ਪੰਜਾਬੀ ਕਹਾਣੀ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ,** 2006.
- **ਡਾ. ਜਸਵਿੰਦਰ ਸਿੰਘ, ਡਾ. ਮਾਨ ਸਿੰਘ ਢੀਂਡਸਾ, ਪੰਜਾਬੀ ਸਾਹਿਤ ਦਾ ਇਤਿਹਾਸ**, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ।

# ਨਾਟਕ

**Structure :**

15.1 Objective (ਉਦੇਸ਼)

15.2 Introduction (ਜਾਣ-ਪਛਾਣ)

15.3 Content Section (ਵਿਸ਼ਾ ਪੱਖ)

15.4 Summary (ਨਿਸ਼ਕਰਸ਼)

15.5 Glossary (ਔਖੇ ਸ਼ਬਦਾਂ ਦੇ ਅਰਥ)

15.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

15.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

15.8 Suggested Reading (ਸਹਾਇਕ ਪੁਸਤਕ ਸੂਚੀ)

## 15.1 Objective (ਉਦੇਸ਼)

- ਵਿਦਿਆਰਥੀਆਂ ਨੂੰ ਪੰਜਾਬੀ ਸਹਿਤ ਰੂਪ ਨਾਟਕ ਨਾਲ ਜਾਣ-ਪਛਾਣ ਕਰਵਾਈ ਜਾਏਗੀ
- ਨਾਟਕ ਦੇ ਇਤਿਹਾਸ ਮੂਲਕ ਵਿਕਾਸ ਅਤੇ ਪ੍ਰਮੁੱਖ ਪ੍ਰਵਿਰਤੀਆਂ ਨਾਲ ਵੀ ਪਾਠਕ ਵਰਗ ਨੂੰ ਜਾਣੂ ਕਰਵਾਇਆ ਜਾਵੇਗਾ।

## 15.2 Introduction (ਜਾਣ-ਪਛਾਣ)

ਨਾਟਕ ਸ਼ੁਰੂ ਤੋਂ ਹੀ ਭਾਰਤੀ ਸਾਹਿਤ ਦਾ ਮਹੱਤਵਪੂਰਨ ਸਾਹਿਤ-ਰੂਪ ਰਿਹਾ ਹੈ। ਭਰਤਮੁਨੀ ਨੇ ਇਸ ਨੂੰ ਪੰਜਵਾਂ ਵੇਦ ਮੰਨਿਆ ਹੈ। ਨਾਟਕ ਨਿਰਾ ਸਾਹਿਤ ਨਹੀਂ, ਇਸ ਵਿਚ ਅਭਿਨੈ ਕਲਾ ਵੀ ਸ਼ਾਮਲ ਹੈ। ਇਹ ਇਕ ਅਜਿਹੀ ਮਿਸ਼ਰਿਤ ਕਲਾ ਹੈ, ਜਿਸ ਦਾ ਸੰਬੰਧ ਇਕ ਪਾਸੇ ਤਾਂ ਸਾਹਿਤ ਨਾਲ ਹੈ ਅਤੇ ਦੂਜੇ ਪਾਸੇ ਰੰਗਮੰਚ ਨਾਲ।

## 15.3 Content Section (ਵਿਸ਼ਾ ਪੱਖ)

ਪੰਜਾਬੀ ਨਾਟਕ ਦੇ ਜਨਮ ਨੂੰ ਲੈ ਕੇ ਵੀ ਵਿਦਵਾਨਾਂ ਵਿਚ ਵਿਵਾਦ ਹੈ। ਵਿਦਵਾਨਾਂ ਦਾ ਪਹਿਲਾਂ ਵਰਗ ਇਹ ਮੰਨਦਾ ਹੈ, ਸੰਸਕ੍ਰਿਤ ਨਾਟ- ਪਰੰਪਰਾ ਦੇ ਅੰਗ ਵਜੋਂ, ਪੰਜਾਬੀ ਨਾਟਕ ਦਾ ਇਤਿਹਾਸ ਬਹੁਤ ਪ੍ਰਾਚੀਨ ਹੈ। ਜਦ ਕਿ ਵਿਦਵਾਨਾਂ ਦੇ ਦੂਸਰੇ ਵਰਗ ਦਾ ਇਹ ਮੰਨਣਾ ਹੈ ਕਿ ਪੰਜਾਬੀ ਨਾਟਕ ਦਾ ਜਨਮ ਵੀਹਵੀਂ ਸਦੀ ਦੇ ਦੂਸਰੇ ਦਹਾਕੇ ਦੇ ਮੁੱਢ ਵਿਚ ਸਪੱਸ਼ਟ ਰੂਪ ਵਿਚ ਪਛੱਮੀ ਪ੍ਰਭਾਵ ਅਧੀਨ ਹੋਇਆ ਹੈ। ਦੋਵਾਂ ਕਿਸਮ ਦੇ

ਵਿਦਵਾਨਾਂ ਦੇ ਆਪਣੇ-ਆਪਣੇ ਤਰਕ ਹਨ।ਭਾਰਤ ਵਿਚ, ਨਾਟਕ ਦਾ ਜਨਮ ਪੰਜਾਬ ਦੀ ਧਰਤੀ ਉੱਤੇ ਸੰਸਕ੍ਰਿਤ ਨਾਟਕ ਦੇ ਰੂਪ ਵਿਚ ਆਰੀਆ ਦੇ ਆਉਣ ਪਿੱਛੋਂ ਹੋਇਆ ਮੰਨਿਆ ਜਾਂਦਾ ਰਿਹਾ ਹੈ। ਪਰ ਨਵੀਂ ਖੋਜ ਅਨੁਸਾਰ ਹੜੱਪਾ ਅਤੇ ਮੋਹਿੰਜੋਦੜੋ ਦੀ ਵਿਕਸਿਤ ਸੱਭਿਅਤਾ ਸਮੇਂ ਨਾਟਕ ਹੋਂਦ ਵਿਚ ਆ ਚੁੱਕਾ ਸੀ। ਇਸ ਸਾਰੀ ਸੱਭਿਅਤਾ ਨੂੰ ਆਰੀਆ ਨਾਂ ਨੇ ਤਬਾਹ ਕਰ ਦਿੱਤਾ ਸੀ। ਮੱਧ ਕਾਲ ਵਿਚ ਪੰਜਾਬੀ ਨਾਟ-ਪਰੰਪਰਾ ਮੁਗ਼ਲਾਂ ਦੇ ਆਗਮਨ ਨਾਲ ਠੱਪ ਹੀ ਰਹੀ। 1849 ਵਿਚ ਅਮਗ੍ਰੇਜ਼ਾਂ ਦੇ ਆਉਣ ਨਾਲ ਨਾਟ-ਪਰੰਪਰਾ ਮੁੜ ਜੀਵਿਤ ਹੋਈ ਤੇ ਹੁਣ ਇਹ ਵੱਖੋ-ਵੱਖਰੇ ਪੜਾਆਂ ਤੋਂ ਨਿਕਲ ਕੇ ਅੱਜ ਅਸਮਾਨ ਛੂਹ ਰਹੀ ਹੈ।

ਪੰਜਾਬੀ ਨਾਟਕ ਦੇ ਇਸੇ ਇਤਿਹਾਸ ਨੂੰ ਪੀੜ੍ਹੀਆਂ ਦੇ ਆਧਾਰ ਉੱਤੇ ਵਰਣਨ ਕਰਨ ਦੀ ਬਜਾਏ, 'ਦੌਰ' ਦੇ ਆਧਾਰ ਤੇ ਵਰਣਨ ਕੀਤਾ ਗਿਆ ਹੈ। ਪੰਜਾਬੀ ਨਾਟਕ ਦੇ ਪ੍ਰਮੁੱਖ ਦੌਰ ਤੇ ਉਸ ਦੇ ਲੇਖਕ ਇਸ ਪ੍ਰਕਾਰ ਹਨ :

**ਪਹਿਲੇ ਦੌਰ ਦੇ ਨਾਟਕਕਾਰ :** ਆਈ. ਸੀ. ਨੰਦਾ ਈਸ਼ਵਰ ਚੰਦਰ ਨੰਦਾ ਸਹੀ ਪੰਜਾਬੀ ਨਾਟਕ ਦਾ ਪਿਤਾਮਾ ਹੈ। ਸਹਿਤਕ ਜੀਵਨ 1913 ਈ. ਵਿਚ ਮੁਕਾਬਲੇ ਦੇ ਪ੍ਰਥਮ ਇਕਾਂਗੀ ਨਾਟਕ 'ਦੁਲਹਨ' ਨਾਲ ਆਰੰਭ ਹੋਇਆ ਸੀ। ਇਸੇ ਕੜੀ ਵਿਚ ਪੁਰਸਕਾਰ ਪ੍ਰਾਪਤ ਕਰਨ ਵਾਲਾ ਦੂਜਾ ਇਕਾਂਗੀ ਨਾਟਕ 'ਬੇਬੇ ਰਾਮ ਭਜਨੀ' ਵਿਚ ਲਿਖਿਆ ਗਿਆ। ਨੰਦਾ ਦਾ ਮਿਸਿਜ਼ ਨੌਰਾ ਰਿਚਰਡਜ਼ ਦੀ ਪ੍ਰੇਰਨਾ ਹੇਠ ਪੰਜਾਬੀ ਨਾਟਕ ਨੂੰ ਨਵੀਆਂ ਲੀਹਾਂ ਤੇ ਤੋਰਿਆ। ਉਨ੍ਹਾਂ ਦੀਆਂ ਹੋਰ ਰਚਨਾਵਾਂ 'ਸੁਭੱਦਰਾ', 'ਵਰ ਘਰ', 'ਸ਼ਾਮੂ ਸਾਹ' ਅਤੇ 'ਸੋਸ਼ਲ ਸਰਕਲ', 'ਝਲਕਾਰੇ', 'ਲਿਸਕਾਰੇ' ਚਮਕਾਰੇ ਆਦਿ ਹਨ।

ਈਸ਼ਰ ਚੰਦਰ ਨੂੰ ਦਾ ਇਕ ਸਮਾਜ ਸੁਧਾਰਕ ਨਾਟਕ ਕਾਰ ਵਜੋਂ ਜਾਣਿਆ ਜਾਂਦਾ ਹੈ। ਰੰਗ ਮੰਚ ਦੇ ਪੱਖ ਤੋਂ ਨੰਦਾ ਨੇ ਸਫ਼ਲ ਨਾਟਕ ਰਚੇ ਹਨ। ਬੋਲੀ ਠੇਠ, ਮੁਹਾਵਰੇਦਾਰ, ਪੇਂਡੂ ਲਹਿਜੇ ਵਾਲੀ ਹੈ। ਆਈ. ਸੀ. ਨੰਦਾ ਸਮਾਜ ਸੁਧਾਰਕ ਰੁਚੀਆਂ ਦਾ ਨਾਟਕਕਾਰ ਹੈ।

**ਡਾ. ਹਰਚਰਨ ਸਿੰਘ :** ਡਾ. ਹਰਚਰਨ ਸਿੰਘ ਨੇ ਆਪਣੀ ਨਾਟ-ਯਾਤਰਾ ਦੀ ਸ਼ੁਰੂਆਤ ਕਮਲਾ ਕੁਮਾਰੀ ਨਾਲ ਕੀਤੀ ਸੀ। 1947 ਤੋਂ ਪਹਿਲ ਡਾ. ਹਰਚਰਨ ਸਿੰਘ 'ਰਾਜਾ ਪੋਰਸ', 'ਅਣਜੋੜ', 'ਖੇਡਣ ਦੇ ਦਿਨ' ਵਰਗੇ ਪੂਰੇ ਨਾਟਕ ਅਤੇ ਜੀਵਨ ਲੀਲਾ ਸਪਤ ਰਿਸ਼ੀ ਤੇ ਪੰਜ ਗੀਟੜਾ ਵਰਗੇ ਨਾਟਕ ਲਿਖ ਚੁੱਕਿਆ ਸੀ।ਸੰਤ ਸੰਤਾਲੀ ਤੋਂ ਮਗਰੋਂ 'ਤੇਰਾ ਘਰ ਸੋ ਮੇਰਾ ਘਰ', 'ਪੁੰਨਿਆ ਦਾ ਚੰਨ', 'ਰੱਤਾਸਾਲੂ', 'ਸ਼ੋਭਾ ਸ਼ਕਤੀ', 'ਅੱਜ ਕਲ' ਤੇ 'ਇਤਿਹਾਸ ਜਵਾਬ ਮੰਗਦਾ ਹੈ' ਨਾਟਕ ਰਚੇ ਗਏ ਹਨ। ਜਦੋਂ ਕਿ ਇਕਾਂਗੀ ਨਾਟਕਾਂ ਦੇ ਰੂਪ ਵਿਚ 'ਮੁੜ ਕੇ ਦੀ ਖੁਸ਼ਬੋ', 'ਪੰਚ ਪ੍ਰਧਾਨ' ਕਾਫ਼ੀ ਪ੍ਰਸਿੱਧ ਹੋਏ ਹਨ।

60 ਵਰਿਆਂ ਤੋਂ ਮਗਰੋਂ ਹਰਚਰਨ ਸਿੰਘ ਨੇ 'ਹਾਜੀ ਸੁਲਤਾਨ', 'ਹਿੰਦ ਦੀ ਚਾਦਰ', 'ਮਸੀਹ ਸੂਲੀ ਤੇ ਮੁਸਕਰਾਇਆ', 'ਜ਼ਫ਼ਰਨਾਮਾ' ਇਕ ਇਤਿਹਾਸ ਰੰਗਤ ਵਾਲਾ ਇਕਾਂਗੀ ਨਾਟਕ ਰਚਿਆ ਹੈ। ਨਾਟਕ ਨੂੰ ਨਿਸ਼ਚਿਤ ਦਿਸ਼ਾ ਤੇ ਉਭਾਰਨ ਉਸਾਰਨ ਤੇ ਪੇਸ਼ ਕਾਰੀ ਦੇਣ ਵਿਚ ਹਰਚਰਨ ਸਿੰਘ ਦੀ ਕਲਾ ਦਾ ਸਿੱਕਾ ਪ੍ਰਵਾਨ ਕਰਨਾ ਪੈਂਦਾ ਹੈ।

**ਸੰਤ ਸਿੰਘ ਸੇਖੋਂ :** ਸੰਤ ਸਿੰਘ ਸੇਖੋਂ ਬੋਧਿਕ ਧਾਰਾ ਸਮਾਜਵਾਦੀ ਯਥਾਰਥਵਾਦੀ ਵਾਲੀ ਹੈ। ਉਨ੍ਹਾਂ ਨੂੰ ਪਛੱਮੀ ਤੇ ਭਾਰਤੀ ਨਾਟਕ ਪਰੰਪਰਾ ਦਾ ਪੂਰਾ ਬੋਧ ਹੈ। ਉਨ੍ਹਾਂ ਦਾ ਪੂਰਾ ਨਾਟਕ ਕਲਾਕਾਰ ਹੈ। ਜਿਸ ਵਿਚ

ਉਨ੍ਹਾਂ ਨੇ ਇਕ ਮਿਥਿਹਾਸਕ ਕਹਾਣੀ ਦੀ ਓਟ ਲੈ ਕੇ ਕਲਾਕਾਰ ਦੇ ਉਦੇਸ਼ ਨੂੰ ਬੋਧਿਕ ਤੇ ਸਿਧਾਂਤਕ ਪੱਖ ਤੋਂ ਨਾਟਕ ਦਾ ਵਿਸ਼ਾ ਬਣਾਇਆ ਹੈ। ਇਸ ਤੋਂ ਪਿੱਛੋਂ ਉਨ੍ਹਾਂ ਨੇ 'ਨਾਰਕੀ', 'ਵਾਰਿਸ', 'ਭੂਮੀ ਦਾਨ', 'ਮੋਇਆਂ ਸਾਰ ਨ ਕਾਈ', 'ਬੇੜਾ ਬੰਧਾ ਸਕਿਉ', 'ਦਮਯੰਤੀ' ਅਤੇ 'ਮਿੱਤਰ ਪਿਆਰਾ' ਪੂਰੇ ਨਾਟਕ ਰਚੇ ਹਨ। ਨਾਟਕ ਕਾਰ ਸੇਖੋਂ ਰੰਗ ਮੰਚ ਦੀ ਸੀਮਾ ਨੂੰ ਅਮੀਮ ਬਣਾ ਕੇ ਦੇਖਦਾ ਹੈ।

**ਦੂਸਰੇ ਦੌਰ ਦੇ ਨਾਟਕਕਾਰ : ਗੁਰਦਿਆਲ ਸਿੰਘ ਫੁੱਲ :** ਫੁੱਲ ਨੇ ਵੰਡ ਤੋਂ ਪਹਿਲਾਂ ਵੀ ਕਈ ਨਾਟਕ ਲਿਖੇ ਪਰ ਉਸ ਦੇ ਨਾਟਕ ਵਿਚ ਨਿਖਾਰ ਵੰਡ ਤੋਂ ਬਅਦ ਹੀ ਦਿਖਾਈ ਦਿੱਤਾ। ਫੁੱਲ ਦੇ ਨਾਟਕ ਵਿਸ਼ੇ ਅਤੇ ਤਕਨੀਕ ਪੱਖੋਂ ਹਮੇਸ਼ਾ ਨਵੇਂ ਤਜ਼ਰਬੇ ਦਾ ਸੰਕੇਤ ਦਿੰਦੇ ਹਨ। ਉਨ੍ਹਾਂਦੇ ਪਹਿਲੇ ਨਾਟਕਾਂ ਵਿਚ ਉਪਭਾਵੁਕਤਾ ਸੁਧਾਰਵਾਦੀ ਅਤੇ ਆਦਰਸ਼ਵਾਦੀ ਸਵਰ ਪ੍ਰਧਾਨ ਹੁੰਦੀ ਸੀ। ਪਰ ਸਹਿਜੇ ਸਹਿਜੇ ਉਸ ਦੀ ਕਲਾ ਨੇ ਵਿਕਾਸ ਕੀਤਾ ਹੈ।'ਆਦਮੀ ਦੀ ਅਕਲ', 'ਲੱਜਿਆ', 'ਡੋਲਚੀ ਲਾਟ', ਇਕਾਂਗੀ ਵਿਚੋਂ, 'ਤਾਤੀ ਵਾਓ ਨ ਲਗਈ', 1927), 'ਅਸੀਂ ਦੂਣ ਸਵਾਏ ਹੋਏ' (1972) ਆਦਿ।

**ਸੁਰਜੀਤ ਸਿੰਘ ਸੇਠੀ (1928) :** ਸੇਠੀ ਪ੍ਰਤਿਭਾਸ਼ੀਲ ਨਾਟਕਕਾਰ ਰਿਹਾ ਹੈ ਜਿਹੜਾ ਜੀਵਨ ਦੇ ਯਥਾਰਥ ਤੇ ਆਧੁਨਿਕ ਚਿੰਤਨ ਦਾ ਸੁੰਦਰ ਸੁਮੇਲ ਕਰ ਸਕਣ ਦੀ ਸਮਰੱਥਾ ਰੱਖਦਾ ਹੈ। ਸੇਠੀ ਨਵੇਂ ਵਿਸ਼ੈ ਤੇ ਨਵੀਆਂ ਤਕਨੀਕਾਂ ਨੂੰ ਪਰੀਚਿਤ ਕਰਵਾਉਣ ਵਾਲਾ ਸਫ਼ਲ ਨਾਟਕਕਾਰ ਹੈ।ਸੁਰਜੀਤ ਸਿੰਘ ਸੇਠੀ ਊਲ ਜਲੂਲ (ਐਬਸਰਡ) ਨਾਟ ਧਾਰਾ ਦਾ ਨਾਟਕ ਕਾਰ ਹੈ। 'ਕਾਫ਼ੀ ਹਾਊਸ', 'ਮਰਦ ਮਰਦ ਨਹੀਂ ਤੀਵੀਂ ਤੀਵੀਂ ਨਹੀਂ', 'ਕਿੰਗ ਮਿਰਜਾ' ਤੇ 'ਸਪੇਰਾ', 'ਕਾਦਰਯਾਰ' ਆਦਿ ਉਸ ਦੇ ਸਫ਼ਲ ਨਾਟਕ ਹਨ।

**ਬਲਵੰਤ ਗਾਰਗੀ (1916-2003) :** ਬਲਵੰਤ ਗਾਰਗੀ ਵਿਅਕਤੀਗਤ ਰੁਮਾਂਚਵਾਦ ਤੋਂ ਚਿੰਨਵਾਦ ਵੱਲ ਯਾਤਰਾ ਕਰਦਾ ਹੈ। ਢੁੱਕਵੀਂ ਵਾਰਤਾਲਾਪ, ਵਿਸ਼ੈ ਦੀ ਸੁਚੱਜੀ ਪਕੜ੍ਹ ਤੇ ਪਾਤਰਾਂ ਦਾ ਸੁਚੱਜਾ ਚਿਤਰਨ ਉਸਦੀ ਕਲਾ ਦੇ ਮੁੱਖ ਗੁਣ ਲਛੱਣ ਹਨ। ਉਨ੍ਹਾਂ ਦੇ ਨਾਟਕ ਵਿਚ ਇਕ ਵੀ ਸ਼ਬਦ ਫ਼ਾਲਤੂ ਨਹੀਂ ਹੁੰਦਾ। ਇਸੇ ਲਈ ਬਲਵੰਤ ਗਰਗੀ ਪੰਜਾਬੀ ਦਾ ਵਿਲੱਖਣ ਨਾਟਕਕਾਰ ਹੈ।ਉਸਦੇ ਪ੍ਰਮੁੱਖ ਨਾਟਕ ਹਨ 'ਲੋਹਾ ਕੁੱਟ', 'ਕੁਆਰੀ ਟੀ ਸੀ', 'ਸੈਲ ਪੱਥਰ', 'ਸੁਲਤਨ ਰਜ਼ੀਆ', 'ਧੂੜੀ ਦੀ ਅੱਗ' ਆਦਿ।

**ਤੀਜੇ ਦੌਰ ਦੇ ਨਾਟਕਕਾਰ :**

**ਸਵਰਾਜ ਬੀਰ** ਨਾਟ ਕਲਾ ਉਸ ਨੂੰ ਕੋਸ਼ਲਤਾ ਵਿਚ ਪ੍ਰਬੀਨਤਾ ਹਾਸਿਲ ਹੈ। ਉਨ੍ਹਾਂ ਦੇ ਪ੍ਰਮੁੱਖ ਨਾਟਕ ਹਨ– 'ਧਰਮ ਗੁਰੂ' (1991), 'ਕਿਸ਼ਨ' (2001), 'ਮੇਦਨੀ' (2002), 'ਸ਼ਾਇਰੀ' (2007)।

**ਅਜਮੇਰ ਸਿੰਘ ਔਲਖ :** ਪੇਂਡੂ ਰਹਿਤਲ, ਪੇਂਡੂ ਸਮਾਜ ਦੇ ਮੂੱਲ ਵਿਧਾਨ ਤੇ ਉਹਨਾਂ ਅੰਦਰਲੇ ਅੰਤਰ ਵਿਚੋਂ ਸਹੀ ਔਲਖ ਦੇ ਨਾਟਕਾਂ ਵਿਚ ਟਕੱਰ ਦਾ ਕਾਰਜ ਕਰਦੇ ਹਨ। ਔਲਖ ਦੀ ਬੋਲੀ ਠੇਠ ਪੇਂਡੂ ਲਹਿਜੇ ਵਾਲੀ ਹੈ, ਉਹ ਰੰਗ ਮੰਚ ਦਾ ਉਸਤਾਦ, ਕਲਾਕਾਰ ਤੇ ਨਾਟਕਕਾਰ ਹੈ।ਉਨ੍ਹਾਂ ਦੇ ਪ੍ਰਮੁੱਖ ਨਾਟਕ ਹਨ 'ਹੱਡੀ ਰਚਿਆ', 'ਤੂੜੀ ਵਾਲਾ ਕੋਠਾ', 'ਬੇਗਾਨੇ ਬੋਹੜ ਦੀ ਛਾਂ', 'ਇਕ ਹੋਰ ਰਾਮਾਇਣ' ਆਦਿ।

**ਡਾ. ਆਤਰਜੀਤ :** ਡਾ. ਆਤਰਜੀਤ ਸਿੰਘ ਆਤਮਜੀਤ ਬਾਰੇ ਲਿਖਦਾ ਹੈ ਉਹ ਸਾਧਾਰਨ ਨਾਲੋਂ ਵੱਖਰੀ ਦ੍ਰਿਸ਼ਟੀ ਅਤੇ ਸਥਾਪਿਤ ਨਾਲੋਂ ਵੱਖਰੇ ਕੋਣ ਦੀ ਤਲਾਸ਼ ਕਰਨ ਵਾਲਾ ਨਾਟਕ ਕਾਰ ਹੈ।ਉਨ੍ਹਾਂ ਦੇ ਨਾਟਕ ਚਿੰਤਕ ਨੂੰ ਟੁੰਬਦੇ ਹਨ ਜਿਵੇਂ 'ਕਬਰਸਤਾਨ' (1975)' 'ਹਵਾ ਮਹਲ ਤੇ ਹੋਰ ਨਾਟਕ' (1980) ਇਸ ਕਥਨ ਦੀ ਪੁਸ਼ਟੀ ਕਰਦੇ ਹਨ।

**ਪੰਜਾਬੀ ਨਾਟਕ ਦੀਆਂ ਪ੍ਰਮੁੱਖ ਪ੍ਰਵਿਰਤੀਆਂ :** ਆਧੁਨਿਕ ਪੰਜਾਬੀ ਨਾਟਕ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ/ ਪ੍ਰਵਿਰਤੀਆਂ ਇਸ ਪ੍ਰਕਾਰ ਹਨ :

1. **ਸੁਧਾਰਵਾਦੀ ਦ੍ਰਿਸ਼ਟੀ :** ਪੰਜਾਬੀ ਸਾਹਿਤ ਦੀਆਂ ਹੋਰ ਵਿਧਾਵਾਂ ਵਾਂਗ ਪੰਜਾਬੀ ਨਾਟਕ ਦੀ ਸ਼ੁਰੂਆਤ ਵੀ ਉਸ ਦੌਰ ਵਿਚ ਹੋਈ ਜਦੋਂ ਲੇਖਕਾਂ ਵਿਚ ਸਮਾਜ ਸੁਧਾਰ ਦੀ ਧਾਰਨਾ ਸ਼ੁਰੂ ਹੋਈ ਸੀ। ਸਮਾਜ ਵਿਚੋਂ ਗ਼ਲਤ ਕਦਰਾਂ-ਕੀਮਤਾਂ ਪ੍ਰਤੀ ਵਿਦਰੋਹ, ਵਿਸ਼ਵ ਵਿਆਹ, ਔਰਤਾਂ ਦੀ ਬੇਕਦਰੀ ਜਿਹੀਆਂ ਸਮੱਸਿਆਵਾਂ, ਸਮਾਜ ਵਿਚ ਅਤਿਅੰਤ ਤੇਜ਼ੀ ਨਾਲ ਫ਼ੈਲ ਰਹੀਆਂ ਹਨ। ਇਸ ਕਾਰਨ ਲੇਖਕਾਂ ਨੇ ਸੁਧਾਰਵਾਦੀ ਰੁਚੀ ਅਧੀਨ ਨਾਟਕਾਂ ਦੀ ਸਿਰਜਣਾ ਕੀਤੀ।

2. **ਧਾਰਮਿਕ ਪ੍ਰਵਿਰਤੀ ਵਾਲੇ ਨਾਟਕ :** ਪੰਜਾਬੀ ਵਿਚ ਅਨੇਕ ਨਾਟਕ ਧਾਰਮਿਕ ਪ੍ਰਵਿਰਤੀ ਵਿਚ ਲਿਖੇ ਗਏ। ਇਸ ਪ੍ਰਵਿਰਤੀ ਦੇ ਅਧੀਨ ਨਾਟਕ 'ਪਤਿਤ ਪਾਵਨ' (ਸ਼.ਸ਼. ਅਮੋਲ) ਅਤੇ 'ਪੁੰਨਿਆ ਦਾ ਚੰਨ' (ਹਰਚਰਨ ਸਿੰਘ) ਲਿਖੇ ਗਏ। 1966 ਵਿਚ ਗੁਰੂ ਗੋਬਿੰਦ ਸਿੰਘ ਜੀ ਦੇ 300 ਸਾਲਾ ਪ੍ਰਕਾਸ਼ ਉਤਸਵ ਤੇ ਗੁਰਦਿਆਲ ਸਿੰਘ ਫੁੱਲ ਨੇ 'ਸਭ ਕਿਛੁ ਹੋਤ ਉਪਾਇ' ਨਾਟਕ ਲਿਖਿਆ। 'ਚਮਕੌਰ ਦੀ ਗੜ੍ਹੀ' 1975 ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਸ਼ਹੀਦੀ ਦਿਵਸ ਤੇ 'ਹਿੰਦ ਦੀ ਚਾਦਰ' ਨਾਟਕ ਹਰਚਰਨ ਸਿੰਘ ਨੇ ਲਿਖਿਆ।

3. **ਇਤਿਹਾਸਕ ਨਾਟਕ :** ਆਧੁਨਿਕ ਪੰਜਾਬੀ ਨਾਟਕ ਵਿਚ ਇਤਿਹਾਸ ਨੂੰ ਆਧਾਰ ਬਣਾ ਕੇ ਲਿਖੇ ਜਾਣ ਦੀ ਰੁਚੀ ਵੀ ਆਧੁਨਿਕ ਪੰਜਾਬੀ ਨਾਟਕ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਲੰਘਿਆ ਇਤਿਹਾਸ ਇਕ ਸਮੇਂ ਦਾ ਵਰਤਮਾਨ ਹੁੰਦਾ ਹੈ। ਇਸ ਲਈ ਇਤਿਹਾਸ ਭਵਿੱਖ ਦਾ ਪੱਖ ਪ੍ਰਦਰਸ਼ਕ ਹੁੰਦਾ ਹੈ। ਇਤਿਹਾਸ ਦੇ ਅਧਿਐਨ ਨਾਲ ਅਸੀਂ ਚੰਗੀਆਂ ਤੇ ਮਾੜੀਆਂ ਰੁਚੀਆਂ ਤੇ ਸੋਚਣੀਆਂ ਦੇ ਨਾਲ ਆਪਣੇ ਇਤਿਹਾਸ ਵਿਰਸੇ ਤੋਂ ਵੀ ਜਾਣੂ ਹੁੰਦੇ ਹਾਂ।

4. **ਮਿਥਿਹਾਸ ਪ੍ਰਤੀ ਨਜ਼ਰੀਆ :** ਕਿਸੇ ਕੌਮ ਦਾ ਕੀਮਤੀ ਸਰਮਾਇਆ ਹੁੰਦਾ ਹੈ। ਇਹ ਲੋਕ ਧਾਰਾ ਦਾ ਉਹ ਅੰਗ ਹੁੰਦਾ ਹੈ, ਜੋ ਸਾਧਾਰਨ ਲੋਕਾਂ ਦੇ ਜੀਵਨ ਦੇ ਕਣ-ਕਣ ਵਿਚ ਸਮਾਇਆ ਹੋਇਆ ਹੁੰਦਾ ਹੈ। ਮਿਥਿਹਾਸ ਨੂੰ ਬਹੁਤ ਸਾਰੇ ਪੰਜਾਬੀ ਨਾਟਕ ਕਾਰਾਂ ਨੇ ਆਪਣੇ ਨਾਟ ਸਿਰਜਣ ਦਾ ਅੰਗ ਵੀ ਬਣਾਇਆ। 'ਸੁਕੰਨਿਆ', 'ਪੂਰਨ', 'ਸਵਿਤ੍ਰੀ'- ਪ੍ਰੋ. ਬ੍ਰਿਜ ਲਾਲ ਸ਼ਾਸਤਰੀ ਚੰਦਰ ਹਰੀ ਦੇ ਹਨ। 'ਸੁੰਦਰੀ ਛਲ'- ਬਾਬਾ ਬੁੱਧ ਸਿੰਘ ਦਾ ਨਾਟਕ ਹੈ। 'ਕਲਾਕਾਰ' 'ਦਮਿਅੰਤੀ' - ਪ੍ਰਿ. ਸੰਤ ਸਿੰਘ ਸੇਖੋਂ ਦਾ ਨਾਟਕ ਇਸ ਪ੍ਰਵਿਰਤੀ ਅਧੀਨ ਹੈ।

5. **ਪ੍ਰਯੋਗਵਾਦੀ ਪ੍ਰਵਿਰਤੀ :** ਉੱਨਤ ਭਾਸ਼ਾ ਦੇ ਨਾਟਕਾਂ ਵਿਚ ਸਮੇਂ-ਸਮੇਂ ਤੇ ਪ੍ਰਯੋਗ ਹੁੰਦੇ ਰਹਿੰਦੇ ਹਨ। ਸਭ ਤੋਂ ਪਹਿਲਾਂ ਪ੍ਰਿ. ਸੰਤ ਸਿੰਘ ਸੇਖੋਂ ਨੇ ਆਪਣੇ ਕਾਵਿ ਇਕਾਂਗੀ 'ਬਾਬਾ ਬੋਹੜ' ਵਿਚ ਬੋਹੜ ਨੂੰ ਸਮਾਂ ਬਣਾ ਕੇ ਉਸ ਤੋਂ ਅਤੀਤ ਵਿਚ ਵਾਪਰੀਆਂ ਘਟਨਾਵਾਂ ਸੁਣਾਉਣ ਦਾ ਨਵਾਂ ਪ੍ਰਯੋਗ ਕੀਤਾ। 'ਧੂਣੀ ਦੀ ਅੱਗ' ਵਿਚ ਬਲਵੰਤ ਗਾਰਗੀ ਨੇ ਨਾਟਕਾਰ ਨੂੰ ਪਾਤਰ ਬਣਾਇਆ। 'ਸੁਲਤਾਨ ਰਜ਼ੀਆ' ਵਿਚ ਵਿਸ਼ਾਲ ਰੰਗ ਮੰਚ ਜੜਤ ਦਾ ਪ੍ਰਯੋਗ ਕੀਤਾ। ਡਾ. ਸੁਰਜੀਤ ਸਿੰਘ ਸੇਠੀ ਆਪਣੇ ਨਾਟਕਾਂ 'ਕਿੰਗ ਮਿਰਜਾ ਤੇ ਸਪੇਰਾ' 'ਮਰਦ ਮਰਦ ਨਹੀਂ ਤੀਵੀਂ ਤੀਵੀਂ ਨਹੀਂ' 'ਭਰਿਆ ਭਰਿਆ ਸੱਖਣਾ-ਸੱਖਣਾ' ਵਿਚ ਕਈ ਨਵੇਂ ਪ੍ਰਯੋਗ ਕੀਤੇ ਗਏ।

6. **ਮਨੋਵਿਗਿਆਨਕ ਯਥਾਰਥ ਦੇ ਪ੍ਰਯੋਗ :** ਇਸ ਤਰ੍ਹਾਂ ਦੇ ਨਾਟਕਾਂ ਤੇ ਵੀ ਤਜਰਬੇ ਹੋਏ ਹਨ। ਪਰਿਤੋਸ਼ ਗਾਰਗੀ ਦਾ 'ਛਲੇਡਾ' ਇਸ ਖੇਤਰ ਅੰਦਰ ਆਉਂਦਾ ਹੈ। ਡਾ. ਹਰਚਰਨ ਸਿੰਘ ਦੇ ਨਾਟਕ 'ਇਤਿਹਾਸ ਜਵਾਬ ਮੰਗਦਾ ਹੈ' ਵਿਚ ਵਜ਼ੀਰ ਖਾਂ ਦਾ ਚਰਿਤਰ ਅੰਤਰ ਕਾਬੇਂ ਦੀ ਜੁਗਤੀ ਨਾਲ ਉਸਾਰਿਆ ਹੈ।

7. **ਅੰਬਸਰਡ ਨਾਟਕ :** ਪੰਜਾਬੀ ਨਾਟਕ ਦੀ ਇਕ ਹੋਰ ਪ੍ਰਾਪਤੀ ਹੈ। ਅੰਬਸਰਡ ਨਾਟਕ, ਡਾ. ਸੁਰਜੀਤ ਸਿੰਘ ਸੇਠੀ ਨੇ ਪੰਜਾਬੀ ਵਿਚ ਅਮਬਸਰਡ ਨਾਟਕ ਲਿਖ ਕੇ ਕੁਝ ਨਵੇਂ ਪ੍ਰਯੋਗ ਕੀਤੇ, ਇਸ ਪ੍ਰਯੋਗ ਵਿਚ ਉਨ੍ਹਾਂ ਦੇ ਨਾਟਕਾਂ 'ਭਰਿਆ ਭਰਿਆ ਸੱਖਣਾ-ਸੱਖਣਾ' 'ਕਿੰਗ ਮਿਰਜ਼ਾ ਤੇ ਸਪੇਰਾ' 'ਮਰਦ ਮਰਦ ਨਹੀਂ ਤੀਵੀਂ ਤੀਵੀਂ ਨਹੀਂ' 'ਨੰਗੀ ਸੜਕ ਰਾਤ ਦਾ ਓਹਲਾ' ਆਦਿ ਦੇ ਨਾਂ ਲਏ ਜਾ ਸਕਦੇ ਹਨ।

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਨਾਟਕ ਵਿਚ ਸਮੇਂ-ਸਮੇਂ ਪ੍ਰਵਿਰਤੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਪੰਜਾਬੀ ਨਾਟਕਕਾਰਾਂ ਨੇ ਨਵੀਆਂ ਤਕਨੀਕਾਂ ਰਾਹੀਂ ਪੰਜਾਬੀ ਨਾਟਕ ਖੇਤਰ ਵਿਚ ਵਡਮੁੱਲਾਂ ਹਿੱਸਾ ਪਾਇਆ ਹੈ। ਪ੍ਰਵਿਰਤੀਆਂ ਦ੍ਰਿਸ਼ਟੀਆਂ ਤੋਂ ਸਮਕਾਲੀ ਵਿਸ਼ਵ ਦੇ ਨਾਟਕ ਨਾਲ-ਨਾਲ ਤੁਰਨ ਦਾ ਯਤਨ ਕੀਤਾ।

## 15.4 Summary (ਨਿਸ਼ਕਰਸ਼)

ਨਿਸ਼ਕਰਸ਼ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਨਾਟਕ ਦਾ ਜਨਮ 20ਵੀਂ ਸਦੀ ਦੇ ਦੂਸਰੇ ਦਾਹਕੇ ਵਿਚ, ਪੱਛਮੀ ਸਾਹਿਤ ਦੇ ਪ੍ਰਭਾਵ ਤੇ ਪ੍ਰੇਰਨਾ ਦੇ ਫਲਸਰੂਪ ਈਸ਼ਵਰ ਚੰਦਰ ਨੰਦਾ ਦੇ ਹੱਥੋਂ ਹੋਇਆ। ਪੰਜਾਬੀ ਨਾਟਕ ਦੇ ਵਿਕਾਸ ਨੂੰ ਪੰਜ ਦੌਰਾਂ ਵਿਚ ਵੰਡਿਆ ਜਾ ਸਕਦਾ ਹੈ। ਇਨ੍ਹਾਂ ਦੌਰਾਂ ਵਿਚ ਵੱਖ-ਵੱਖ ਨਾਟਕਕਾਰਾਂ ਨੇ ਵੱਖ-ਵੱਖ ਪ੍ਰਵਿਰਤੀਆਂ ਅਧੀਨ ਨਾਟਕਾਂ ਦੀ ਰਚਨਾ ਕੀਤੀ ਅਤੇ ਨਾਟਕ ਸਾਹਿਤ ਰੂਪ ਨੂੰ ਸ਼ਿਖਰਾਂ ਤੱਕ ਲੈ ਗਏ।

## 15.5 Glossary (ਔਖੇ ਸ਼ਬਦਾਂ ਦੇ ਅਰਥ)

- ਵਿਲੱਖਣ : **ਅਨੌਖਾ**
- ਪ੍ਰਵਿਰਤੀ : ਝੁਕਾਓ
- ਸੁਮੇਲ : ਇਕੱਠ

## 15.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

- ਨਾਟਕ ਸ਼ਬਦ ਦੀ ਉਤਪੱਤੀ ਅਤੇ ਵਿਕਾਸ ਪੜਾਅ ਬਾਰੇ ਜਾਣਕਾਰੀ ਦਿਉ ?
- ਪੰਜਾਬੀ ਨਾਟਕ ਦੀਆਂ ਵੱਖ-ਵੱਖ ਪ੍ਰਵਿਰਤੀਆਂ ਬਾਰੇ ਨੋਟ ਲਿਖੋ ?

## 15.7 Lesson End Exercise, Examination Oriented Questions

**(ਅਭਿਆਸ ਅਰਥ ਪ੍ਰਸ਼ਨ)**

**1. ਪੰਜਾਬੀ ਨਾਟਕ ਦਾ ਪਿਤਾਮਾ ਕੌਣ ਹੈ।**

**2. ਪਹਿਲੇ ਇਕਾਂਗੀ ਨਾਟਕ ਦਾ ਨਾਂ ਦੱਸੋ।**

3. ਪੰਜਾਬੀ ਨਾਟਕ ਦੀ ਲਕੜਦਾਦੀ ਕਿਸਨੂੰ ਕਿਹਾ ਜਾਂਦਾ ਹੈ ?

4. ਸੁਰਜੀਤ ਸਿੰਘ ਸੇਠੀ ਕਿਸ ਪ੍ਰਵਿਰਤੀ ਦਾ ਨਾਟਕਕਾਰ ਹੈ।

## 15.8 Suggested Reading ( ਸਹਾਇਕ ਪੁਸਤਕ ਸੂਚੀ)


1. ਸੀਮਾ ਸ਼ਰਮਾ, ਆਧੁਨਿਕ ਪੰਜਾਬੀ ਨਾਟਕ ਦੇ ਪਰਿਪੇਖ, ਯੂਨੀਸਟਾਰ, ਪਬਲੀਕੇਸ਼ਨ, ਮੌਹਾਲੀ, 2016.
2. ਓਪਲ ਕਮਲੇਸ਼, ਪੰਜਾਬੀ ਨਾਟਕ ਅਤੇ ਰੰਗਮੰਚ, ਪਬਲੀਕੇਸ਼ਨ ਬੀਓਰੋ, ਪੰਜਾਬੀ ਯੁਨੀਵਰਸਿਟੀ ਲੁਧਿਆਣਾ, 2004
3. ਆਤਮਜੀਤ ਨਾਟਕ ਦਾ ਨਿਰਦੇਸ਼ਨ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ 1989
4. ਡਾ. ਜਸਵਿੰਦਰ ਸਿੰਘ ਡਾ. ਮਾਨ ਸਿੰਘ ਢੀਂਡਸਾ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ।

M.A.Semester 2nd | Lesson No.16
Unit-IV | Course No: Pbi204

# ਰੰਗ ਮੰਚ

**Structure :**

16.1 Objective (ਉਦੇਸ਼)

16.2 Introduction (ਜਾਣ-ਪਛਾਣ)

16.3 Content Section (ਵਿਸ਼ਾ ਪੱਖ)

16.4 Summary (ਨਿਸ਼ਕਰਸ਼)

16.5 Glossary (ਔਖੇ ਸ਼ਬਦਾਂ ਦੇ ਅਰਥ)

16.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

16.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

16.8 Suggested Reading ( ਸਹਾਇਕ ਪੁਸਤਕ ਸੂਚੀ)

## 16.1 Objective (ਉਦੇਸ਼)

- ਇਸ ਅਧਿਆਇ ਵਿਚ ਵਿਦਿਆਰਥੀਆਂ ਨੂੰ ਪੰਜਾਬੀ ਰੰਗਮੰਚ ਬਾਰੇ ਜਾਣਕਾਰੀ ਦਿੱਤੀ ਜਾਵੇਗੀ।
- ਰੰਗਮੰਚ ਦੇ ਵੱਖ-ਵੱਖ ਵਿਕਾਸ ਪੜਾਵਾਂ ਨਾਲ ਵੀ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਜਾਵੇਗਾ।

## 16.2 Introduction (ਜਾਣ-ਪਛਾਣ)

ਰੰਗਮੰਚ ਲਈ ਅੰਗਰੇਜ਼ੀ ਵਿਚ ਥੀਏਟਰ (Theatre) ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਉਹ ਸਥਾਨ ਹੁੰਦਾ ਹੈ, ਜਿੱਥੇ ਨਾਚ, ਡਰਾਮਾ, ਚੇਲ ਆਦਿ ਵਿਖਾਏ ਜਾਂਦੇ ਹਨ। ਥੀਏਟਰ ਲਈ ਪੰਜਾਬੀ ਵਿਚ ਰੰਗਮੰਚ ਸ਼ਬਦ ਪ੍ਰਚਲਿਤ ਹੈ ਜੋ ਰੰਗ ਅਤੇ ਮੰਚ ਦੋ ਸ਼ਬਦਾਂ ਦੇ ਮਿਲਣ ਨਾਲ ਬਣਿਆ ਹੈ। ਰੰਗ ਇਸ ਲਈ ਕਿ ਦ੍ਰਿਸ਼ ਨੂੰ ਆਕਰਸ਼ਕ ਬਣਾਉਣ ਲਈ ਦੀਵਾਰਾਂ, ਛੱਤਾਂ ਅਤੇ ਪਰਦਿਆਂ ਉੱਤੇ ਵਿਵਿਧ ਪ੍ਰਕਾਰ ਦੀ ਚਿੱਤਰਕਾਰੀ ਕੀਤੀ ਜਾਂਦੀ ਹੈ ਉਤੇ ਅਦਾਕਾਰਾਂ ਦੀ ਵੇਸ਼ਭੂਸ਼ਾ ਅਤੇ ਮੇਕਅਪ ਵਿਚ ਵੀ ਵਿਵਿਧ ਰੰਗਾਂ ਦਾ ਪ੍ਰਯੋਗ ਹੁੰਦਾ ਹੈ ਉਤੇ ਮੰਚ ਇਸ ਲਈ ਕਿ ਦਰਸ਼ਕ ਦੀ ਸਹੂਲਤ ਲਈ ਰੰਗਮੰਚ ਦਾ ਪਧਰ ਫ਼ਰਸ਼ ਤੋਂ ਕੁਝ ਉੱਚਾ ਹੁੰਦਾ ਹੈ। ਦਰਸ਼ਕਾਂ ਦੇ ਬੈਠਣ ਦੇ ਸਥਾਨ ਨੂੰ ਹਾਲ ਜਾਂ ਔਡੀਟੋਰੀਅਮ ਉਤੇ ਰੰਗਮੰਚ ਸਹਿਤ ਸਮੁੱਚੇ ਭਵਨ ਨੂੰ ਰੰਗਸ਼ਾਲਾ, ਜਾਂ ਨਾਟਸ਼ਾਲਾ ਕਹਿੰਦੇ ਹਨ।

## 16.3 Content Section (ਵਿਸ਼ਾ ਪੱਖ)

ਰੰਗ ਮੰਚ ਨਾਟਕ ਦਾ ਰੂਹ ਅਤੇ ਸ਼ਰੀਰ ਵਾਲਾ ਸੰਬੰਧ ਹੈ। ਦੋਵੇਂ ਇਕ ਦੂਜੇ ਦੇ ਪੂਰਕ ਹਨ। ਦੋਹਾਂ ਦੀ ਹੋਂਦ ਇਕ ਦੂਸਰੇ ਦੀ ਹੋਂਦ ਕਾਰਨ ਹੀ ਸੰਭਵ ਹੈ।

ਰੰਗ ਮੰਚ ਕਿਸੇ ਕੌਮ ਦੀਆਂ ਭਾਵਨਾਵਾਂ, ਸੋਚਣੀਆਂ, ਕਿਰਿਆਵਾਂ ਦਾ ਸਮੁੱਚਾ ਸਭਿਆਚਾਰ ਪ੍ਰਗਟਾਵਾ ਹੁੰਦਾ ਹੈ। ਇਕ ਮਹਾਨ ਸੱਭਿਆਚਾਰਕ ਵਿਰਸੇ ਵਾਲੀ ਕੌਮ ਦਾ ਥੀਏਟਰ ਵੀ ਉੱਨਤ ਅਤੇ ਵਿਕਸਿਤ ਹੁੰਦਾ ਹੈ।

ਪੰਜਾਬੀ ਰੰਗਮੰਚ ਦੀ ਉਤਪਤੀ ਅਤੇ ਵਿਕਾਸ ਦੇ ਇਤਿਹਾਸ ਨੂੰ ਸਮਝਣ ਲਈ ਇਸਨੂੰ ਦੋ ਭਾਗਾਂ ਵਿਚ ਵੰਡ ਸਕਦੇ ਹਾਂ। ਪਹਿਲਾ ਪੂਰਵ ਸੁਤੰਤਰਤਾ ਦੇ ਕਾਲ ਦਾ ਰੰਗ ਮੰਚ ਅਤੇ ਦੂਜਾ 1947 ਤੋਂ ਬਾਅਦ ਦਾ ਰੰਗ ਮੰਚ।

**ਪੂਰਵ ਸੁਤੰਤਰਤਾ ਦੇ ਕਾਲ ਦਾ ਰੰਗ ਮੰਚ :** ਆਧੁਨਿਕ ਖੋਜ ਅਨੁਸਾਰ ਪੰਜਾਬ ਵਿਚ ਆਰਿਆ ਦੇ ਆਉਣ ਤੋਂ ਪਹਿਲਾਂ ਹੀ ਰੰਗ ਮੰਚ ਅਤੇ ਨਾਟਕ ਦੀ ਇਕ ਵਿਕਸਿਤ ਪਰੰਪਰਾ ਸੀ। ਇਹ ਗੱਲ ਮੋਹਨਜੋਦੜੋ ਅਤੇ ਹੜੱਪਾ ਦੀ ਖੁਦਾਈ ਤੋਂ ਬਾਅਦ ਸਿੱਧ ਹੋਇਆ। ਪਰ ਆਰੀਆ ਦੇਹ ਮਲਿਆਂ ਕਾਰਨ ਸਭ ਕੁਝ ਕਾਲ-ਚੱਕਰ ਦੀ ਗੋਦ ਵਿਚ ਜਾ ਪਿਆ।

ਆਰੀਆ ਕਾਲ ਵਿਚ ਸੰਸਕ੍ਰਿਤ ਨਾਟਕ ਤੇ ਰੰਗ ਮੰਚ ਵਿਕਸਿਤ ਹੋਇਆ ਅਤੇ ਮੁਸਲਮਾਨਾਂ ਦੇ ਹਮਲਿਆਂ ਅਤੇ ਇਸਲਾਮੀ ਸਭਿਆਚਾਰ ਦੇ ਪ੍ਰਭਾਵ ਅਧੀਨ ਇਹ ਪਰੰਪਰਾ ਵੀ ਅਲੋਪ ਹੋ ਗਈ। ਪਰ ਲੋਕ ਨਾਟ ਤੇ ਲੋਕ-ਮੰਚ ਆਪਣਾ ਸਰੂਪ ਹਲਕੀ ਤੌਰ ਤੁਰਿਆ ਰਿਹਾ।

ਬੰਗਾਲੀ ਭਾਸ਼ਾ ਤੇ ਸਮਾਜ ਵਿਚ ਪੰਜਾਬ ਨਾਲੋਂ ਕਾਫ਼ੀ ਚਿਰ ਪਹਿਲਾਂ ਮੰਚੀ ਪਰੰਪਰਾ ਹੋਂਦ ਵਿਚ ਆ ਗਈ ਸੀ। ਜਿਹੜੇ ਬੰਗਾਲੀ ਪੰਜਾਬ ਵਿਚ ਆਏ ਉਨ੍ਹਾਂ ਨੇ ਵੀ ਕੁਝ ਨਾਟਕ ਪੇਸ਼ ਕੀਤੇ। ਇਸ ਸਮੇਂ ਰੰਗ ਮੰਚ ਪ੍ਰਤੀ ਲੋਕਾਂ ਦਾ ਰੁਝਾਨ ਵੱਧਣ ਲੱਗ ਪਿਆ ਸੀ।

1880 ਵਿਚ ਪੰਜਾਬ ਯੁਨੀਵਰਸਿਟੀ ਲਾਹੌਰ ਦੀ ਸਥਾਪਨਾ ਕਾਲ ਅਤੇ ਗੌਰਮਿੰਟ ਕਾਲਕ ਦੇ ਹੋਂਦ ਵਿਚ ਆਉਣ ਨਾਲ ਜਿੱਥੇ ਵਿਦਿਆ ਦਾ ਪ੍ਰਸਾਰ ਵਧਿਆ ਉੱਤੇ ਅੰਗਰੇਜ਼ ਪ੍ਰੋਫੈਸਰਾਂ ਦੇ ਸੰਪਰਕ ਵਿਚ ਆਉਣ ਨਾਲ ਪੰਜਾਬੀ ਨਾਟਕ ਅਤੇ ਰੰਗ ਮੰਚ ਨੂੰ ਵੀ ਉਤਸ਼ਾਹ ਤੇ ਪ੍ਰੇਰਨਾ ਮਿਲੀ।ਅਸਲ ਵਿਚ ਆਧੁਨਿਕ ਪੰਜਾਬੀ ਰੰਗ ਮੰਚ ਅਤੇ ਨਾਟਕ ਦੀ ਪਰੰਪਰਾ ਸ਼੍ਰੀ ਮਤੀ ਨੂਰਾ ਗੀਚਰਡਜ਼ ਦੀ ਪ੍ਰੇਰਨਾ ਨਾਲ ਸਥਾਪਿਤ ਹੋਈ। ਰੰਗ ਮੰਚ ਨੂੰ ਉਤਸ਼ਾਹਿਤ ਕਰਨ ਲਈ ਉਨ੍ਹਾਂ ਨੇ ਹਰ ਸਾਲ ਨਾਟ ਮੁਕਾਬਲੇ ਕਰਵਾਉਣੇ ਸ਼ੁਰੂ ਕੀਤੇ। ਉਸ ਦੇ ਸ਼ੁਰੂਆਤੀ ਵਿਦਿਆਰਥੀਆਂ ਵਿਚੋਂ ਪੰਜਾਬੀ ਰੰਗ ਮੰਚ ਅਤੇ ਨਾਟਕ ਦਾ ਮੌਢੀ ਪ੍ਰੋ. ਆਈ. ਸੀ. ਨੰਦਾ ਦੇ ਨਾਟਕ 'ਦੁਲਹਨ' ਦੇ ਰੰਗ ਮੰਚ ਉੱਪਰ ਖੇਡੇ ਜਾਣ ਨਾਲ ਪੰਜਾਬੀ ਰੰਗ ਮੰਚ ਦੀ ਸ਼ੁਰੂਆਤ ਹੁੰਦੀ ਹੈ।

ਡਾ. ਹਰਚਰਨ ਸਿੰਘ ਅਤੇ ਉਨ੍ਹਾਂ ਦੀ ਪਤਨੀ ਸ਼੍ਰੀਮਤੀ ਧਰਮ ਕੌਰ ਨੇ ਵੀ ਪੰਜਾਬੀ ਰੰਗ ਮੰਚ ਦੀ ਸੇਵਾ ਕੀਤੀ। ਇਸ ਤਰ੍ਹਾਂ ਪੰਜਾਬੀ ਰੰਗ ਮੰਚ ਦੀ ਪਰੰਪਰਾ ਦਾ ਆਰੰਭ ਹੋਇਆ।

ਆਧੁਨਿਕ ਰੰਗ ਮੰਚ 20ਵੀਂ ਸਦੀ ਦੀ ਉਪਜ ਹੈ। 1880 ਈ. ਤੋਂ 1947 ਈ. ਤੱਕ ਪੰਜਾਬ ਦੀ ਰਾਜਧਾਨੀ ਲਾਹੌਰ ਹੀ ਰੰਗ ਮੰਚ ਦਾ ਕੇਂਦਰ ਰਹੀ।

1947 ਤੋਂ ਬਾਅਦ ਦਾ ਰੰਗ ਮੰਚ - 1947 ਤੋਂ ਬਾਅਦ ਪੰਜਾਬੀ ਰੰਗ ਮੰਚ ਦੀ ਮੁੜ ਉਸਾਰੀ ਲਈ ਇਪਟਾ ਦਾ ਯੋਗਦਾਨ ਵਿਸ਼ੇਸ਼ ਹੈ। ਇਸ ਦਾ ਇਕ ਕੇਂਦਰ ਜਲੰਧਰ ਵਿਚ ਅਤੇ ਇਕ ਬਠਿੰਡੇ ਵਿਚ ਸਥਾਪਿਤ ਹੋਇਆ। ਪਿੰਡਾਂ ਤੱਕ ਪੰਜਾਬੀ ਰੰਗ ਮੰਚ ਨੂੰ ਪਹੁੰਚਾਉਣ ਲਈ ਸਭ ਤੋਂ ਵੱਧ ਕੋਸ਼ਿਸ਼ ਇਪਟਾ ਨੇ ਹੀ ਕੀਤੀ। ਇਸ ਸੰਸਥਾ ਨਾਲ ਸੰਬੰਧਿਤ ਬਲਵੰਤ ਗਾਰਗੀ ਸੀ।

ਪੰਜਾਬੀ ਰੰਗ ਮੰਚ ਦੇ ਵਿਕਾਸ ਲਈ ਦਿੱਲੀ ਵਿਚ ਗੁਰਦਿਆਲ ਸਿੰਘ ਖੋਸਲਾ ਨੇ ਵੀ ਵਿਸ਼ੇਸ਼ ਯਤਨ ਕੀਤੇ। 1998 ਈ. ਵਿਚ ਖੋਸਲਾ ਨੇ ਨਾਟਕ ਉਤਸਵ ਮਨਾਉਣ ਦੀ ਪਹਿਲ ਕੀਤੀ ਅਤੇ ਦਿੱਲੀ ਵਿਚ ਪੰਜਾਬੀ

ਥੀਏਟਰ ਨਾਂ ਦਾ ਇਕ ਨਾਟਕੀ ਢੋਲ ਬਣਾਇਆ। ਇਸ ਸੰਸਥਾ ਨੇ ਪੰਜਾਬੀ ਰੰਗ ਮੰਚ ਦੀ ਪੇਸ਼ਕਾਰੀ ਨੂੰ ਕੌਮੀ ਪੱਧਰ ਤੇ ਸਥਾਪਿਤ ਕਰਨ ਲਈ ਖਾਸ ਯਤਨ ਕੀਤੇ। ਜਿਸ ਵਿਚ ਸ਼ੀਲਾ ਭਾਟੀਆ ਨੇ ਵਿਸੇਸ਼ ਯੋਗਦਾਨ ਦਿੱਤਾ।

ਪੰਜਾਬ ਅੰਦਰ ਅਮਨ ਲਹਿਰ ਨੇ 1955–56 ਵਿਚ ਪੰਜਾਬੀ ਰੰਗ ਮੰਚ ਨੂੰ ਹਰਮਨ ਪਿਆਰਾ ਬਨਾਉਣ ਦਾ ਉਪਰਾਲਾ ਕੀਤਾ। ਇਸ ਲਹਿਰ ਦੇ ਪ੍ਰਭਾਵ ਅਧੀਨ ਬਲਵੰਤ ਗਾਰਗੀ ਦਾ 'ਘੁੱਗੀ', ਸੰਤ ਸਿੰਘ ਸੇਖੋਂ ਦਾ 'ਸੰਦੇਸ਼' ਅਤੇ ਤੇਗ ਸਿੰਘ ਚੰਨ ਦਾ 'ਅਮਰ ਪੰਜਾਬ' ਨਾਟਕ ਖੇਡੇ ਗਏ।

ਪੰਜਾਬੀ ਥੀਏਟਰ ਦੁਆਰਾ 1964 ਵਿਚ ਰੰਗ ਮੰਚ ਦੀ Golden Jublee ਮਨਾਈ ਗਈ। 1914–67 ਤੱਕ 50 ਸਾਲ ਦੇ ਪੰਜਾਬੀ ਰੰਗ ਮੰਚ ਦੀ ਉਮਰ ਹੋ ਜਾਣ ਤੇ ਪੂਰੇ ਦਸ ਦਿਨ ਪੂਰਾ ਹਾਊਸ ਦਿੱਲੀ ਵਿਚ ਪੰਜਾਬੀ ਨਾਟਕ ਖੇਡੇ ਗਏ। 1966 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਨਾਟਕ ਵਿਭਾਗ ਦੀ ਸਥਾਪਨਾ ਕੀਤੀ ਗਈ। ਇਸ ਦਾ ਮੰਤਵ ਪੰਜਾਬੀ ਰੰਗ ਮੰਚ ਨੂੰ ਵਿਕਸਿਤ ਕਰਨਾ ਸੀ।

ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਰੰਗ ਮੰਚ ਸਰਗਰਮੀਆਂ ਨੂੰ ਜਾਰੀ ਰੱਖਣ ਵਿਚ ਪੰਜਾਬੀ ਕਲਾ ਕੇਂਦਰ ਨੇ ਸ਼ਲਾਘਾਯੋਗ ਹਿੱਸਾ ਪਾਇਆ। ਇਸ ਦੀ ਸਥਾਪਨਾ 1979 ਵਿਚ ਹੋਈ।

## 16.4 Summary (ਨਿਸ਼ਕਰਸ਼)

ਨਿਸ਼ਕਰਸ਼ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਰੰਗਮੰਚ ਵਰਗੀ ਕੋਮਲ ਕਲਾ ਆਪਣੀਆਂ ਸਮਕਾਲੀ ਪ੍ਰਸਥਿਤੀਆਂ (ਸਮਾਜਿਕ ਓਤੇ ਰਾਜਨੀਤਿਕ) ਤੋਂ ਬਹੁਤ ਪ੍ਰਭਾਵਿਤ ਹੁੰਦੀ ਹੈ। ਅੱਜ ਪੰਜਾਬੀ ਰੰਗਮੰਚ ਆਪਣੇ ਸ਼ਿਖਰ ਉੱਤੇ ਪਹੁੰਚ ਚੁੱਕਾ ਹੈ। ਸੰਤਾਲੀ ਦਵਿੰਡ, 1977 ਦੀ ਐਮਰਜੈਂਸੀ, 1978 ਤੋਂ 1992 ਦੇ ਅੱਤਵਾਦੀ ਸੰਕਟ ਅਤੇ ਬਾਅਦ ਵਿਚ ਉਪਗਰਹਿ ਚੈਨਲ ਦੇ ਹੜ੍ਹ ਵਰਗੇ ਸੰਕਟ ਦਾ ਸਾਹਮਣਾ ਕਰਕੇ ਇਸ ਨੇ ਆਪਣੀ ਸ਼ਕਤੀ ਤੇ ਸਮਰੱਥਾ ਦਾ ਪ੍ਰਮਾਣ ਦਿੱਤਾ ਹੈ।

## 16.5 Glossary (ਔਖੇ ਸ਼ਬਦਾਂ ਦੇ ਅਰਥ)

- ਸਮੁੱਚਾ – ਪੂਰਾ
- ਅਲੋਪ – ਗਾਇਬ
- ਸ਼ੁਰੂਆਤ – ਆਰੰਭ
- ਸ਼ਲਾਘਾਯੋਗ – Praiseworthy

## 16.6 SAQ/CYP/Possible (ਵਸਤੂ ਨਿਸ਼ਠ ਪ੍ਰਸ਼ਨੋਤਰੀ)

- ਪੰਜਾਬੀ ਰੰਗਮੰਚ ਦੇ ਵਿਕਾਸ ਪੜਾਵਾਂ ਬਾਰੇ ਵਿਸਤਾਰ ਸਹਿਤ ਚਰਚਾ ਕਰੋ ?
- ਇਪਟਾ ਦੀ ਸਥਾਪਨਾ ਕਦੋਂ ਅਤੇ ਕਿੱਥੇ ਹੋਈ ?

## 16.7 Lesson End Exercise, Examination Oriented Questions

### (ਅਭਿਆਸ ਅਰਥ ਪ੍ਰਸ਼ਨ)

**1. ਆਧੁਨਿਕ ਰੰਗਮੰਚ ਕਿਹੜੀ ਸਦੀ ਦੀ ਉਪਜ ਹੈ।**

**2. ਬਲਵੰਤ ਗਾਰਗੀ ਦਾ ਸੰਬੰਧ ਕਿਸ ਸੰਸਥਾ ਨਾਲ ਸੀ।**

**3. ਚੰਡੀਗੜ੍ਹ ਵਿੱਖੇ ਪੰਜਾਬੀ ਕਲਾ ਕੇਂਦਰ ਦੀ ਸਥਾਪਨਾ ਕਦੋਂ ਹੋਈ।**

## 16.8 Suggested Reading (ਸਹਾਇਕ ਪੁਸਤਕ ਸੂਚੀ)

1. ਡਾ. ਐਸ. ਐਨ. ਸੇਵਕ. ਓਤਰ ਆਧੁਨਿਕਤਾ ਦਾ ਪੰਜਾਬੀ ਰੰਗਮੰਚ, ਪ੍ਰਗਤੀ ਤੇ ਪਛਾਣ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ (1998)

2. ਸੀਮਾ ਸ਼ਰਮਾ, ਆਧੁਨਿਕ ਪੰਜਾਬੀ ਨਾਟਕ ਦੇ ਬਦਲਦੇ ਪਰਿਪੇਖ, ਮੋਹਾਲੀ ਯੂਨੀਸਟਾਰ ਪਬਲੀਕੇਸ਼ਨ 2016

3. ਡਾ. ਜਸਵਿੰਦਰ ਸਿੰਘ ਡਾ. ਮਾਨ ਸਿੰਘ ਢੀਂਡਸਾ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ।